Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ
ਘਰ ਖਰੀਦਣ
ਲਈ ਸੰਪਰਕ ਕਰੋ।



RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 911, 18 to 24 June, 2026, Ph: 916-320-9444, E-mail: punjabmailusa@yahoo.com, Web: punjabmailusa.com

## ਸ੍ਰੀ ਅਕਾਲ ਤਖਤ ਸਾਹਿਬ ਨੇ ਮੁੱਖ ਮੰਤਰੀ ਮਾਨ ਨੂੰ ਖਾਲਸਾ ਪੰਥ ਵਿਰੋਧੀ ਐਲਾਨਿਆ

**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਅਕਾਲ ਤਖ਼ਤ ਸਾਹਿਬ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਗੁਰੂ ਦੋਖੀ ਅਤੇ ਖਾਲਸਾ ਪੰਥ ਵਿਰੋਧੀ ਐਲਾਨ ਦਿੱਤਾ ਹੈ। ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਵਿਚ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਫਸੀਲ ਤੋਂ ਇਹ ਐਲਾਨ ਕੀਤਾ ਕਿ ਗੁਰੂ ਖਾਲਸਾ ਪੰਥ, ਸਮੂਹ ਨਾਨਕ ਨਾਮ ਲੇਵਾ ਸੰਗਤ ਇਨ੍ਹਾਂ ਨੂੰ ਮੂੰਹ ਨਾ ਲਗਾਉਣ। ਜਥੇਦਾਰ ਨੇ ਕਿਹਾ ਕਿ ਜਦੋਂ ਮੁੱਖ ਮੰਤਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ ਸੀ, ਤਾਂ ਉਨ੍ਹਾਂ ਨੇ ਖੁਦ ਮੁੱਖ ਮੰਤਰੀ ਨੂੰ ਪੁੱਛਿਆ ਸੀ ਕਿ ਇਹ ਵੀਡੀਓ ਉਨ੍ਹਾਂ ਦੀ ਹੈ, ਤਾਂ ਉਸ ਨੇ ਕਿਹਾ ਕਿ ਇਹ ਨਕਲੀ ਹੈ ਅਤੇ ਏ.ਆਈ. ਨਾਲ ਤਿਆਰ ਕੀਤੀ ਗਈ ਹੈ। ਫਿਰ ਅਸੀਂ ਕਿਹਾ ਕਿ ਤੁਸੀਂ ਦੋ ਲੈਬਾਂ ਸਾਨੂੰ ਦੱਸੋ, ਜਿਸ ਤੋਂ ਜਾਂਚ ਕਰਵਾਈ ਜਾ ਸਕੇ, ਤਾਂ ਉਨ੍ਹਾਂ ਕਿਹਾ ਕਿ ਦੱਸ ਦੇਵਾਂਗੇ ਜਾਂ ਤੁਸੀਂ ਆਪ ਕਰਵਾ ਲਵੋ। ਇਸ ਉਪਰੰਤ ਪੱਤਰਕਾਰਾਂ ਸਾਹਮਣੇ ਵੀ ਮਾਨ ਨੇ ਕਿਹਾ ਕਿ ਵੀਡੀਓ ਨਕਲੀ ਹੈ, ਸਿੰਘ ਸਾਹਿਬ ਜਿੱਥੋਂ ਮਾਰਜ਼ੀ ਜਾਂਚ ਕਰਵਾ ਲੈਣ। ਅਸੀਂ ਅਕਾਲ ਤਖਤ ਤੋਂ 27 ਜਨਵਰੀ 2026 ਨੂੰ ਪੰਜਾਬ ਸਰਕਾਰ ਨੂੰ ਚਿੱਠੀ ਭੇਜ ਕੇ ਲੈਬਾਂ ਬਾਰੇ ਦੱਸਣ ਦੀ ਮੰਗ ਕੀਤੀ। ਪਰ ਅੱਜ ਤੱਕ ਸਰਕਾਰ ਨੇ ਜਵਾਬ ਨਹੀਂ ਦਿੱਤਾ ਤੇ ਨਾ ਹੀ ਲੈਬ ਦਾ ਨਾਮ ਦੱਸਿਆ। ਜਥੇਦਾਰ ਨੇ ਕਿਹਾ ਕਿ ਦੁਨੀਆਂ ਦੀ ਕੋਈ ਸਰਕਾਰ ਹੋਵੇ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਝੁਕਾਅ ਨਹੀਂ ਸਕਦੀ।

■ ਬਾਕੀ ਖਬਰ ਸਫਾ 20 ’ਤੇ

### ■ ਸਾਰੇ ਸਿੱਖ ਵਿਧਾਇਕ ਸ੍ਰੀ ਅਕਾਲ ਤਖਤ ਵਿਖੇ ਤਲਬ



### ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 20 ਜੂਨ ਨੂੰ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੀਤੇ ਘਟਨਾਕ੍ਰਮ ਤੋਂ ਤੁਰੰਤ ਬਾਅਦ ਅੰਤ੍ਰਿੰਗ ਕਮੇਟੀ ਦੀ ਉਚੇਚੀ ਮੀਟਿੰਗ 20 ਜੂਨ ਨੂੰ ਸੱਦ ਲਈ ਹੈ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਇਸ ਵੇਲੇ ਅਮਰੀਕਾ ਦੌਰੇ ’ਤੇ ਹਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੰਤ੍ਰਿੰਗ ਕਮੇਟੀ ਦੀ ਉਚੇਚੀ ਇਕੱਤਰਤਾ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਅੰਮ੍ਰਿਤਸਰ ਵਿਚ 20 ਜੂਨ ਨੂੰ ਦੁਪਹਿਰ 12 ਵਜੇ ਬੁਲਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਕੱਤਰਤਾ ਸਬੰਧੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਮੈਂਬਰ ਸਾਹਿਬਾਨ ਨੂੰ ਪੱਤਰ ਭੇਜ ਦਿੱਤੇ ਗਏ ਹਨ।

## ਜੁਲਾਈ 2026 ਵੀਜ਼ਾ ਬੁਲੇਟਿਨ: ਪਰਿਵਾਰਕ ਗ੍ਰੀਨ ਕਾਰਡ ਸ਼੍ਰੇਣੀਆਂ ’ਚ ਵੱਡੀ ਹਲਚਲ, ਕਈ ਕੈਟਾਗਰੀਆਂ ਅੱਗੇ ਵਧੀਆਂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਮੰਤਰਾਲੇ (ਡਿਪਾਰਟਮੈਂਟ ਆਫ ਸਟੇਟ) ਵੱਲੋਂ ਜਾਰੀ ਕੀਤੇ ਗਏ ਜੁਲਾਈ 2026 ਵੀਜ਼ਾ ਬੁਲੇਟਿਨ ਨੇ ਲੱਖਾਂ ਪਰਿਵਾਰਾਂ ਲਈ ਨਵੀਂ ਉਮੀਦ ਜਗਾਈ ਹੈ। ਖ਼ਾਸ ਕਰਕੇ ਪਰਿਵਾਰ-ਆਧਾਰਿਤ ਇਮੀਗ੍ਰੇਸ਼ਨ ਸ਼੍ਰੇਣੀਆਂ ਵਿਚ ਕਈ ਮਹੱਤਵਪੂਰਨ ਤਰੀਖਾਂ ਅੱਗੇ ਵਧੀਆਂ ਹਨ, ਜਿਸ ਨਾਲ ਕਈ ਅਰਜ਼ੀਦਾਰ ਆਪਣੇ ਗ੍ਰੀਨ ਕਾਰਡ ਦੇ ਹੋਰ ਨੇੜੇ ਪਹੁੰਚ ਗਏ ਹਨ। ਇਹ ਬੁਲੇਟਿਨ ਉਨ੍ਹਾਂ ਪਰਿਵਾਰਾਂ ਲਈ ਬਹੁਤ ਮਹੱਤਵਪੂਰਨ ਹੈ, ਜੋ ਸਾਲਾਂ ਤੋਂ ਆਪਣੇ ਕੇਸਾਂ ਦੇ ਅੱਗੇ ਵਧਣ ਦੀ ਉਡੀਕ ਕਰ ਰਹੇ ਹਨ।

ਵੀਜ਼ਾ ਬੁਲੇਟਿਨ ਵਿਚ ਦੋ ਮੁੱਖ ਚਾਰਟ ਹੁੰਦੇ ਹਨ। ਪਹਿਲਾ ਫਾਈਨਲ ਐਕਸ਼ਨ ਡੇਟਸ ਅਤੇ ਦੂਜਾ ਡੇਟਸ ਫਾਰ ਫਾਈਲਿੰਗ। ਫਾਈਨਲ ਐਕਸ਼ਨ ਡੇਟ ਉਹ ਤਰੀਖ ਹੈ, ਜਿੱਥੇ ਗ੍ਰੀਨ ਕਾਰਡ ਜਾਰੀ ਕੀਤਾ ਜਾ ਸਕਦਾ ਹੈ, ਜਦਕਿ ਡੇਟਸ ਫਾਰ ਫਾਈਲਿੰਗ ਅਰਜ਼ੀਦਾਰਾਂ ਨੂੰ ਦਸਤਾਵੇਜ਼ ਜਮ੍ਹਾਂ ਕਰਵਾਉਣ ਅਤੇ ਪ੍ਰਕਿਰਿਆ ਸ਼ੁਰੂ ਕਰਨ ਦੀ ਇਜਾਜ਼ਤ ਦਿੰਦੀ ਹੈ।




ਸਭ ਤੋਂ ਵੱਡੀ ਖ਼ਬਰ **F2A** ਸ਼੍ਰੇਣੀ ਤੋਂ ਆਈ ਹੈ, ਜਿਸ ਵਿਚ ਗ੍ਰੀਨ ਕਾਰਡ ਹੋਲਡਰਾਂ ਦੇ ਪਤੀ-ਪਤਨੀ ਅਤੇ 21 ਸਾਲ ਤੋਂ ਘੱਟ ਉਮਰ ਦੇ ਬੱਚੇ ਸ਼ਾਮਲ ਹੁੰਦੇ ਹਨ। ਜੁਲਾਈ 2026 ਵਿਚ **F2A** ਦੀ ਫਾਈਨਲ ਐਕਸ਼ਨ ਡੇਟ 1 ਜਨਵਰੀ 2025 ’ਤੇ ਕਾਇਮ ਹੈ, ਜਦਕਿ ਡੇਟਸ ਫਾਰ ਫਾਈਲਿੰਗ ਵਿਚ ਇਹ ਸ਼੍ਰੇਣੀ ਪੂਰੀ ਤਰ੍ਹਾਂ **Current** ਹੈ। ਇਸ ਦਾ ਮਤਲਬ ਹੈ ਕਿ ਬਹੁਤ ਸਾਰੇ ਪਰਿਵਾਰ ਆਪਣੀ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਤੇਜ਼ੀ ਨਾਲ ਅੱਗੇ ਵਧਾ ਸਕਣਗੇ।

ਅਮਰੀਕੀ ਨਾਗਰਿਕਾਂ ਦੇ ਅਣਵਿਆਹੇ ਪੁੱਤਰਾਂ ਅਤੇ ਧੀਆਂ ਲਈ **F1** ਸ਼੍ਰੇਣੀ ਵਿਚ ਵੀ ਅੱਗੇ ਵਾਧਾ ਦੇਖਣ ਨੂੰ ਮਿਲਿਆ ਹੈ। ਭਾਰਤ ਅਤੇ ਬਾਕੀ ਦੁਨੀਆਂ ਲਈ ਫਾਈਨਲ ਐਕਸ਼ਨ ਡੇਟ ਹੁਣ 1 ਫਰਵਰੀ 2018 ਹੋ ਗਈ ਹੈ, ਜਦਕਿ ਜੂਨ 2026 ਵਿਚ ਇਹ 1 ਸਤੰਬਰ 2017 ਸੀ। ਇਸ ਤਰ੍ਹਾਂ ਲਗਭਗ ਪੰਜ ਮਹੀਨਿਆਂ ਦੀ ਤਰੱਕੀ ਹੋਈ ਹੈ।

**F2B** ਸ਼੍ਰੇਣੀ, ਜਿਸ ਵਿਚ ਗ੍ਰੀਨ ਕਾਰਡ ਹੋਲਡਰਾਂ ਦੇ 21 ਸਾਲ ਤੋਂ ਵੱਧ ਉਮਰ ਦੇ ਅਣਵਿਆਹੇ ਪੁੱਤਰ ਅਤੇ ਧੀਆਂ ਆਉਂਦੇ ਹਨ, ਵਿਚ ਵੀ ਅੱਗੇ ਵਧਣ ਦੀ ਖ਼ਬਰ ਹੈ। ਇਸ ਦੀ ਫਾਈਨਲ ਐਕਸ਼ਨ ਡੇਟ ਹੁਣ 22 ਨਵੰਬਰ 2017 ਹੋ ਗਈ ਹੈ, ਜਦਕਿ ਜੂਨ ਵਿਚ ਇਹ 22 ਸਤੰਬਰ 2017 ਸੀ। ਇਸ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਰਾਹਤ ਮਿਲੇਗੀ।

ਅਮਰੀਕੀ ਨਾਗਰਿਕਾਂ ਦੇ ਵਿਆਹੇ ਪੁੱਤਰਾਂ ਅਤੇ ਧੀਆਂ ਲਈ **F3** ਸ਼੍ਰੇਣੀ ਵੀ ਅੱਗੇ ਵਧੀ ਹੈ। ਜੁਲਾਈ 2026 ਵਿਚ ਫਾਈਨਲ ਐਕਸ਼ਨ ਡੇਟ 15 ਅਪ੍ਰੈਲ 2012 ਤੱਕ ਪਹੁੰਚ ਗਈ ਹੈ, ਜੋ ਜੂਨ ਦੀ 15 ਫਰਵਰੀ 2012 ਤਰੀਖ ਨਾਲੋਂ ਦੋ ਮਹੀਨੇ ਅੱਗੇ ਹੈ।

■ ਬਾਕੀ ਖਬਰ ਸਫਾ 2 ’ਤੇ

## ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਕੈਨੇਡਾ ਤੇ ਅਮਰੀਕਾ ਦੀਆਂ 2 ਗੁਰਦੁਆਰਾ ਕਮੇਟੀਆਂ ਖਿਲਾਫ਼ ਸਖਤ ਕਾਰਵਾਈ

**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਅਕਾਲ ਤਖ਼ਤ ’ਚ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਵਿਦੇਸ਼ ਨਾਲ ਸਬੰਧਿਤ ਦੋ ਮਾਮਲੇ ਵੀ ਵਿਚਾਰੇ ਗਏ ਹਨ ਅਤੇ ਦੋਵਾਂ ਮਾਮਲਿਆਂ ਵਿਚ ਗੁਰਦੁਆਰਿਆਂ ਦੇ ਪ੍ਰਬੰਧਕਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਕੈਨੇਡਾ ਦੇ ਮੈਨੀਟੋਬਾ ਦੇ ਵਿਨੀਪੈਗ ਸਥਿਤ ਗੁਰਦੁਆਰਾ ਵਿਨੀਪੈਗ ਸਾਊਥ ਸਿੱਖ ਸੈਂਟਰ, ਵਿਲਕਸ ਐਵੇਨਿਊ ਦੀ ਪ੍ਰਬੰਧਕ ਕਮੇਟੀ ਦਾ ਸਿੱਖ ਰਹਿਤ ਮਰਿਆਦਾ ਮੁਤਾਬਕ ਪ੍ਰਬੰਧ ਨਾ ਚਲਾਉਣ ਸਬੰਧੀ ਮਾਮਲਾ ਵਿਚਾਰਿਆ ਗਿਆ, ਜਿਸ ’ਤੇ ਵਿਚਾਰ ਕਰਨ ਉਪਰੰਤ ਪੰਜ ਸਿੰਘ ਸਾਹਿਬਾਨ ਵੱਲੋਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਿਸ਼ਾਨ ਸਿੰਘ ਸਮੇਤ ਰਜਿੰਦਰ ਸਿੰਘ, ਮਲਕੀਤ ਸਿੰਘ, ਮੋਹਨ ਸਿੰਘ, ਨਵਦੀਪ ਸਿੰਘ, ਬਲਜਿੰਦਰ ਸਿੰਘ, ਕੁਲਵਿੰਦਰ ਸਿੰਘ, ਰਸ਼ਪਾਲ ਸਿੰਘ, ਪ੍ਰਦੀਪ ਸਿੰਘ ਅਤੇ ਪੰਜ ਮੈਂਬਰੀ ਕਮੇਟੀ ਦੇ ਅਮਰਜੀਤ ਸਿੰਘ, ਕਿਰਨਪਾਲ ਸਿੰਘ, ਸੁਖਜਿੰਦਰ ਸਿੰਘ, ਹਰਪਾਲ ਸਿੰਘ ਤੇ ਚਰਨਜੀਤ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਹੈ।



### ■ ਗੁਰਦੁਆਰਾ ਵਿਨੀਪੈਗ ਸਾਊਥ ਸਿੱਖ ਸੈਂਟਰ ਦੀ ਪ੍ਰਬੰਧਕ ਕਮੇਟੀ ਤਨਖਾਹੀਆ ਕਰਾਰ

ਇੱਕ ਹੋਰ ਮਾਮਲੇ ਵਿਚ ਅਮਰੀਕਾ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ, ਸਿੱਖ ਸੁਸਾਇਟੀ ਆਫ ਅਪਸਟੇਟ, ਸਾਊਥ ਕੈਰੋਲੀਨਾ, ਡੰਕਨ ਦੀ ਪ੍ਰਬੰਧਕ ਕਮੇਟੀ ਖਿਲਾਫ ਕਾਰਵਾਈ ਕੀਤੀ ਗਈ ਹੈ। ਇਥੇ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਪੰਥ ਦੀਆਂ ਮਹਾਨ ਸ਼ਖਸੀਅਤਾਂ ਦੀਆਂ ਤਸਵੀਰਾਂ ਦਾ ਅਪਮਾਨ ਕੀਤਾ ਗਿਆ ਤੇ ਉਨ੍ਹਾਂ ਬਾਰੇ ਭੱਦੀ ਸ਼ਬਦਾਵਲੀ ਵਰਤੀ ਗਈ ਹੈ। ਇਸ ਕਾਰਨ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਸਰਬਪ੍ਰੀਤ ਸਿੰਘ ਸਾਬਕਾ ਸਕੱਤਰ, ਰਾਜ ਸਿੰਘ ਚੇਅਰਪਰਸਨ, ਮਨਜੀਤ ਕੌਰ ਟਰੱਸਟੀ ਅੰਮ੍ਰਿਤਪਾਲ ਸਿੰਘ ਟਰੱਸਟੀ, ਸਵਰਨ ਸਿੰਘ ਟਰੱਸਟੀ, ਸੋਹਨ ਸਿੰਘ ਟਰੱਸਟੀ, ਜਸਵਿੰਦਰ ਸਿੰਘ ਟਰੱਸਟੀ ਅਤੇ ਰਜਿੰਦਰ ਸਿੰਘ ਟਰੱਸਟੀ ਨੂੰ ਗੁਰਦੁਆਰਾ ਸਾਹਿਬ ਦੀ ਸੇਵਾ ਤੋਂ ਅਯੋਗ ਕਰਾਰ ਦਿੱਤਾ ਗਿਆ ਹੈ, ਜਦੋਂ ਤੱਕ ਇਹ ਅਕਾਲ ਤਖਤ ਵਿਖੇ ਹਾਜ਼ਰ ਹੋ ਕੇ ਸਪੱਸ਼ਟੀਕਰਨ ਨਹੀਂ ਦਿੰਦੇ, ਉਸ ਵੇਲੇ ਤੱਕ ਪੰਥ ਇਨ੍ਹਾਂ ਨੂੰ ਸਹਿਯੋਗ ਨਾ ਦੇਵੇ।

■ ਬਾਕੀ ਖਬਰ ਸਫਾ 20 ’ਤੇ

## ਵਿਵਾਦਤ ਵੀਡੀਓ ਮਾਮਲਾ: ਮੁੱਖ ਮੰਤਰੀ ਭਗਵੰਤ ਮਾਨ ਦੇ ਅਸਤੀਫੇ ਦੀ ਮੰਗ ਨੇ ਜ਼ੋਰ ਫੜਿਆ

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕਥਿਤ ਵਿਵਾਦਿਤ ਵੀਡੀਓ ਦੇ ਮਾਮਲੇ ਸਬੰਧੀ ਸ੍ਰੀ ਅਕਾਲ ਤਖਤ ਤੋਂ ਕੀਤੀ ਕਾਰਵਾਈ ਤੋਂ ਬਾਅਦ ਮੁੱਖ ਮੰਤਰੀ ਦੇ ਅਸਤੀਫੇ ਦੀ ਮੰਗ ਜ਼ੋਰ ਫੜਨ ਲੱਗ ਪਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਤੋਂ ਅਸਤੀਫੇ ਦੀ ਮੰਗ ਕਰਦਿਆਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੁੱਜੀਆਂ ਸ਼ਿਕਾਇਤਾਂ ਦੀ ਗੰਭੀਰਤਾ ਨੂੰ ਵੇਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਦੇਸ਼ ਦੀਆਂ ਨਾਮੀ ਲੈਬ ਤੋਂ ਕਰਵਾਈ ਜਾਂਚ ਵਿਚ ਵੀਡੀਓ ਅਸਲ ਸਾਬਤ ਹੋਏ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਦਾ ਅਹੁਦਾ ਬਹੁਤ ਹੀ ਜ਼ਿੰਮੇਵਾਰੀ ਅਤੇ ਮਰਿਆਦਾ ਵਾਲਾ ਹੈ। ਹੁਣ ਜਦੋਂ ਜਾਂਚ ਦੌਰਾਨ ਇਹ ਵੀਡੀਓ ਅਸਲ ਅਤੇ ਪ੍ਰਮਾਣਿਕ ਸਾਬਤ ਹੋਈ ਹੈ, ਤਾਂ ਨੈਤਿਕਤਾ ਦੇ ਆਧਾਰ ’ਤੇ ਮੁੱਖ ਮੰਤਰੀ ਨੂੰ ਤੁਰੰਤ ਆਪਣਾ ਅਹੁਦਾ ਛੱਡ ਦੇਣਾ ਚਾਹੀਦਾ ਹੈ।

### ■ ਸ੍ਰੀ ਅਕਾਲ ਤਖਤ ਦੇ ਹੁਕਮਾਂ ਤੋਂ ਬਾਅਦ ਨੈਤਿਕਤਾ ਦੇ ਆਧਾਰ ’ਤੇ ਮੰਗਿਆ ਅਸਤੀਫਾ


ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦਾ ਸਤਿਕਾਰ ਕਰਨਾ ਹਰ ਸਿੱਖ ਅਤੇ ਜਨਤਕ ਜੀਵਨ ਨਾਲ ਜੁੜੇ ਵਿਅਕਤੀ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਕਿਸੇ ਵੀ ਤਰ੍ਹਾਂ ਦੀ ਰਾਜਨੀਤਕ ਰੰਗਤ ਦੇਣ ਦੀ ਬਜਾਏ ਸੱਚਾਈ ਅਤੇ ਜਵਾਬਦੇਹੀ ਦੇ ਅਸੂਲਾਂ ਦੇ ਆਧਾਰ ’ਤੇ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿਚ ਜਨਤਕ ਅਹੁਦਿਆਂ ’ਤੇ ਬੈਠੇ ਵਿਅਕਤੀਆਂ ਤੋਂ ਉੱਚ ਨੈਤਿਕ ਮਾਪਦੰਡਾਂ ਦੀ ਉਮੀਦ ਕੀਤੀ ਜਾਂਦੀ ਹੈ।

■ ਬਾਕੀ ਖਬਰ ਸਫਾ 20 ’ਤੇ

## ਇਸ ਮਹੀਨੇ ਹਜ਼ਾਰ ਕਰੋੜ ਦਾ ਹੋਰ ਕਰਜ਼ਾ ਚੁੱਕੇਗੀ ਪੰਜਾਬ ਸਰਕਾਰ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਚਾਲੂ ਵਿੱਤੀ ਸਾਲ 2026-27 ਵਿੱਚ ਇਸ ਮਹੀਨੇ ਇਕ ਹਜ਼ਾਰ ਕਰੋੜ ਰੁਪਏ ਦਾ ਨਵਾਂ ਕਰਜ਼ਾ ਲਏਗੀ। ਇਸ ਤੋਂ ਪਹਿਲਾਂ ਸੂਬਾ ਸਰਕਾਰ ਚਲੰਤ ਵਿੱਤੀ ਸਾਲ ਦੇ ਪਹਿਲੇ ਦੋ ਮਹੀਨਿਆਂ ਦੌਰਾਨ 5300 ਕਰੋੜ ਰੁਪਏ ਦਾ ਕਰਜ਼ਾ ਲੈ ਚੁੱਕੀ ਹੈ। ਹੁਣ ਇਸ ਨਵੇਂ ਕਰਜ਼ੇ ਮਗਰੋਂ ਇਹ ਅੰਕੜਾ 6300 ਕਰੋੜ ਰੁਪਏ ਹੋ ਜਾਵੇਗਾ। ਪੰਜਾਬ ਸਰਕਾਰ ਪਲਾਨ ਸਕੀਮਾਂ ਅਤੇ ਵਿਕਾਸ ਸਕੀਮਾਂ ਲਈ ਪੂੰਜੀਗਤ ਖ਼ਰਚੇ ਵਜੋਂ ਨਵਾਂ ਕਰਜ਼ਾ ਸੱਤ ਸਾਲਾਂ ਦੀ ਮਿਆਦ ਲਈ ਚੁੱਕ ਰਹੀ ਹੈ।

### ■ ਵਿੱਤੀ ਵਰ੍ਹੇ ਦੇ ਪਹਿਲੇ 2 ਮਹੀਨਿਆਂ ’ਚ 5300 ਕਰੋੜ ਰੁਪਏ ਦਾ ਕਰਜ਼ਾ ਲਿਆ




ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਮੌਜੂਦਾ ਵਿੱਤੀ ਸਾਲ ਦੌਰਾਨ ਮਾਰਕੀਟ ਉਧਾਰ ਜ਼ਰੀਏ 43,798.38 ਕਰੋੜ ਰੁਪਏ ਦਾ ਕਰਜ਼ਾ ਚੁੱਕਣ ਦੀ ਇੱਛੁਕ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦਾਅਵਾ ਕੀਤਾ ਸੀ ਕਿ ਸੂਬੇ ਦੀ ਵਿੱਤੀ ਸਥਿਤੀ ’ਚ ਸੁਧਾਰ ਹੋ ਰਿਹਾ ਹੈ ਅਤੇ ਤੈਅ ਹੱਦ ’ਚ ਹੀ ਨਵਾਂ ਕਰਜ਼ਾ ਲਿਆ ਜਾ ਰਿਹਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਮੂਲ ਕਰਜ਼ਾ ਚੁਕਾਉਣ ਅਤੇ ਪੁਰਾਣੇ ਕਰਜ਼ੇ ਦਾ ਵਿਆਜ ਤਾਰਨ ਲਈ ਪੈਸਾ ਵਰਤਿਆ ਜਾ ਰਿਹਾ ਹੈ। ਸੂਬਾ ਸਰਕਾਰ ਨੇ ਅਪ੍ਰੈਲ ਮਹੀਨੇ 2800 ਕਰੋੜ ਰੁਪਏ ਅਤੇ ਮਈ ਮਹੀਨੇ 2500 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਸੀ।

■ ਬਾਕੀ ਖਬਰ ਸਫਾ 20 ’ਤੇ

## ਪੰਜਾਬ ਸਮੇਤ 5 ਸੂਬਿਆਂ ’ਚ ਵਿਧਾਨ ਸਭਾ ਚੋਣਾਂ ਨਿਰਧਾਰਿਤ ਸਮੇਂ ’ਤੇ

**ਨਵੀਂ ਦਿੱਲੀ, (ਪੰਜਾਬ ਮੇਲ)-** ਪੰਜਾਬ ਸਮੇਤ ਪੰਜ ਸੂਬਿਆਂ ਵਿਚ 2027 ਦੇ ਪਹਿਲੇ 6 ਮਹੀਨਿਆਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨਿਰਧਾਰਤ ਸਮੇਂ ’ਤੇ ਹੀ ਹੋਣਗੀਆਂ। ਚੋਣਾਂ ਅਤੇ ਮਰਦਮਸ਼ੁਮਾਰੀ ਦੇ ਕੰਮ ਵਿਚ ਟਕਰਾਅ ਤੋਂ ਬਚਣ ਲਈ ਮਰਦਮਸ਼ੁਮਾਰੀ ਦਾ ਦੂਜਾ ਗੇੜ ਪਹਿਲਾਂ ਕਰਵਾਏ ਜਾਣ ਦੀ ਸੰਭਾਵਨਾ ਹੈ।

ਸੂਤਰਾਂ ਅਨੁਸਾਰ ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ ਅਤੇ ਮਨੀਪੁਰ ਦੀਆਂ ਚੋਣਾਂ ਅਗੇਤੀਆਂ ਕਰਵਾਉਣ ਦੀ ਹਾਲ ਦੀ ਘੜੀ ਕੋਈ ਯੋਜਨਾ ਨਹੀਂ ਹੈ। ਵਿਧਾਨ ਸਭਾ ਚੋਣਾਂ ਤੈਅ ਸਮੇਂ ’ਤੇ ਹੀ ਹੋਣਗੀਆਂ ਅਤੇ ਸਿਆਸੀ ਪਾਰਟੀਆਂ ਕੋਲ ਤਿਆਰੀ ਅਤੇ ਯੋਜਨਾ ਬਣਾਉਣ ਲਈ ਕਾਫ਼ੀ ਸਮਾਂ ਹੋਵੇਗਾ।



ਗ਼ੌਰਤਲਬ ਹੈ ਕਿ ਪੰਜਾਬ, ਗੋਆ, ਉੱਤਰ ਪ੍ਰਦੇਸ਼, ਮਨੀਪੁਰ ਅਤੇ ਉੱਤਰਾਖੰਡ ਵਿਚ ਵਿਧਾਨ ਸਭਾ ਚੋਣਾਂ ਫਰਵਰੀ-ਮਾਰਚ 2027 ਦੌਰਾਨ ਹੋਣੀਆਂ ਹਨ। ਮਰਦਮਸ਼ੁਮਾਰੀ ਦਾ ਦੂਜਾ ਗੇੜ- ਜੋ ਵਿਧਾਨ ਸਭਾ ਚੋਣਾਂ ਵੇਲੇ ਹੀ ਹੋਵੇਗਾ, ਪਹਿਲਾਂ ਹੋ ਸਕਦਾ ਹੈ। ਮਰਦਮਸ਼ੁਮਾਰੀ ਦਾ ਦੂਜਾ ਗੇੜ ਫਰਵਰੀ 2027 ਵਿਚ ਹੋਣਾ ਹੈ। ਇਸ ਦੌਰਾਨ ਆਬਾਦੀ ਦੀ ਗਿਣਤੀ ਕੀਤੀ ਜਾਵੇਗੀ। ਇਹ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਵਿਚ ਸਮਾਜਿਕ, ਆਰਥਿਕ, ਸੱਭਿਆਚਾਰਕ, ਪਰਵਾਸ ਅਤੇ ਜਾਤੀ ਦੀ ਗਿਣਤੀ ਕੀਤੀ ਹੋਵੇਗੀ।

ਮਰਦਮਸ਼ੁਮਾਰੀ ਦਾ ਪਹਿਲਾ ਗੇੜ ਜਿਸ ਵਿਚ ਘਰਾਂ ਦੀ ਸੂਚੀ ਅਤੇ ਮਕਾਨਾਂ ਦੀ ਗਿਣਤੀ ਸ਼ਾਮਲ ਹੈ- ਅਪ੍ਰੈਲ ਤੋਂ ਜਾਰੀ ਹੈ, ਜੋ ਸਤੰਬਰ 2026 ਤੱਕ ਚੱਲੇਗਾ।

■ ਬਾਕੀ ਖਬਰ ਸਫਾ 20 ’ਤੇ

# ਸਿਰਫ਼ 25% ਲੋਕਾਂ ਹੀ ਮੰਨਦੇ ਨੇ ਅਮਰੀਕਾ ਨੂੰ ਦੁਨੀਆਂ ਦਾ ਸਭ ਤੋਂ ਵਧੀਆ ਦੇਸ਼

**ਅਮਰੀਕਾ ਦੇ 250 ਸਾਲ ਪੂਰੇ ਹੋਣ ਤੋਂ ਪਹਿਲਾਂ ਹੋਇਆ ਨਵਾਂ ਸਰਵੇਖਣ**



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਦੀ 250ਵੀਂ ਵਰ੍ਹੇਗੰਢ ਤੋਂ ਪਹਿਲਾਂ ਜਾਰੀ ਇੱਕ ਨਵੇਂ ਸਰਵੇਖਣ ਨੇ ਦੇਸ਼ ਦੇ ਭਵਿੱਖ ਅਤੇ ਕੌਮੀ ਪਛਾਣ ਬਾਰੇ ਲੋਕਾਂ ਦੀ ਸੋਚ ਵਿਚ ਆ ਰਹੇ ਵੱਡੇ ਬਦਲਾਅ ਨੂੰ ਉਜਾਗਰ ਕੀਤਾ ਹੈ। ਸਰਵੇ ਅਨੁਸਾਰ ਹੁਣ ਸਿਰਫ਼ ਹਰ ਚਾਰ ਵਿਚੋਂ ਇੱਕ ਅਮਰੀਕੀ (ਲਗਭਗ 25%) ਹੀ ਇਹ ਮੰਨਦਾ ਹੈ ਕਿ ਅਮਰੀਕਾ ਦੁਨੀਆਂ ਦਾ ਸਭ ਤੋਂ ਵਧੀਆ ਦੇਸ਼ ਹੈ। ਇਹ ਅੰਕੜਾ ਪਿਛਲੇ ਦਹਾਕਿਆਂ ਦੇ ਮੁਕਾਬਲੇ ਕਾਫ਼ੀ ਘੱਟ ਹੈ ਅਤੇ ਦੇਸ਼ ਦੇ ਭਵਿੱਖ ਨੂੰ ਲੈ ਕੇ ਵੱਧ ਰਹੀ ਚਿੰਤਾ ਨੂੰ ਦਰਸਾਉਂਦਾ ਹੈ।

ਸਰਵੇਖਣ ਵਿਚ ਇਹ ਵੀ ਸਾਹਮਣੇ ਆਇਆ ਕਿ ਬਹੁਤ ਸਾਰੇ ਅਮਰੀਕੀ ਲੋਕ ਪ੍ਰਤੀਨਿਧਿਕ ਲੋਕਤੰਤਰ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਖਾਸ ਕਰਕੇ ਨੌਜਵਾਨ ਪੀੜ੍ਹੀ ਵਿਚ ਲੋਕਤੰਤਰ ਅਤੇ ਰਵਾਇਤੀ ਰਾਜਨੀਤਿਕ ਸੰਸਥਾਵਾਂ ਪ੍ਰਤੀ ਭਰੋਸਾ ਪਹਿਲਾਂ ਦੇ ਮੁਕਾਬਲੇ ਘੱਟ ਹੋ ਰਿਹਾ ਹੈ। ਕਈ ਨੌਜਵਾਨਾਂ ਦਾ ਮੰਨਣਾ ਹੈ ਕਿ ਲੋਕਤੰਤਰ ਹੁਣ ਅਮਰੀਕੀ ਪਛਾਣ ਦਾ ਉਨ੍ਹਾਂ ਮਹੱਤਵਪੂਰਨ ਹਿੱਸਾ ਨਹੀਂ ਰਿਹਾ, ਜਿੰਨਾ ਪਹਿਲਾਂ ਮੰਨਿਆ ਜਾਂਦਾ ਸੀ।

ਇਸੇ ਦੌਰਾਨ, 51 ਫ਼ੀਸਦੀ ਅਮਰੀਕੀ ਬਾਲਗਾਂ ਨੇ ਕਿਹਾ ਕਿ "ਅਮਰੀਕਨ ਡਰੀਮ" ਹੁਣ ਹਕੀਕਤ ਨਹੀਂ ਰਹਿ ਗਿਆ। ਮਤਲਬ ਕਿ ਸਖ਼ਤ ਮਿਹਨਤ ਰਾਹੀਂ ਹਰ ਵਿਅਕਤੀ ਲਈ ਆਰਥਿਕ ਅਤੇ ਸਮਾਜਿਕ ਤਰੱਕੀ ਦੇ ਮੌਕੇ ਮਿਲਣ ਵਾਲਾ ਰਵਾਇਤੀ ਵਿਸ਼ਵਾਸ ਕਮਜ਼ੋਰ ਪੈਂਦਾ ਦਿਖਾਈ ਦੇ ਰਿਹਾ ਹੈ। ਇਹ ਭਾਵਨਾ ਨੌਜਵਾਨਾਂ ਵਿਚ ਹੋਰ ਵੀ ਵੱਧ ਪਾਈ ਗਈ।

ਸਰਵੇ ਨੇ ਰਾਜਨੀਤਿਕ ਵੰਡ ਨੂੰ ਵੀ ਉਜਾਗਰ ਕੀਤਾ। ਰਿਪਬਲਿਕਨ ਸਮਰਥਕ ਅਜੇ ਵੀ ਡੈਮੋਕ੍ਰੇਟਸ ਅਤੇ ਆਜ਼ਾਦ ਵੋਟਰਾਂ ਦੇ ਮੁਕਾਬਲੇ ਵੱਧ ਗਿਣਤੀ ਵਿਚ ਇਹ ਮੰਨਦੇ ਹਨ ਕਿ ਅਮਰੀਕਾ ਇੱਕ ਅਸਾਧਾਰਨ ਦੇਸ਼ ਹੈ ਅਤੇ ਅਮਰੀਕਨ ਡਰੀਮ ਅਜੇ ਵੀ ਜ਼ਿੰਦਾ ਹੈ। ਦੂਜੇ ਪਾਸੇ, ਡੈਮੋਕ੍ਰੇਟਸ ਅਤੇ ਆਜ਼ਾਦ ਵੋਟਰਾਂ ਵਿਚ ਦੇਸ਼ ਦੇ ਭਵਿੱਖ ਨੂੰ ਲੈ ਕੇ ਵੱਧ ਸ਼ੰਕੇ ਅਤੇ ਨਿਰਾਸ਼ਾ ਦੇਖਣ ਨੂੰ ਮਿਲੀ।

ਵਿਭਿੰਨਤਾ, ਇਮੀਗ੍ਰੇਸ਼ਨ ਅਤੇ ਵੱਖ-ਵੱਖ ਸੱਭਿਆਚਾਰਾਂ ਦੇ ਮਿਲਾਪ ਨੂੰ ਲੈ ਕੇ ਵੀ ਅਮਰੀਕੀ ਸਮਾਜ ਵੰਡਿਆ ਹੋਇਆ ਦਿਖਾਈ ਦਿੱਤਾ। ਕੁਝ ਲੋਕ ਇਸਨੂੰ ਦੇਸ਼ ਦੀ ਤਾਕਤ ਮੰਨਦੇ ਹਨ, ਜਦਕਿ ਹੋਰ ਇਸਨੂੰ ਸਮਾਜਿਕ ਅਤੇ ਸੱਭਿਆਚਾਰਕ ਚੁਣੌਤੀਆਂ ਨਾਲ ਜੋੜਦੇ ਹਨ। ਇਹ ਵੰਡ ਉਸ ਸਮੇਂ ਸਾਹਮਣੇ ਆ ਰਹੀ ਹੈ, ਜਦੋਂ ਅਮਰੀਕਾ ਆਪਣੀ 250ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਿਹਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਰਵੇਖਣ ਅਮਰੀਕੀ ਸਮਾਜ ਵਿਚ ਵਧ ਰਹੀ ਰਾਜਨੀਤਿਕ ਧਰੁਵੀਕਰਨ, ਆਰਥਿਕ ਚਿੰਤਾਵਾਂ ਅਤੇ ਭਵਿੱਖ ਪ੍ਰਤੀ ਅਨਿਸ਼ਚਿਤਤਾ ਦੀ ਝਲਕ ਪੇਸ਼ ਕਰਦਾ ਹੈ। ਦੇਸ਼ ਦੀ ਸਥਾਪਨਾ ਦੇ 250 ਸਾਲ ਪੂਰੇ ਹੋਣ ਤੋਂ ਪਹਿਲਾਂ ਇਹ ਨਤੀਜੇ ਦਰਸਾਉਂਦੇ ਹਨ ਕਿ ਬਹੁਤ ਸਾਰੇ ਅਮਰੀਕੀ ਹੁਣ ਆਪਣੇ ਦੇਸ਼ ਦੇ ਭਵਿੱਖ ਅਤੇ ਰਾਸ਼ਟਰੀ ਪਛਾਣ ਬਾਰੇ ਨਵੇਂ ਸਵਾਲ ਪੁੱਛ ਰਹੇ ਹਨ।

# ਈਰਾਨ-ਅਮਰੀਕਾ ਸਮਝੌਤਾ ਅਹਿਮ, ਪਰ ਈਰਾਨ ਸਾਰੇ ਵਿਕਲਪਾਂ ਲਈ ਤਿਆਰ : ਈਰਾਨੀ ਰਾਸ਼ਟਰਪਤੀ

**ਤਹਿਰਾਨ (ਪੰਜਾਬ ਮੇਲ)**- ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਕਿਹਾ ਹੈ ਕਿ ਈਰਾਨ-ਅਮਰੀਕਾ ਸਮਝੌਤਾ ਯੁੱਧ ਖਤਮ ਕਰਨ ਦੀ ਦਿਸ਼ਾ ਵੱਲ ਇੱਕ ਮਹੱਤਵਪੂਰਨ ਕਦਮ ਹੈ, ਪਰ ਈਰਾਨ ਕਿਸੇ ਵੀ ਸਥਿਤੀ ਲਈ ਤਿਆਰ ਹੈ। ਪੇਜ਼ੇਸ਼ਕੀਅਨ ਨੇ ਐਕਸ 'ਤੇ ਕਿਹਾ, "ਜਿਸ ਗੱਲ 'ਤੇ ਸਹਿਮਤੀ ਬਣੀ ਹੈ, ਉਹ ਯੁੱਧ ਨੂੰ ਰੋਕਣ ਅਤੇ ਗੱਲਬਾਤ ਸ਼ੁਰੂ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ, ਪਰ ਇੱਕ ਅੰਤਿਮ ਸਮਝੌਤਾ ਅਜੇ ਤੱਕ ਨਹੀਂ ਹੋਇਆ ਹੈ। ਈਰਾਨ ਦਾ ਇਸਲਾਮੀ ਗਣਰਾਜ ਸਾਰੇ ਵਿਕਲਪਾਂ ਲਈ ਤਿਆਰ ਹੈ।"

ਉਨ੍ਹਾਂ ਅੱਗੇ ਕਿਹਾ ਕਿ ਈਰਾਨ ਦੀ ਸਰਕਾਰ ਅਮਰੀਕਾ ਨਾਲ ਅੰਤਿਮ ਸਮਝੌਤੇ ਦੇ ਨਾਲ ਜਾਂ ਬਿਨਾਂ ਵੀ ਲੋਕਾਂ ਦੀ ਸੇਵਾ ਕਰੇਗੀ। ਪੇਜ਼ੇਸ਼ਕੀਅਨ ਨੇ ਦੱਸਿਆ ਕਿ ਈਰਾਨ ਦੇ ਸੁਪਰੀਮ ਲੀਡਰ, ਮੋਜਤਬਾ ਖਮੇਨੀ ਨੇ ਅਮਰੀਕਾ ਨਾਲ ਸਮਝੌਤਾ ਪੱਤਰ ਦਾ ਖਰੜਾ ਤਿਆਰ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਈਰਾਨੀ ਰਾਸ਼ਟਰਪਤੀ ਨੇ ਕਿਹਾ, "ਸਤਿਕਾਰਯੋਗ ਸੁਪਰੀਮ ਲੀਡਰ ਦੇ ਮਾਰਗਦਰਸ਼ਨ ਨੇ ਈਰਾਨ ਦੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰਨ ਵਾਲੀਆਂ ਧਾਰਾਵਾਂ ਨੂੰ ਸ਼ਾਮਲ ਕਰਨ ਵਿਚ ਇੱਕ ਵੱਡੀ ਭੂਮਿਕਾ ਨਿਭਾਈ ਅਤੇ ਅਸੀਂ ਇਸ ਲਈ ਉਨ੍ਹਾਂ ਦੇ ਧੰਨਵਾਦੀ ਹਾਂ।"

15 ਜੂਨ ਨੂੰ ਈਰਾਨ ਅਤੇ ਅਮਰੀਕਾ ਨੇ ਇੱਕ ਸਮਝੌਤਾ ਪੱਤਰ ਦੇ ਪੂਰਾ ਹੋਣ ਦੀ ਪੁਸ਼ਟੀ ਕੀਤੀ, ਜਿਸ 'ਤੇ 19 ਜੂਨ ਨੂੰ ਸਵਿਟਜ਼ਰਲੈਂਡ ਵਿਚ ਦਸਤਖਤ ਕੀਤੇ ਜਾਣ ਦੀ ਯੋਜਨਾ ਹੈ। ਈਰਾਨੀ ਪੱਖ ਨੇ ਕਿਹਾ ਕਿ ਇਹ ਸਮਝੌਤਾ ਲੇਬਨਾਨ ਸਮੇਤ ਸਾਰੇ ਮੋਰਚਿਆਂ 'ਤੇ ਫੌਜੀ ਕਾਰਵਾਈਆਂ ਨੂੰ ਖਤਮ ਕਰਨ ਦੀ ਮੰਗ ਕਰਦਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੁਸ਼ਟੀ ਕੀਤੀ ਕਿ ਈਰਾਨ ਨਾਲ ਸਮਝੌਤਾ ਅਸਲ ਵਿਚ ਦਸਤਖਤ ਕੀਤਾ ਜਾ ਚੁੱਕਾ ਹੈ।

# ਟਰੰਪ ਵੱਲੋਂ ਉੱਤਰੀ ਅਮਰੀਕਾ ਮੁਫਤ ਵਪਾਰ ਸਮਝੌਤਾ ਨਵਿਆਉਣ ਤੋਂ ਕੋਰੀ ਨਾਂਹ


**ਵੈਨਕੂਵਰ, (ਪੰਜਾਬ ਮੇਲ)**- ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਕਹਿਕੇ ਕੈਨੇਡਾ ਅਤੇ ਮੈਕਸੀਕੋ ਵੱਲੋਂ ਸਤੰਬਰ 'ਚ ਨਵਿਆਏ ਜਾਣ ਵਾਲੇ ਮੁਫਤ ਵਪਾਰ ਸਮਝੌਤੇ ਨੂੰ ਨਵਿਆਏ ਜਾਣ ਤੋਂ ਕੋਰੀ ਨਾਂਹ ਕਰਕੇ ਕਈ ਦਿਨਾਂ ਤੋਂ ਨਵੀਆਂ ਸ਼ਰਤਾਂ ਬਾਰੇ ਲੱਗ ਰਹੇ ਕਿਆਫਿਆਂ 'ਤੇ ਵਿਰਾਮ ਲਾ ਦਿੱਤਾ ਹੈ।

ਆਪਣੇ ਦਫਤਰ ਤੋਂ ਬੋਲਦੇ ਹੋਏ ਟਰੰਪ ਨੇ ਕਿਹਾ ਕਿ ਜੋ ਗਲਤੀ ਉਸ ਨੇ 2020 'ਚ ਨਾਫਟਾ ਦੀ ਥਾਂ ਕੁਸਮਾ ਲਾਗੂ ਕਰਕੇ ਕੀਤੀ ਸੀ, ਉਹ ਹੁਣ ਨਹੀਂ ਕੀਤੀ ਜਾਵੇਗੀ, ਕਿਉਂਕਿ ਇਹ ਅਮਰੀਕਾ ਲਈ ਚੰਗਾ ਨਹੀਂ। ਉਸ ਨੇ ਕਿਹਾ ਕਿ 1992 'ਚ ਲਾਗੂ ਹੋਇਆ ਤਿੰਨਾਂ ਦੇਸ਼ਾਂ 'ਚ ਬੰਧਨ ਮੁਕਤ ਵਪਾਰ ਸਮਝੌਤੇ ਨੂੰ ਅਮਰੀਕਾ ਲਈ ਚੰਗਾ ਨਾ ਸਮਝ ਕੇ ਉਸ ਦੀ ਥਾਂ ਕੈਨੇਡਾ ਅਮਰੀਕਾ ਮੈਕਸੀਕੋ ਵਿਚਕਾਰ ਯਨੀ ਕੁਸਮਾ ਲਾਗੂ ਕਰਵਾਇਆ ਸੀ, ਪਰ ਇਸ ਵਾਰ ਉਸ ਨੂੰ ਕਿਸੇ ਵੀ ਹਾਲਤ 'ਚ ਨਵਿਆਇਆ ਨਹੀਂ ਜਾਵੇਗਾ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕਾ ਨੂੰ ਕੈਨੇਡਾ ਤੋਂ ਕਿਸੇ ਚੀਜ਼ ਦੀ ਜ਼ਰੂਰਤ ਨਹੀਂ ਅਤੇ ਨਾ ਹੀ ਮੈਕਸੀਕੋ ਦੀ ਕਿਸੇ ਚੀਜ਼ ਦੀ ਲੋੜ ਹੈ, ਪਰ ਇਨ੍ਹਾਂ ਦੋਹਾਂ ਦੇਸ਼ਾਂ ਨੂੰ ਉਨ੍ਹਾਂ ਚੀਜ਼ਾਂ ਦੀ ਲੋੜ ਹੈ, ਜੋ ਅਮਰੀਕਾ ਕੋਲ ਹਨ, ਜਿਸ ਲਈ ਦੋਹਾਂ ਦੇਸ਼ਾਂ ਨੂੰ ਅਮਰੀਕਾ ਨਾਲ ਚੰਗਾ ਵਿਵਹਾਰ ਕਰਨ ਦੀ ਲੋੜ ਹੈ।

ਟਰੰਪ ਨੇ ਭਰੋਸੇ ਨਾਲ ਕਿਹਾ ਕਿ ਮੈਕਸੀਕੋ ਅਤੇ ਕੈਨੇਡਾ ਦੇ ਨਾਲ ਵਪਾਰ ਕਰਨਾ ਅਮਰੀਕਾ ਲਈ ਘਾਟੇ ਦਾ ਸੌਦਾ ਹੈ। ਸਾਡੇ ਕੋਲ ਉਨ੍ਹਾਂ ਨਾਲੋਂ ਕੁਝ ਵੱਧ ਹੀ ਹੈ। ਅਮਰੀਕਾ ਨੂੰ ਉਨ੍ਹਾਂ ਦੀਆਂ ਕਾਰਾਂ ਦੀ ਲੋੜ ਨਹੀਂ ਹੈ।

# ਟਰੰਪ ਪ੍ਰਸ਼ਾਸਨ ਦੀ ਨਵੀਂ ਕਾਨੂੰਨੀ ਵਿਆਖਿਆ ਨਾਲ ਰੁਜ਼ਗਾਰ ਭੇਦਭਾਵ ਕੇਸਾਂ 'ਤੇ ਪੈ ਸਕਦੈ ਅਸਰ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਰੁਜ਼ਗਾਰ ਭੇਦਭਾਵ ਨਾਲ ਸੰਬੰਧਿਤ ਕਾਨੂੰਨਾਂ ਨੂੰ ਲੈ ਕੇ ਇੱਕ ਨਵੀਂ ਚਰਚਾ ਸ਼ੁਰੂ ਹੋ ਗਈ ਹੈ। ਇੱਕ ਵਿਸ਼ਲੇਸ਼ਣ ਮੁਤਾਬਕ, ਟਰੰਪ ਪ੍ਰਸ਼ਾਸਨ ਦੇ ਨਿਆਂ ਵਿਭਾਗ (ਡੀ.ਓ.ਜੇ.) ਵੱਲੋਂ ਜਾਰੀ ਕੀਤੀ ਗਈ ਨਵੀਂ ਕਾਨੂੰਨੀ ਰਾਏ ਭਵਿੱਖ ਵਿਚ ਉਨ੍ਹਾਂ ਕਰਮਚਾਰੀਆਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਸਕਦੀ ਹੈ, ਜੋ ਨਸਲੀ, ਜਾਤੀ ਜਾਂ ਲਿੰਗ ਆਧਾਰਿਤ ਭੇਦਭਾਵ ਦੇ ਕੇਸ ਅਦਾਲਤਾਂ ਵਿਚ ਲੈ ਕੇ ਜਾਂਦੇ ਹਨ।

ਰਿਪੋਰਟ ਅਨੁਸਾਰ, ਇਹ ਮਾਮਲਾ ਹਾਲ ਹੀ ਵਿਚ ਅਮਰੀਕੀ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਵੋਟਿੰਗ ਰਾਈਟਸ ਐਕਟ ਦੀ ਇੱਕ ਮਹੱਤਵਪੂਰਨ ਧਾਰਾ ਨੂੰ ਕਮਜ਼ੋਰ ਕਰਨ ਦਾ ਦੋਸ਼ ਲੱਗਿਆ ਸੀ। ਆਲੋਚਕਾਂ ਦਾ ਕਹਿਣਾ ਹੈ ਕਿ ਇਸ ਫ਼ੈਸਲੇ ਨਾਲ ਵੋਟਿੰਗ ਹੱਕਾਂ ਦੀ ਸੁਰੱਖਿਆ ਘੱਟ ਗਈ ਹੈ ਅਤੇ ਹੁਣ ਉਸੇ ਤਰ੍ਹਾਂ ਦੀ ਕਾਨੂੰਨੀ ਦਲੀਲ ਰੁਜ਼ਗਾਰ ਭੇਦਭਾਵ ਦੇ ਮਾਮਲਿਆਂ ਵਿਚ ਵੀ ਵਰਤੀ ਜਾ ਸਕਦੀ ਹੈ।


ਨਿਆਂ ਵਿਭਾਗ ਦੀ ਨਵੀਂ ਰਾਏ ਅਨੁਸਾਰ, ਕਿਸੇ ਕਰਮਚਾਰੀ ਨੂੰ ਕੇਵਲ ਇਸ ਆਧਾਰ 'ਤੇ ਰਾਹਤ ਨਹੀਂ ਮਿਲਣੀ ਚਾਹੀਦੀ ਕਿ ਕਿਸੇ ਨੀਤੀ ਜਾਂ ਕਾਰਵਾਈ ਦਾ ਨਤੀਜਾ ਕਿਸੇ ਖਾਸ ਨਸਲ ਜਾਂ ਵਰਗ ਲਈ ਨੁਕਸਾਨਦਾਇਕ ਰਿਹਾ। ਇਸ ਦੀ ਬਜਾਏ, ਮੁਕੱਦਮਾ ਜਿੱਤਣ ਲਈ ਇਹ ਸਾਬਤ ਕਰਨਾ ਜ਼ਰੂਰੀ ਹੋ ਸਕਦਾ ਹੈ ਕਿ ਇੰਪਲਾਇਰ ਨੇ ਜਾਣ-ਬੁੱਝ ਕੇ ਭੇਦਭਾਵ ਕਰਨ ਦੀ ਨੀਅਤ ਨਾਲ ਕੰਮ ਕੀਤਾ ਸੀ।

ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਦਾਲਤਾਂ ਇਸ ਵਿਆਖਿਆ ਨੂੰ ਸਵੀਕਾਰ ਕਰ ਲੈਂਦੀਆਂ ਹਨ, ਤਾਂ ਭਵਿੱਖ ਵਿਚ ਰੁਜ਼ਗਾਰ ਭੇਦਭਾਵ ਦੇ ਬਹੁਤ ਸਾਰੇ ਕੇਸ ਸਾਬਤ ਕਰਨਾ ਕਾਫ਼ੀ ਔਖਾ ਹੋ ਸਕਦਾ ਹੈ। ਕਿਉਂਕਿ ਕਿਸੇ ਵਿਅਕਤੀ ਲਈ ਕਿਸੇ ਕੰਪਨੀ ਜਾਂ ਸੰਸਥਾ ਦੀ ਅੰਦਰੂਨੀ ਨੀਅਤ ਨੂੰ ਸਾਬਤ ਕਰਨਾ ਆਮ ਤੌਰ 'ਤੇ ਬਹੁਤ ਮੁਸ਼ਕਲ ਹੁੰਦਾ ਹੈ।

ਦੂਜੇ ਪਾਸੇ, ਇਸ ਪੱਖ ਦੇ ਸਮਰਥਕ ਦਲੀਲ ਦਿੰਦੇ ਹਨ ਕਿ ਕੇਵਲ ਨਤੀਜਿਆਂ ਦੇ ਆਧਾਰ 'ਤੇ ਕਿਸੇ ਸੰਸਥਾ ਨੂੰ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ ਅਤੇ ਸਪੱਸ਼ਟ ਭੇਦਭਾਵੀ ਇਰਾਦਾ ਸਾਬਤ ਹੋਣਾ ਲਾਜ਼ਮੀ ਹੈ। ਜਦਕਿ ਵਿਰੋਧੀ ਧਿਰ ਅਤੇ ਨਾਗਰਿਕ ਅਧਿਕਾਰ ਸੰਗਠਨ ਕਹਿੰਦੇ ਹਨ ਕਿ ਇਸ ਨਾਲ ਨਸਲੀ ਅਤੇ ਲਿੰਗ ਅਧਾਰਿਤ ਭੇਦਭਾਵ ਵਿਰੁੱਧ ਮੌਜੂਦਾ ਸੁਰੱਖਿਆ ਕਮਜ਼ੋਰ ਹੋ ਸਕਦੀ ਹੈ।

ਇਸ ਮੁੱਦੇ 'ਤੇ ਆਖਰੀ ਫ਼ੈਸਲਾ ਭਵਿੱਖ ਵਿਚ ਅਦਾਲਤਾਂ ਅਤੇ ਖ਼ਾਸ ਕਰਕੇ ਅਮਰੀਕੀ ਸੁਪਰੀਮ ਕੋਰਟ ਦੀਆਂ ਕਾਰਵਾਈਆਂ 'ਤੇ ਨਿਰਭਰ ਕਰੇਗਾ। ਪਰ ਫਿਲਹਾਲ ਇਹ ਬਹਿਸ ਤੇਜ਼ ਹੋ ਗਈ ਹੈ ਕਿ ਰੁਜ਼ਗਾਰ ਅਤੇ ਨਾਗਰਿਕ ਅਧਿਕਾਰਾਂ ਨਾਲ ਜੁੜੇ ਕਾਨੂੰਨਾਂ ਦੀ ਵਿਆਖਿਆ ਕਰਨ ਦਾ ਅਧਿਕਾਰ ਕਾਂਗਰਸ ਕੋਲ ਹੋਣਾ ਚਾਹੀਦਾ ਹੈ ਜਾਂ ਅਦਾਲਤਾਂ ਕੋਲ।

# ਐੱਫ.ਬੀ.ਆਈ. ਵੱਲੋਂ ਚੀਨ ਨਾਲ ਜੁੜੇ ਕਥਿਤ ਜਾਸੂਸੀ ਨੈੱਟਵਰਕ ਦੀਆਂ 12 ਤੋਂ ਵੱਧ ਵੈੱਬਸਾਈਟਾਂ ਜ਼ਬਤ




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਜਾਂਚ ਏਜੰਸੀ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਨੇ 12 ਤੋਂ ਵੱਧ ਅਜਿਹੀਆਂ ਵੈੱਬਸਾਈਟਾਂ ਜ਼ਬਤ ਕੀਤੀਆਂ ਹਨ, ਜਿਨ੍ਹਾਂ ਬਾਰੇ ਦਾਅਵਾ ਕੀਤਾ ਗਿਆ ਹੈ ਕਿ ਇਹ ਚੀਨ ਨਾਲ ਜੁੜੇ ਕਥਿਤ ਏਜੰਟਾਂ ਵੱਲੋਂ ਮੌਜੂਦਾ ਅਤੇ ਸਾਬਕਾ ਅਮਰੀਕੀ ਸਰਕਾਰੀ ਅਧਿਕਾਰੀਆਂ ਨੂੰ ਭਰਤੀ ਕਰਨ ਲਈ ਵਰਤੀਆਂ ਜਾ ਰਹੀਆਂ ਸਨ। ਅਧਿਕਾਰੀਆਂ ਦੇ ਅਨੁਸਾਰ, ਇਨ੍ਹਾਂ ਵੈੱਬਸਾਈਟਾਂ ਨੂੰ ਜਾਅਲੀ "ਕੰਸਲਟਿੰਗ ਕੰਪਨੀਆਂ" ਵਜੋਂ ਪੇਸ਼ ਕੀਤਾ ਗਿਆ ਸੀ ਅਤੇ ਇਨ੍ਹਾਂ ਰਾਹੀਂ ਸੰਵੇਦਨਸ਼ੀਲ ਜਾਂ ਸੰਭਾਵਿਤ ਗੁਪਤ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ।

ਐੱਫ.ਬੀ.ਆਈ. ਵੱਲੋਂ ਅਦਾਲਤ ਵਿਚ ਦਾਖ਼ਲ ਕੀਤੇ ਗਏ ਦਸਤਾਵੇਜ਼ਾਂ ਮੁਤਾਬਕ, ਇਨ੍ਹਾਂ ਵੈੱਬਸਾਈਟਾਂ 'ਤੇ "ਇੰਟਰਨੈਸ਼ਨਲ ਅਫੇਅਰਜ਼ ਅਨਾਲਿਸਟ", "ਡਿਫੈਂਸ ਅਨਾਲਿਸਟ", "ਜੌਬਜ਼ ਫਾਰ ਐਕਸ-ਮਿਲਟਰੀ ਪਰਸੋਨਲ" ਅਤੇ ਹੋਰ ਕੰਸਲਟਿੰਗ ਅਹੁਦਿਆਂ ਲਈ ਨੌਕਰੀਆਂ ਦੇ ਇਸ਼ਤਿਹਾਰ ਦਿੱਤੇ ਜਾਂਦੇ ਸਨ। ਨਿਸ਼ਾਨੇ 'ਤੇ ਉਹ ਲੋਕ ਸਨ, ਜਿਨ੍ਹਾਂ ਕੋਲ ਪਹਿਲਾਂ ਜਾਂ ਮੌਜੂਦਾ ਸਮੇਂ ਵਿਚ ਸੁਰੱਖਿਆ ਕਲੀਅਰੈਂਸ ਅਤੇ ਸਰਕਾਰੀ ਤਜ਼ਰਬਾ ਸੀ।

ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਘੱਟੋ-ਘੱਟ ਸੱਤ ਅਮਰੀਕੀ ਵਿਅਕਤੀਆਂ ਨੂੰ ਇਨ੍ਹਾਂ ਵੈੱਬਸਾਈਟਾਂ ਰਾਹੀਂ ਸੰਪਰਕ ਕੀਤਾ ਗਿਆ। ਉਨ੍ਹਾਂ ਤੋਂ ਅਮਰੀਕਾ-ਚੀਨ ਸੰਬੰਧਾਂ, ਇਰਾਨ ਅਤੇ ਇਜ਼ਰਾਈਲ-ਫ਼ਲਸਤੀਨ ਸੰਘਰਸ਼ ਵਰਗੇ ਵਿਸ਼ਿਆਂ 'ਤੇ ਰਿਪੋਰਟਾਂ ਅਤੇ ਵਿਸ਼ਲੇਸ਼ਣ ਮੰਗੇ ਗਏ। ਐੱਫ.ਬੀ.ਆਈ. ਦਾ ਦਾਅਵਾ ਹੈ ਕਿ ਭਰਤੀ ਕਰਨ ਵਾਲੇ ਲੋਕ ਵਾਰ-ਵਾਰ "ਅੰਦਰੂਨੀ" ਜਾਂ "ਵਿਸ਼ੇਸ਼" ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।

ਅਧਿਕਾਰੀਆਂ ਅਨੁਸਾਰ ਇਹ ਪੂਰਾ ਨੈੱਟਵਰਕ ਵਿਦੇਸ਼ਾਂ ਤੋਂ ਚਲਾਇਆ ਜਾ ਰਿਹਾ ਸੀ ਅਤੇ ਸ਼ੱਕ ਹੈ ਕਿ ਇਸਦੇ ਸੰਚਾਲਕ ਸਿੱਧੇ ਜਾਂ ਅਸਿੱਧੇ ਤੌਰ 'ਤੇ ਚੀਨੀ ਸਰਕਾਰ ਦੇ ਹਿੱਤਾਂ ਲਈ ਕੰਮ ਕਰ ਰਹੇ ਸਨ। ਹਾਲਾਂਕਿ, ਵੈੱਬਸਾਈਟਾਂ ਚਲਾਉਣ ਵਾਲੇ ਲੋਕਾਂ ਨੇ ਕਿਸੇ ਵੀ ਵਿਦੇਸ਼ੀ ਸਰਕਾਰ ਨਾਲ ਸੰਬੰਧ ਹੋਣ ਤੋਂ ਇਨਕਾਰ ਕੀਤਾ ਹੈ।

# ਜਨਮ ਲਈ ਅਮਰੀਕਾ ਆਉਣ ਵਾਲਿਆਂ ਖਿਲਾਫ਼ ਟਰੰਪ ਪ੍ਰਸ਼ਾਸਨ ਦੀ ਵੱਡੀ ਕਾਰਵਾਈ

**600 ਤੋਂ ਵੱਧ ਵੀਜ਼ਾ ਮਾਮਲੇ ਜਾਂਚ ਹੇਠ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਟਰੰਪ ਪ੍ਰਸ਼ਾਸਨ ਨੇ "ਬਰਥ ਟੂਰਿਜ਼ਮ" ਖ਼ਿਲਾਫ਼ ਆਪਣੀ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਐਲਾਨ ਕੀਤਾ ਹੈ ਕਿ ਅਮਰੀਕੀ ਨਾਗਰਿਕਤਾ ਹਾਸਲ ਕਰਨ ਦੇ ਮਕਸਦ ਨਾਲ ਗਰਭਵਤੀ ਔਰਤਾਂ ਨੂੰ ਅਮਰੀਕਾ ਲਿਆਉਣ ਵਾਲੇ ਨੈੱਟਵਰਕਾਂ ਉੱਤੇ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਦੱਸਿਆ ਕਿ 600 ਤੋਂ ਵੱਧ ਅਜਿਹੇ ਮਾਮਲਿਆਂ ਦੀ ਪਛਾਣ ਕੀਤੀ ਗਈ ਹੈ, ਜਿੱਥੇ ਵਿਜ਼ਟਰ ਵੀਜ਼ੇ ਦੀ ਵਰਤੋਂ ਬੱਚੇ ਨੂੰ ਅਮਰੀਕਾ ਵਿਚ ਜਨਮ ਦੇ ਕੇ ਨਾਗਰਿਕਤਾ ਦਿਵਾਉਣ ਲਈ ਕੀਤੀ ਗਈ।

ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਜੇ ਕਿਸੇ ਵਿਅਕਤੀ ਦਾ ਅਮਰੀਕਾ ਆਉਣ ਦਾ ਮੁੱਖ ਮਕਸਦ ਬੱਚੇ ਨੂੰ ਜਨਮ ਦੇ ਕੇ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਵਾਉਣਾ ਹੈ, ਤਾਂ ਉਸ ਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਜਾਂ ਨਵਾਂ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਅਮਰੀਕੀ ਨਾਗਰਿਕਤਾ ਪ੍ਰਣਾਲੀ ਦੀ "ਇਮਾਨਦਾਰੀ ਅਤੇ ਭਰੋਸੇਯੋਗਤਾ" ਦੀ ਰੱਖਿਆ ਕਰ ਰਹੇ ਹਨ।

"ਬਰਥ ਟੂਰਿਜ਼ਮ" ਉਸ ਪ੍ਰਕਿਰਿਆ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਵਿਦੇਸ਼ੀ ਨਾਗਰਿਕ ਖਾਸ ਤੌਰ 'ਤੇ ਅਮਰੀਕਾ ਆ ਕੇ ਬੱਚੇ ਨੂੰ ਜਨਮ ਦਿੰਦੇ ਹਨ, ਤਾਂ ਜੋ ਬੱਚੇ ਨੂੰ ਸੰਵਿਧਾਨ ਦੀ 14ਵੀਂ ਸੋਧ ਤਹਿਤ ਜਨਮ ਤੋਂ ਹੀ ਅਮਰੀਕੀ ਨਾਗਰਿਕਤਾ ਮਿਲ ਜਾਵੇ। ਹਾਲਾਂਕਿ ਅਮਰੀਕਾ ਵਿਚ ਬੱਚੇ ਨੂੰ ਜਨਮ ਦੇਣਾ ਆਪਣੇ ਆਪ ਵਿਚ ਗੈਰਕਾਨੂੰਨੀ ਨਹੀਂ ਹੈ, ਪਰ ਜੇਕਰ ਟੂਰਿਸਟ ਵੀਜ਼ਾ ਲੈਂਦੇ ਸਮੇਂ ਅਸਲ ਮਕਸਦ ਨੂੰ ਲੁਕਾਇਆ ਗਿਆ ਹੋਵੇ, ਤਾਂ ਇਸਨੂੰ ਵੀਜ਼ਾ ਧੋਖਾਧੜੀ ਮੰਨਿਆ ਜਾ ਸਕਦਾ ਹੈ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਾਰਵਾਈ ਸਿਰਫ਼ ਉਨ੍ਹਾਂ ਮਾਮਲਿਆਂ ਖ਼ਿਲਾਫ਼ ਹੈ, ਜਿੱਥੇ ਝੂਠੇ ਦਸਤਾਵੇਜ਼, ਗਲਤ ਜਾਣਕਾਰੀ ਜਾਂ ਦਲਾਲਾਂ ਦੀ ਮਦਦ ਨਾਲ ਵੀਜ਼ਾ ਹਾਸਲ ਕੀਤਾ ਗਿਆ ਹੋਵੇ। ਇਸਦੇ ਨਾਲ ਹੀ ਦੁਨੀਆਂ ਭਰ ਵਿਚ ਕੰਮ ਕਰ ਰਹੇ ਅਜਿਹੇ ਨੈੱਟਵਰਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜੋ ਗਰਭਵਤੀ ਔਰਤਾਂ ਲਈ ਯਾਤਰਾ ਅਤੇ ਰਿਹਾਇਸ਼ ਦੇ ਪ੍ਰਬੰਧ ਕਰਦੇ ਹਨ।

ਸਫਾ 1 ਦਾ ਬਾਕੀ

## ਜੁਲਾਈ 2026 ਵੀਜ਼ਾ ਬੁਲੇਟਿਨ: ਪਰਿਵਾਰਕ ਗ੍ਰੀਨ ਕਾਰਡ ਸ਼੍ਰੇਣੀਆਂ 'ਚ ਵੱਡੀ ...

ਭੈਣ-ਭਰਾਵਾਂ ਵਾਲੀ **F4** ਸ਼੍ਰੇਣੀ ਵਿਚ ਭਾਰਤ ਲਈ ਫਾਈਨਲ ਐਕਸ਼ਨ ਡੇਟ 1 ਨਵੰਬਰ 2006 'ਤੇ ਹੀ ਕਾਇਮ ਹੈ, ਪਰ ਦੁਨੀਆਂ ਦੇ ਹੋਰ ਬਹੁਤ ਸਾਰੇ ਦੇਸ਼ਾਂ ਲਈ ਇਹ 1 ਜਨਵਰੀ 2009 ਤੱਕ ਪਹੁੰਚ ਗਈ ਹੈ। **F4** ਅਜੇ ਵੀ ਸਭ ਤੋਂ ਵੱਧ ਬੈਕਲਾਗ ਵਾਲੀ ਕੈਟਾਗਰੀ ਮੰਨੀ ਜਾਂਦੀ ਹੈ।

ਡੇਟਸ ਫਾਰ ਫਾਈਲਿੰਗ ਚਾਰਟ ਵਿਚ ਵੀ ਕੁਝ ਮਹੱਤਵਪੂਰਨ ਬਦਲਾਅ ਹੋਏ ਹਨ। **F1** ਲਈ ਤਰੀਖ 1 ਜਨਵਰੀ 2019 ਹੋ ਗਈ ਹੈ। **F2B** ਲਈ 8 ਜੂਨ 2018 ਅਤੇ **F4** ਲਈ 1 ਮਾਰਚ 2010 ਤੱਕ ਦੇ ਕੇਸ ਦਸਤਾਵੇਜ਼ ਜਮ੍ਹਾਂ ਕਰਵਾ ਸਕਦੇ ਹਨ। **F2A** ਅਜੇ ਵੀ **Current** ਹੈ, ਜੋ ਇਸ ਕੈਟਾਗਰੀ ਲਈ ਸਭ ਤੋਂ ਵੱਡੀ ਸਕਾਰਾਤਮਕ ਖ਼ਬਰ ਮੰਨੀ ਜਾ ਰਹੀ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਵਿੱਤੀ ਸਾਲ 2026 ਦੇ ਆਖਰੀ ਮਹੀਨੇ ਨੇੜੇ ਆਉਣ ਕਾਰਨ ਸਟੇਟ ਡਿਪਾਰਟਮੈਂਟ ਵੀਜ਼ਾ ਨੰਬਰਾਂ ਦੀ ਵਰਤੋਂ ਨੂੰ ਸੰਤੁਲਿਤ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਕਰਕੇ ਕੁਝ ਸ਼੍ਰੇਣੀਆਂ ਵਿਚ ਅੱਗੇ ਵਾਧਾ ਹੋਇਆ ਹੈ, ਪਰ ਅਗਸਤ ਜਾਂ ਸਤੰਬਰ ਵਿਚ ਕੁਝ ਕੈਟਾਗਰੀਆਂ ਵਿਚ **Retrogression** (ਪਿੱਛੇ ਜਾਣਾ) ਵੀ ਸੰਭਵ ਹੈ, ਜੇਕਰ ਸਾਲਾਨਾ ਵੀਜ਼ਾ ਸੀਮਾਵਾਂ ਪੂਰੀਆਂ ਹੋ ਜਾਂਦੀਆਂ ਹਨ।

ਕੁੱਲ ਮਿਲਾ ਕੇ ਜੁਲਾਈ 2026 ਵੀਜ਼ਾ ਬੁਲੇਟਿਨ ਪਰਿਵਾਰਕ ਇਮੀਗ੍ਰੇਸ਼ਨ ਲਈ ਸਕਾਰਾਤਮਕ ਮੰਨੀ ਜਾ ਰਹੀ ਹੈ। **F1, F2B** ਅਤੇ **F3** ਵਿਚ ਵਧੀਆ ਅੱਗੇ ਵਾਧਾ ਹੋਇਆ ਹੈ, ਜਦਕਿ **F2A** ਨੇ ਆਪਣੀ ਮਜ਼ਬੂਤ ਸਥਿਤੀ ਕਾਇਮ ਰੱਖੀ ਹੈ। ਜਿਨ੍ਹਾਂ ਅਰਜ਼ੀਕਾਰਾਂ ਦੀ ਤਰਜੀਹੀ ਤਰੀਖ ਉਪਰੋਕਤ ਤਰੀਖਾਂ ਤੋਂ ਪਹਿਲਾਂ ਹੈ, ਉਹ ਆਪਣੇ ਵਕੀਲ ਜਾਂ ਯੂ.ਐੱਸ.ਸੀ.ਆਈ.ਐੱਸ/ਐੱਨ.ਵੀ.ਸੀ. ਨਾਲ ਸੰਪਰਕ ਕਰਕੇ ਅਗਲੇ ਕਦਮਾਂ ਲਈ ਤਿਆਰੀ ਸ਼ੁਰੂ ਕਰ ਸਕਦੇ ਹਨ।

# ਸ਼੍ਰੋਮਣੀ ਕਮੇਟੀ ਵਫ਼ਦ ਨੇ ਯੂਬਾ ਸਿਟੀ 'ਚ ਕੀਤੇ ਜਾਣ ਵਾਲੇ ਕਾਰਜਾਂ ਲਈ ਜਗ੍ਹਾ ਦਾ ਲਿਆ ਜਾਇਜ਼ਾ

**■ ਸਥਾਪਿਤ ਕੀਤਾ ਜਾ ਰਿਹਾ ਗੁਰਮਤਿ ਕੇਂਦਰ ਸਿੱਖ ਬੱਚਿਆਂ ਨੂੰ ਗੁਰਮਤਿ ਸਿਧਾਂਤਾਂ ਤੇ ਸਿੱਖ ਪ੍ਰੰਪਰਾਵਾਂ ਨਾਲ ਜੋੜਨ 'ਚ ਸਹਾਈ ਹੋਵੇਗਾ : ਐਡਵੋਕੇਟ ਧਾਮੀ**



**ਯੂਬਾ ਸਿਟੀ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਅਮਰੀਕਾ ਪੁੱਜੇ ਵਫ਼ਦ ਨੇ ਅਮਰੀਕਾ ਦੇ ਯੂਬਾ ਸਿਟੀ ਵਿਖੇ ਸਥਾਪਿਤ ਕੀਤੇ ਜਾਣ ਵਾਲੇ ਧਰਮ ਪ੍ਰਚਾਰ ਕੇਂਦਰ, ਪ੍ਰੈੱਸ, ਸਿੱਖ ਮਿਸ਼ਨ ਅਤੇ ਗੁਰਮਤਿ ਵਿਦਿਆਲੇ ਲਈ ਜ਼ਮੀਨ ਦਾ ਜਾਇਜ਼ਾ ਲਿਆ ਅਤੇ ਇਥੇ ਕੀਤੇ ਜਾਣ ਵਾਲੇ ਕਾਰਜਾਂ ਸਬੰਧੀ ਆਰਕੀਟੈਕਟਾਂ ਅਤੇ ਸਥਾਨਕ ਸਿੱਖ ਆਗੂਆਂ ਨਾਲ ਵਿਚਾਰ-ਚਰਚਾ ਕੀਤੀ। ਜ਼ਿਕਰਯੋਗ ਹੈ ਕਿ ਇਹ 14 ਏਕੜ ਦੇ ਕਰੀਬ ਜ਼ਮੀਨ ਸਵਰਗੀ ਸ. ਦੀਦਾਰ ਸਿੰਘ ਬੈਂਸ ਅਤੇ ਪਰਿਵਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਵਫ਼ਦ ਵਿਚ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓ.ਐੱਸ.ਡੀ. ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਮੌਜੂਦ ਸਨ।

ਇਸ ਸਬੰਧੀ ਦਫ਼ਤਰ ਤੋਂ ਜਾਰੀ ਪ੍ਰੈੱਸ ਬਿਆਨ 'ਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਮਰੀਕਾ ਅਤੇ ਕੈਨੇਡਾ ਦੀਆਂ ਸੰਗਤਾਂ ਦੀਆਂ ਭਾਵਨਾਵਾਂ ਨੂੰ ਧਿਆਨ 'ਚ ਰੱਖਦਿਆਂ ਬੀਤੇ ਸਮੇਂ ਸ਼੍ਰੋਮਣੀ ਕਮੇਟੀ ਨੇ ਅਮਰੀਕਾ ਅੰਦਰ ਧਰਮ ਪ੍ਰਚਾਰ ਕੇਂਦਰ, ਪ੍ਰੈੱਸ, ਸਿੱਖ ਮਿਸ਼ਨ ਅਤੇ ਗੁਰਮਤਿ ਵਿਦਿਆਲਾ ਸਥਾਪਤ ਕਰਨ ਦਾ ਫੈਸਲਾ ਕੀਤਾ ਸੀ। ਇਸ ਕਾਰਜ ਲਈ ਸਵਰਗੀ ਸ. ਦੀਦਾਰ ਸਿੰਘ ਬੈਂਸ ਵੱਲੋਂ ਸ਼੍ਰੋਮਣੀ ਕਮੇਟੀ ਨੂੰ 14.5 ਏਕੜ ਜ਼ਮੀਨ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਅਮਰੀਕਾ ਕੈਨੇਡਾ ਤੋਂ ਬਹੁਤ ਸਾਰੀਆਂ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਵੱਡੀ ਮੰਗ ਪੁੱਜਦੀ ਹੈ, ਜੋ ਇਥੇ ਪ੍ਰੈੱਸ ਸਥਾਪਤ ਹੋਣ ਨਾਲ ਸਹਿਜੇ ਪੂਰੀਆਂ ਕੀਤੀ ਜਾ ਸਕੇਗੀ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਦੇ ਮਕਸਦ ਨਾਲ ਸਥਾਪਤ ਕੀਤਾ ਜਾ ਰਿਹਾ ਇਹ ਕੇਂਦਰ ਜਿਥੇ ਪ੍ਰਵਾਸੀ ਸਿੱਖ ਭਾਈਚਾਰੇ ਅਤੇ ਸਿੱਖ ਸੰਸਥਾ ਦੇ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰੇਗਾ, ਉਥੇ ਇਹ ਕੇਂਦਰ ਪ੍ਰਵਾਸੀ ਸਿੱਖ ਬੱਚਿਆਂ ਨੂੰ ਗੁਰਮਤਿ ਸਿਧਾਂਤਾਂ ਅਤੇ ਸਿੱਖੀ ਪ੍ਰੰਪਰਾਵਾਂ ਨਾਲ ਜੋੜਨ ਵਿਚ ਵੀ ਸਹਾਈ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਕਾਰਜ ਨੂੰ ਸਥਾਨਕ ਸਿੱਖ ਆਗੂਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਜਲਦ ਮੁਕੰਮਲ ਕੀਤਾ ਜਾਵੇਗਾ।

ਇਸ ਮੌਕੇ ਅਮਰੀਕਾ ਨਿਵਾਸੀ ਸ. ਕਰਮਦੀਪ ਸਿੰਘ ਬੈਂਸ (ਕਾਊਂਟੀ ਸੁਪਰਵਾਈਜ਼ਰ), ਹਰਗੁਰਜੀਤ ਸਿੰਘ ਬੱਲ, ਦਲਬੀਰ ਸਿੰਘ ਗਿੱਲ, ਪਰਮਜੀਤ ਸਿੰਘ ਗਿੱਲ, ਗੁਰਮੀਤ ਸਿੰਘ ਗਿੱਲ, ਗੁਰਨਾਮ ਸਿੰਘ ਪੰਮਾ, ਕੁਲਵੰਤ ਸਿੰਘ ਖੈਹਰਾ, ਬਲਜੀਤ ਸਿੰਘ ਮਾਨ, ਜੀਵਨ ਸਿੰਘ, ਗੁਰਸੇਵਕ ਸਿੰਘ ਭੰਗੂ, ਸੁਖਵੰਤ ਸਿੰਘ ਖੈਹਰਾ, ਸੁਖਵਿੰਦਰ ਸਿੰਘ, ਨਿਰਮਲ ਸਿੰਘ ਜੰਡਾ, ਮੁਖਤਿਆਰ ਸਿੰਘ ਗਰੇਵਾਲ, ਗੁਰਪ੍ਰੀਤ ਸਿੰਘ ਗਿੱਲ, ਇੰਦਰਜੀਤ ਸਿੰਘ ਹੈਪੀ, ਦਲਬੀਰ ਸਿੰਘ ਸੰਘੇੜਾ, ਜੋਗਿੰਦਰ ਸਿੰਘ ਨਿੱਜਰ ਅਤੇ ਹੋਰ ਮੌਜੂਦ ਸਨ।

## ਸ਼ੋਕ ਸਮਾਚਾਰ

# ਫਰਿਜ਼ਨੋ ਦੇ ਸਹੋਤਾ ਪਰਿਵਾਰ ਨੂੰ ਬੇਟੇ ਦੀ ਮੌਤ ਕਾਰਨ ਭਾਰੀ ਸਦਮਾ

### ਕਰਨਦੀਪ ਸਿੰਘ ਸਹੋਤਾ ਦੇ ਅਚਾਨਕ ਵਿਛੋੜੇ ਨਾਲ ਸਹੋਤਾ ਅਤੇ ਸਰਾਂ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ



ਕਰਨਦੀਪ ਸਿੰਘ ਸਹੋਤਾ

**ਫਰਿਜ਼ਨੋ (ਮਾਛੀਕੇ /ਧਾਲੀਆਂ/ ਪੰਜਾਬ ਮੇਲ)-** ਫਰਿਜ਼ਨੋ ਦੇ ਸਹੋਤਾ ਪਰਿਵਾਰ ਨੂੰ ਉਸ ਵੇਲੇ ਭਾਰੀ ਸਦਮਾ ਲੱਗਾ, ਜਦੋਂ ਪਰਿਵਾਰ ਦੇ ਨੌਜਵਾਨ ਸਪੁੱਤਰ ਕਰਨਦੀਪ ਸਿੰਘ ਸਹੋਤਾ ਦਾ ਅਚਾਨਕ ਦਿਹਾਂਤ ਹੋ ਗਿਆ। ਉਨ੍ਹਾਂ ਦੇ ਤੁਰ ਜਾਣ ਨਾਲ ਸਹੋਤਾ ਪਰਿਵਾਰ ਅਤੇ ਸਰਾਂ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ, ਕਰਨਦੀਪ ਸਿੰਘ ਸਹੋਤਾ ਆਪਣੇ ਖੇਤ ਵਿਚ ਪਾਣੀ ਲਾ ਰਹੇ ਸਨ ਕਿ ਅਚਾਨਕ ਕੈਨਾਲ ਦੇ ਕੰਢੇ ਤੋਂ ਫਿਸਲ ਕੇ ਪਾਣੀ ਵਿਚ ਡਿੱਗ ਪਏ। ਇਸ ਦੁਖਦਾਈ ਹਾਦਸੇ ਦੌਰਾਨ ਉਹ ਡੂੰਘੇ ਪਾਣੀ ਵਿਚ ਡੁੱਬ ਗਏ ਅਤੇ ਮੌਤ ਦੇ ਮੂੰਹ ਜਾ ਪਏ। ਇਸ ਅਚਾਨਕ ਵਾਪਰੀ ਘਟਨਾ ਨੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਸਮੂਹ ਭਾਈਚਾਰੇ ਨੂੰ ਗਹਿਰੇ ਸੋਗ ਵਿਚ ਡੁੱਬੋ ਦਿੱਤਾ ਹੈ। ਕਰਨਦੀਪ ਸਿੰਘ ਸਹੋਤਾ ਸਵਰਗੀ ਪਵਿੱਤਰ ਸਿੰਘ ਸਹੋਤਾ ਦੇ ਸਪੁੱਤਰ ਅਤੇ ਪ੍ਰਸਿੱਧ ਭਾਈਚਾਰਕ ਸ਼ਖਸੀਅਤ ਗੁਰਮਖ ਸਿੰਘ ਸਰਾਂ ਦੇ ਜਵਾਈ ਸਨ। ਉਹ ਆਪਣੇ ਮਿਲਣਸਾਰ ਸੁਭਾਅ, ਮਿਹਨਤੀ ਸ਼ਖਸੀਅਤ ਅਤੇ ਸਮਾਜਿਕ ਸਬੰਧਾਂ ਕਾਰਨ ਭਾਈਚਾਰੇ ਵਿਚ ਬਹੁਤ ਸਤਿਕਾਰ ਰੱਖਦੇ ਸਨ। ਸੋਗ ਸੂਚਨਾ ਅਨੁਸਾਰ, ਕਰਨਦੀਪ ਸਿੰਘ ਸਹੋਤਾ ਦੀ ਦੇਹ ਦਾ ਸਸਕਾਰ ਵੀਰਵਾਰ, 18 ਜੂਨ 2026 ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਸ਼ਾਂਤ ਭਵਨ, **4800 E. Clayton Ave, Fowler, CA** ਵਿਖੇ ਹੋਵੇਗਾ। ਇਸ ਉਪਰੰਤ ਭੋਗ ਗੁਰਦੁਆਰਾ ਸਾਹਿਬ ਕਰਦਰਜ਼ , 2025 W. Clemenceau Ave, Caruthers, CA ਵਿਖੇ ਪਵੇਗਾ।

**ਪਰਿਵਾਰ ਦੇ ਇਸ ਦੁੱਖ ਵਿਚ ਸ਼ਾਮਲ ਹੋਣ ਅਤੇ ਹਮਦਰਦੀ ਪ੍ਰਗਟ ਕਰਨ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ: ਗੁਰਮੁਖ ਸਰਾਂ : (559) 259-2476, ਚਰਨਜੀਤ ਸਹੋਤਾ : (559) 779-8215**

# ਐਰੀਜ਼ੋਨਾ ਦੇ ਕਾਲਜ 'ਚ ਇਨ-ਸਟੇਟ ਫੀਸ ਲਈ ਨਾਗਰਿਕਤਾ ਜਾਂ ਕਾਨੂੰਨੀ ਸਟੇਟਸ ਦਾ ਸਬੂਤ ਲਾਜ਼ਮੀ

**ਐਰੀਜ਼ੋਨਾ, (ਪੰਜਾਬ ਮੇਲ)-** ਅਮਰੀਕਾ ਦੇ ਐਰੀਜ਼ੋਨਾ ਰਾਜ ਵਿਚ ਸਥਿਤ ਈਸਟਰਨ ਐਰੀਜ਼ੋਨਾ ਕਾਲਜ ਨੇ ਵਿਦਿਆਰਥੀਆਂ ਨੂੰ ਯਾਦ ਦਿਵਾਇਆ ਹੈ ਕਿ ਇਨ-ਸਟੇਟ ਟਿਊਸ਼ਨ (ਘੱਟ ਫੀਸ) ਅਤੇ ਰਾਜ ਵੱਲੋਂ ਮਿਲਣ ਵਾਲੀ ਵਿੱਤੀ ਸਹਾਇਤਾ ਹਾਸਲ ਕਰਨ ਲਈ ਅਮਰੀਕੀ ਨਾਗਰਿਕਤਾ ਜਾਂ ਕਾਨੂੰਨੀ ਇਮੀਗ੍ਰੇਸ਼ਨ ਸਟੇਟਸ ਦਾ ਸਬੂਤ ਦੇਣਾ ਜ਼ਰੂਰੀ ਹੈ। ਇਹ ਨਿਯਮ ਐਰੀਜ਼ੋਨਾ ਦੇ ਪ੍ਰੋਪਜ਼ੀਸ਼ਨ 300 ਕਾਨੂੰਨ ਅਧੀਨ ਲਾਗੂ ਹੈ। ਇਸ ਕਾਨੂੰਨ ਮੁਤਾਬਕ, ਜਿਹੜੇ ਵਿਦਿਆਰਥੀ ਆਪਣੇ ਅਮਰੀਕੀ ਨਾਗਰਿਕ ਹੋਣ ਜਾਂ ਕਾਨੂੰਨੀ ਇਮੀਗ੍ਰੇਸ਼ਨ ਦਰਜੇ ਦਾ ਸਬੂਤ ਨਹੀਂ ਦਿੰਦੇ, ਉਨ੍ਹਾਂ ਨੂੰ ਕਾਲਜ ਵਿਚ ਦਾਖਲਾ ਤਾਂ ਮਿਲ ਸਕਦਾ ਹੈ, ਪਰ ਉਨ੍ਹਾਂ ਨੂੰ "ਆਊਟ-ਆਫ-ਸਟੇਟ" ਟਿਊਸ਼ਨ ਫੀਸ ਅਦਾ ਕਰਨੀ ਪਵੇਗੀ, ਜੋ ਆਮ ਤੌਰ 'ਤੇ ਕਾਫ਼ੀ ਵੱਧ ਹੁੰਦੀ ਹੈ। ਕਾਲਜ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਸਾਰੇ ਯੋਗ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਂਦਾ ਹੈ, ਪਰ ਘੱਟ ਫੀਸ ਅਤੇ ਰਾਜ ਸਰਕਾਰ ਦੀ ਆਰਥਿਕ ਮਦਦ ਲਈ ਲਾਜ਼ਮੀ ਦਸਤਾਵੇਜ਼ ਜਮ੍ਹਾਂ ਕਰਵਾਉਣੇ ਪੈਂਦੇ ਹਨ। ਇਸ ਵਿਚ ਅਮਰੀਕੀ ਪਾਸਪੋਰਟ, ਜਨਮ ਸਰਟੀਫਿਕੇਟ, ਨੈਚੁਰਲਾਈਜ਼ੇਸ਼ਨ ਸਰਟੀਫਿਕੇਟ, ਗ੍ਰੀਨ ਕਾਰਡ ਜਾਂ ਹੋਰ ਕਾਨੂੰਨੀ ਇਮੀਗ੍ਰੇਸ਼ਨ ਦਸਤਾਵੇਜ਼ ਸ਼ਾਮਲ ਹੋ ਸਕਦੇ ਹਨ।

# ICE ਨੇ ਟੈਕਸਾਸ ਅਤੇ ਨਾਰਥ ਕੈਰੋਲੀਨਾ ਦੇ ਵੋਟਰਾਂ ਦੇ ਰਿਕਾਰਡ ਹਾਸਲ ਕੀਤੇ

**■ ਗੈਰ-ਕਾਨੂੰਨੀ ਪ੍ਰਵਾਸੀਆਂ ਵੱਲੋਂ ਵੋਟਿੰਗ ਦੀ ਜਾਂਚ ਤੇਜ਼**

**ਵਾਸ਼ਿੰਗਟਨ, (ਪੰਜਾਬ ਮੇਲ)-** ਇੱਕ ਨਵੀਂ ਰਿਪੋਰਟ ਅਨੁਸਾਰ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਨੇ ਟੈਕਸਾਸ ਅਤੇ ਨਾਰਥ ਕੈਰੋਲੀਨਾ ਦੇ ਕੁਝ ਸਥਾਨਕ ਵੋਟਰ ਰਿਕਾਰਡ ਹਾਸਲ ਕੀਤੇ ਹਨ। ਇਹ ਜਾਣਕਾਰੀ ਕਥਿਤ ਤੌਰ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਵੱਲੋਂ ਵੋਟ ਪਾਉਣ ਦੇ ਸੰਭਾਵਿਤ ਮਾਮਲਿਆਂ ਦੀ ਪਛਾਣ ਕਰਨ ਲਈ ਇਕੱਠੀ ਕੀਤੀ ਗਈ ਹੈ।

ਰਿਪੋਰਟ ਮੁਤਾਬਕ, ਟਰੰਪ ਪ੍ਰਸ਼ਾਸਨ ਦੇ ਅਧੀਨ ਚੱਲ ਰਹੀ ਇਸ ਕੋਸ਼ਿਸ਼ ਦਾ ਮਕਸਦ ਇਹ ਪਤਾ ਲਗਾਉਣਾ ਹੈ ਕਿ ਕਿਤੇ ਅਜਿਹੇ ਲੋਕ ਤਾਂ ਵੋਟ ਨਹੀਂ ਪਾ ਰਹੇ, ਜਿਨ੍ਹਾਂ ਕੋਲ ਅਮਰੀਕੀ ਨਾਗਰਿਕਤਾ ਨਹੀਂ ਹੈ। ਇਸ ਸਬੰਧੀ ਟੈਕਸਾਸ ਦੇ ਵੈੱਬ ਕਾਊਂਟੀ ਅਤੇ ਨਾਰਥ ਕੈਰੋਲੀਨਾ ਦੇ ਫੋਰਸਿਥ ਕਾਊਂਟੀ ਦੇ ਵੋਟਰ ਰਿਕਾਰਡ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ (ਐੱਚ.ਐੱਸ.ਆਈ.) ਅਧਿਕਾਰੀਆਂ ਨਾਲ ਸਾਂਝੇ ਕੀਤੇ ਗਏ ਦੱਸੇ ਜਾ ਰਹੇ ਹਨ।

ਦਸਤਾਵੇਜ਼ਾਂ ਅਨੁਸਾਰ ਇਹ ਜਾਣਕਾਰੀ ਰਿਕਾਰਡ ਮੰਗਣ ਵਾਲੀਆਂ ਅਰਜ਼ੀਆਂ (ਜਨਤਕ ਰਿਕਾਰਡ ਬੇਨਤੀਆਂ) ਰਾਹੀਂ ਸਾਹਮਣੇ ਆਈ ਹੈ। ਜਾਂਚ ਦਾ ਕੇਂਦਰ ਉਹ ਮਾਮਲੇ ਹਨ, ਜਿੱਥੇ ਸ਼ੱਕ ਹੈ ਕਿ ਗੈਰ-ਨਾਗਰਿਕਾਂ ਨੇ ਵੋਟਿੰਗ ਪ੍ਰਕਿਰਿਆ ਵਿਚ ਹਿੱਸਾ ਲਿਆ ਹੋ ਸਕਦਾ ਹੈ। ਇਹ ਖ਼ਬਰ ਉਸ ਵੇਲੇ ਸਾਹਮਣੇ ਆਈ ਹੈ, ਜਦੋਂ ਕਾਂਗਰਸ ਵਿਚ **SAVE Act** ਬਾਰੇ ਵੀ ਚਰਚਾ ਚੱਲ ਰਹੀ ਹੈ। ਇਸ ਪ੍ਰਸਤਾਵਿਤ ਕਾਨੂੰਨ ਅਧੀਨ ਵੋਟਰ ਰਜਿਸਟ੍ਰੇਸ਼ਨ ਦੌਰਾਨ ਅਮਰੀਕੀ ਨਾਗਰਿਕਤਾ ਦਾ ਸਬੂਤ ਦੇਣਾ ਲਾਜ਼ਮੀ ਬਣਾਇਆ ਜਾ ਸਕਦਾ ਹੈ। ਸਮਰਥਕਾਂ ਦਾ ਕਹਿਣਾ ਹੈ ਕਿ ਇਸ ਨਾਲ ਚੋਣਾਂ ਦੀ ਪਵਿੱਤਰਤਾ ਅਤੇ ਭਰੋਸੇਯੋਗਤਾ ਮਜ਼ਬੂਤ ਹੋਵੇਗੀ। ਦੂਜੇ ਪਾਸੇ, ਨਾਗਰਿਕ ਅਧਿਕਾਰਾਂ ਨਾਲ ਜੁੜੀਆਂ ਸੰਸਥਾਵਾਂ ਅਤੇ ਕੁਝ ਡੈਮੋਕ੍ਰੈਟ ਆਗੂਆਂ ਨੇ ਚਿੰਤਾ ਜਤਾਈ ਹੈ ਕਿ ਵੋਟਰ ਡਾਟੇ ਦੀ ਇਸ ਤਰ੍ਹਾਂ ਜਾਂਚ ਕਰਨ ਨਾਲ ਲੋਕਾਂ ਦੀ ਨਿੱਜਤਾ ਪ੍ਰਭਾਵਿਤ ਹੋ ਸਕਦੀ ਹੈ ਅਤੇ ਯੋਗ ਵੋਟਰਾਂ ਵਿਚ ਡਰ ਦਾ ਮਾਹੌਲ ਪੈਦਾ ਹੋ ਸਕਦਾ ਹੈ। ਅਮਰੀਕੀ ਕਾਨੂੰਨ ਅਨੁਸਾਰ ਫੈਡਰਲ ਚੋਣਾਂ ਵਿਚ ਸਿਰਫ਼ ਅਮਰੀਕੀ ਨਾਗਰਿਕ ਹੀ ਵੋਟ ਪਾ ਸਕਦੇ ਹਨ। ਗੈਰ-ਨਾਗਰਿਕ ਵੱਲੋਂ ਜਾਣਬੁੱਝ ਕੇ ਵੋਟ ਪਾਉਣਾ ਇੱਕ ਗੰਭੀਰ ਕਾਨੂੰਨੀ ਉਲੰਘਣਾ ਮੰਨੀ ਜਾਂਦੀ ਹੈ, ਜਿਸ ਨਾਲ ਜੁਰਮਾਨੇ, ਫੌਜਦਾਰੀ ਕਾਰਵਾਈ ਜਾਂ ਇਮੀਗ੍ਰੇਸ਼ਨ ਸਬੰਧੀ ਨਤੀਜੇ ਨਿਕਲ ਸਕਦੇ ਹਨ।

# ਲੋਵਜ਼ ਅਤੇ ਹੋਮ ਡਿਪੋ ਦੇ ਗਾਹਕਾਂ ਲਈ ਨਵੀਂ ਚਿੰਤਾ: ਹੁਣ ਪੁਲਿਸ ਤੱਕ ਪਹੁੰਚ ਸਕਦੀ ਹੈ ਪਾਰਕਿੰਗ 'ਚ ਖੜ੍ਹੀ ਗੱਡੀ ਦੀ ਜਾਣਕਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਚੋਰੀ ਅਤੇ ਮਨੁੱਖੀ ਤਸਕਰੀ ਖ਼ਿਲਾਫ਼ ਕਾਰਵਾਈ ਨੂੰ ਤੇਜ਼ ਕਰਨ ਲਈ ਕਈ ਰਾਜਾਂ ਵਿਚ ਪੁਲਿਸ ਨੂੰ ਹੁਣ ਲੋਵਜ਼ (**Lowe's**) ਅਤੇ ਸੰਭਾਵਤ ਤੌਰ 'ਤੇ ਹੋਮ ਡਿਪੋ (**The Home Depot**) ਦੀਆਂ ਪਾਰਕਿੰਗਾਂ ਵਿਚ ਲੱਗੇ ਕੈਮਰਿਆਂ ਦੇ ਡਾਟੇ ਤੱਕ ਪਹੁੰਚ ਦਿੱਤੀ ਜਾ ਰਹੀ ਹੈ।

ਇਹ ਕੈਮਰੇ ਆਟੋਮੈਟਿਕ ਲਾਇਸੈਂਸ ਪਲੇਟ ਰੀਡਰ (ਐੱਲ.ਪੀ.ਆਰ.) ਤਕਨਾਲੋਜੀ ਦੀ ਵਰਤੋਂ ਕਰਦੇ ਹਨ। ਜਦੋਂ ਕੋਈ ਗੱਡੀ ਸਟੋਰ ਦੀ ਪਾਰਕਿੰਗ ਵਿਚ ਦਾਖਲ ਹੁੰਦੀ ਹੈ ਜਾਂ ਬਾਹਰ ਨਿਕਲਦੀ ਹੈ, ਤਾਂ ਕੈਮਰਾ ਉਸਦੀ ਲਾਇਸੈਂਸ ਪਲੇਟ ਦੀ ਤਸਵੀਰ ਲੈ ਕੇ ਸਮਾਂ, ਤਾਰੀਖ ਅਤੇ ਸਥਾਨ ਦਾ ਰਿਕਾਰਡ ਸੰਭਾਲ ਸਕਦਾ ਹੈ।

ਨੌਰਥ ਕੈਰੋਲੀਨਾ ਵਿਚ ਸਟੇਟ ਬਿਊਰੋ ਆਫ ਇਨਵੈਸਟਿਗੇਸ਼ਨ (ਐੱਸ.ਬੀ.ਆਈ.) ਨੂੰ ਲੋਵਜ਼ ਸਟੋਰਾਂ ਦੇ ਕੈਮਰਿਆਂ ਤੋਂ ਇਕੱਠੇ ਕੀਤੇ ਡਾਟੇ ਦੀ ਪਹੁੰਚ ਮਿਲ ਚੁੱਕੀ ਹੈ। ਇਹ ਪ੍ਰੋਗਰਾਮ ਨੌਰਥ ਕੈਰੋਲੀਨਾ, ਸਾਊਥ ਕੈਰੋਲੀਨਾ ਅਤੇ ਵਰਜੀਨੀਆ ਵਿਚ ਚੱਲ ਰਿਹਾ ਹੈ। ਪੁਲਿਸ ਦਾ ਕਹਿਣਾ ਹੈ ਕਿ ਇਸ ਡਾਟੇ ਦੀ ਵਰਤੋਂ ਮੁੱਖ ਤੌਰ 'ਤੇ ਸੰਗਠਿਤ ਰਿਟੇਲ ਚੋਰੀ ਕਰਨ ਵਾਲੇ ਗਿਰੋਹਾਂ ਅਤੇ ਮਨੁੱਖੀ ਤਸਕਰੀ ਦੇ ਮਾਮਲਿਆਂ ਦੀ ਜਾਂਚ ਲਈ ਕੀਤੀ ਜਾਂਦੀ ਹੈ।

ਅਧਿਕਾਰੀਆਂ ਦੇ ਅਨੁਸਾਰ, ਬਹੁਤ ਸਾਰੇ ਚੋਰ ਵੱਖ-ਵੱਖ ਸਟੋਰਾਂ ਤੋਂ ਮਹਿੰਗਾ ਸਮਾਨ ਚੋਰੀ ਕਰਕੇ ਅੱਗੇ ਵੇਚਦੇ ਹਨ। ਕੈਮਰਿਆਂ ਰਾਹੀਂ ਗੱਡੀਆਂ ਦੀ ਪਛਾਣ ਕਰਕੇ ਪੁਲਿਸ ਅਜਿਹੇ ਗਿਰੋਹਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੀ ਹੈ। ਮਨੁੱਖੀ ਤਸਕਰੀ ਦੇ ਕੇਸਾਂ ਵਿਚ ਵੀ ਸ਼ੱਕੀ ਵਾਹਨਾਂ ਦੀ ਲੋਕੇਸ਼ਨ ਅਤੇ ਆਵਾਜਾਈ ਦਾ ਪਤਾ ਲਗਾਉਣ ਲਈ ਇਹ ਡਾਟਾ ਮਦਦਗਾਰ ਮੰਨਿਆ ਜਾ ਰਿਹਾ ਹੈ।

ਹਾਲਾਂਕਿ, ਇਸ ਪ੍ਰੋਗਰਾਮ ਨੂੰ ਲੈ ਕੇ ਗੋਪਨੀਯਤਾ ਸੰਬੰਧੀ ਸਵਾਲ ਵੀ ਖੜ੍ਹੇ ਹੋ ਰਹੇ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਆਮ ਗਾਹਕ, ਜੋ ਸਿਰਫ਼ ਖਰੀਦਦਾਰੀ ਕਰਨ ਲਈ ਸਟੋਰ ਜਾਂਦੇ ਹਨ, ਉਨ੍ਹਾਂ ਦੀਆਂ ਗੱਡੀਆਂ ਦੀ ਜਾਣਕਾਰੀ ਵੀ ਰਿਕਾਰਡ ਹੋ ਰਹੀ ਹੈ। ਇਸ ਕਾਰਨ ਕਈ ਲੋਕਾਂ ਨੂੰ ਚਿੰਤਾ ਹੈ ਕਿ ਉਨ੍ਹਾਂ ਦੀਆਂ ਰੋਜ਼ਾਨਾ ਗਤੀਵਿਧੀਆਂ ਦੀ ਨਿਗਰਾਨੀ ਕੀਤੀ ਜਾ ਸਕਦੀ ਹੈ।

ਇਸੇ ਦੌਰਾਨ, ਕਨੈਕਟੀਕਟ ਦੇ ਵਿਧਾਇਕਾਂ ਨੇ ਲੋਵਜ਼ ਅਤੇ ਹੋਮ ਡਿਪੋ ਦੇ ਪ੍ਰਬੰਧਕਾਂ ਕੋਲੋਂ ਇਹ ਜਾਣਕਾਰੀ ਮੰਗੀ ਹੈ ਕਿ ਇਹ ਡਾਟਾ ਕਿੰਨੇ ਸਮੇਂ ਲਈ ਸੰਭਾਲਿਆ ਜਾਂਦਾ ਹੈ, ਇਸ ਦੀ ਪਹੁੰਚ ਕਿਸ ਕੋਲ ਹੁੰਦੀ ਹੈ ਅਤੇ ਗਾਹਕਾਂ ਦੀ ਨਿੱਜਤਾ ਦੀ ਰੱਖਿਆ ਲਈ ਕੀ ਪ੍ਰਬੰਧ ਕੀਤੇ ਗਏ ਹਨ।

ਜੇਕਰ ਇਹ ਪ੍ਰੋਗਰਾਮ ਹੋਰ ਰਾਜਾਂ ਵਿਚ ਵੀ ਵਧਾਇਆ ਗਿਆ, ਤਾਂ ਅਮਰੀਕਾ ਵਿਚ ਖਰੀਦਦਾਰੀ ਕਰਨ ਵਾਲੇ ਲੱਖਾਂ ਲੋਕਾਂ ਦੀਆਂ ਗੱਡੀਆਂ ਦੇ ਰਿਕਾਰਡ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਉਪਲਬਧ ਹੋ ਸਕਦੇ ਹਨ। ਇਸ ਕਰਕੇ ਸੁਰੱਖਿਆ ਅਤੇ ਨਿੱਜਤਾ ਵਿਚਕਾਰ ਸੰਤੁਲਨ ਬਾਰੇ ਚਰਚਾ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।

# ICE ਵੱਲੋਂ ਯੂਟਾਹ ਦੇ ਦੋ ਸਾਬਕਾ ਅਦਾਲਤੀ ਕਰਮਚਾਰੀ ਗ੍ਰਿਫ਼ਤਾਰ

**ਸਾਲਟ ਲੇਕ ਸਿਟੀ (ਯੂਟਾਹ), (ਪੰਜਾਬ ਮੇਲ)-** ਅਮਰੀਕਾ ਦੇ ਯੂਟਾਹ ਰਾਜ ਵਿਚ ਦੋ ਸਾਬਕਾ ਅਦਾਲਤੀ ਕਰਮਚਾਰੀਆਂ ਖ਼ਿਲਾਫ਼ ਗੰਭੀਰ ਦੋਸ਼ ਲਗਾਏ ਗਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇੱਕ ਗੈਰ-ਦਸਤਾਵੇਜ਼ੀ ਪ੍ਰਵਾਸੀ ਨੂੰ ICE (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਏਜੰਟਾਂ ਤੋਂ ਬਚਣ ਵਿਚ ਮਦਦ ਕੀਤੀ। ਫੈਡਰਲ ਅਧਿਕਾਰੀਆਂ ਅਨੁਸਾਰ ਇਹ ਘਟਨਾ ਲੋਗਨ ਸਿਟੀ ਮਿਊਂਸਿਪਲ ਜਸਟਿਸ ਕੋਰਟ ਵਿਚ ਵਾਪਰੀ। ਦੋਸ਼ ਹੈ ਕਿ ਅਦਾਲਤੀ ਕਰਮਚਾਰੀਆਂ ਨੇ ਇੱਕ ਵਿਅਕਤੀ ਨੂੰ ਅਦਾਲਤ ਦੇ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਕੱਢਣ ਵਿਚ ਮਦਦ ਕੀਤੀ, ਤਾਂ ਜੋ ਉਹ ICE ਅਧਿਕਾਰੀਆਂ ਦੀ ਗ੍ਰਿਫ਼ਤਾਰੀ ਤੋਂ ਬਚ ਸਕੇ। ਪ੍ਰੋਸੀਕਿਊਟਰਾਂ ਦਾ ਦਾਅਵਾ ਹੈ ਕਿ ਦੋਵੇਂ ਕਰਮਚਾਰੀ ਆਪਣੇ ਤੌਰ 'ਤੇ "ਐਂਟੀ-ICE" ਮੁਹਿੰਮ ਚਲਾ ਰਹੇ ਸਨ ਅਤੇ ਉਨ੍ਹਾਂ ਨੇ ਜਾਣਬੁੱਝ ਕੇ ਫੈਡਰਲ ਇਮੀਗ੍ਰੇਸ਼ਨ ਕਾਰਵਾਈ ਵਿਚ ਰੁਕਾਵਟ ਪਾਈ। ਇਸ ਕਾਰਨ ਉਨ੍ਹਾਂ ਖ਼ਿਲਾਫ਼ ਫੈਡਰਲ ਦੋਸ਼ ਦਰਜ ਕੀਤੇ ਗਏ ਹਨ।

# ਫੀਫਾ ਵਰਲਡ ਕੱਪ 2026 ਦੌਰਾਨ ICE ਦੀ ਮੌਜੂਦਗੀ ਨੂੰ ਲੈ ਕੇ ਪ੍ਰਵਾਸੀ ਭਾਈਚਾਰਿਆਂ 'ਚ ਡਰ ਦਾ ਮਾਹੌਲ

**ਨਿਊਯਾਰਕ, (ਪੰਜਾਬ ਮੇਲ)-** ਫੀਫਾ ਵਰਲਡ ਕੱਪ 2026 ਦੇ ਮੈਚਾਂ ਦੌਰਾਨ ਅਮਰੀਕਾ 'ਚ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (**ICE**) ਦੀ ਸੰਭਾਵਿਤ ਮੌਜੂਦਗੀ ਨੂੰ ਲੈ ਕੇ ਪ੍ਰਵਾਸੀ ਭਾਈਚਾਰਿਆਂ ਅਤੇ ਸਥਾਨਕ ਆਗੂਆਂ ਵਿਚ ਚਿੰਤਾ ਵੱਧ ਰਹੀ ਹੈ।

ਰਿਪੋਰਟਾਂ ਅਨੁਸਾਰ, ਕਈ ਸ਼ਹਿਰਾਂ ਵਿਚ ਭਾਈਚਾਰਕ ਸੰਗਠਨ ਅਤੇ ਪ੍ਰਵਾਸੀ ਹੱਕਾਂ ਲਈ ਕੰਮ ਕਰਨ ਵਾਲੇ ਗਰੁੱਪ ਵਰਲਡ ਕੱਪ ਦੌਰਾਨ ਲੋਕਾਂ ਨੂੰ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਬਾਰੇ ਜਾਣਕਾਰੀ ਦੇਣ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਨੂੰ ਡਰ ਹੈ ਕਿ ਵੱਡੇ ਖੇਡ ਸਮਾਗਮਾਂ ਦੌਰਾਨ ਸੁਰੱਖਿਆ ਪ੍ਰਬੰਧਾਂ ਦੇ ਨਾਂ 'ਤੇ ਇਮੀਗ੍ਰੇਸ਼ਨ ਜਾਂਚਾਂ ਵਧ ਸਕਦੀਆਂ ਹਨ।

ਨਿਊਯਾਰਕ ਦੇ ਬਰੁਕਲਿਨ ਸਮੇਤ ਕਈ ਇਲਾਕਿਆਂ ਵਿਚ ਰਹਿੰਦੇ ਪ੍ਰਵਾਸੀ ਪਰਿਵਾਰਾਂ ਦਾ ਕਹਿਣਾ ਹੈ ਕਿ ਉਹ ਵਰਲਡ ਕੱਪ ਦੇ ਮੈਚ ਦੇਖਣ ਅਤੇ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਉਤਸ਼ਾਹਿਤ ਹਨ, ਪਰ **ICE** ਦੀ ਸੰਭਾਵਿਤ ਕਾਰਵਾਈ ਨੂੰ ਲੈ ਕੇ ਚਿੰਤਤ ਵੀ ਹਨ। ਕੁਝ ਲੋਕਾਂ ਨੂੰ ਡਰ ਹੈ ਕਿ ਬਿਨਾਂ ਕਾਗਜ਼ਾਤ ਵਾਲੇ ਪ੍ਰਵਾਸੀ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਨਿਸ਼ਾਨਾ ਬਣ ਸਕਦੇ ਹਨ। ਦੂਜੇ ਪਾਸੇ, ਸਥਾਨਕ ਆਗੂਆਂ ਅਤੇ




ਮਨੁੱਖੀ ਅਧਿਕਾਰ ਸੰਸਥਾਵਾਂ ਦਾ ਕਹਿਣਾ ਹੈ ਕਿ ਵਰਲਡ ਕੱਪ ਵਰਗੇ ਅੰਤਰਰਾਸ਼ਟਰੀ ਸਮਾਗਮ ਲੋਕਾਂ ਨੂੰ ਜੋੜਨ ਲਈ ਹੁੰਦੇ ਹਨ ਅਤੇ ਕਿਸੇ ਵੀ ਭਾਈਚਾਰੇ ਵਿਚ ਡਰ ਦਾ ਮਾਹੌਲ ਨਹੀਂ ਬਣਨਾ ਚਾਹੀਦਾ। ਉਹ ਚਾਹੁੰਦੇ ਹਨ ਕਿ ਫੁੱਟਬਾਲ ਪ੍ਰੇਮੀ ਬਿਨਾਂ ਕਿਸੇ ਡਰ ਦੇ ਮੈਚਾਂ ਦਾ ਆਨੰਦ ਮਾਣ ਸਕਣ। ਫੀਫਾ ਵਰਲਡ ਕੱਪ 2026 ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਦੀ ਸਾਂਝੀ ਮੇਜ਼ਬਾਨੀ ਹੇਠ ਹੋ ਰਿਹਾ ਹੈ। ਲੱਖਾਂ ਪ੍ਰਸ਼ੰਸਕਾਂ ਦੇ ਆਉਣ ਦੀ ਉਮੀਦ ਕਾਰਨ ਸੁਰੱਖਿਆ ਏਜੰਸੀਆਂ ਵੀ ਵੱਡੇ ਪੱਧਰ 'ਤੇ ਤਿਆਰੀਆਂ ਕਰ ਰਹੀਆਂ ਹਨ। ਹਾਲਾਂਕਿ ਇਸ ਵੇਲੇ ਕੋਈ ਅਧਿਕਾਰਕ ਐਲਾਨ ਨਹੀਂ ਕੀਤਾ ਗਿਆ ਕਿ **ICE** ਵਰਲਡ ਕੱਪ ਸਟੇਡੀਅਮਾਂ ਜਾਂ ਪ੍ਰਸ਼ੰਸਕ ਸਮਾਗਮਾਂ ਵਿਚ ਵਿਸ਼ੇਸ਼ ਇਮੀਗ੍ਰੇਸ਼ਨ ਕਾਰਵਾਈ ਕਰੇਗੀ, ਪਰ ਚੱਲ ਰਹੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਕਾਰਨ ਪ੍ਰਵਾਸੀ ਭਾਈਚਾਰਿਆਂ 'ਚ ਚਿੰਤਾ ਬਣੀ ਹੋਈ ਹੈ।

# ਹੈਬੀਅਸ ਕਾਰਪਸ ਮੁਅੱਤਲ ਕਰਨ ਬਾਰੇ ਟਰੰਪ ਪ੍ਰਸ਼ਾਸਨ ਦੇ ਅੰਦਰੂਨੀ ਵਿਚਾਰਾਂ ਦਾ ਖੁਲਾਸਾ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਇੱਕ ਵੱਡਾ ਖੁਲਾਸਾ ਸਾਹਮਣੇ ਆਇਆ ਹੈ। ਰਿਪੋਰਟਾਂ ਮੁਤਾਬਕ ਵ੍ਹਾਈਟ ਹਾਊਸ ਦੇ ਕੁਝ ਉੱਚ ਅਧਿਕਾਰੀਆਂ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਤੇਜ਼ੀ ਨਾਲ ਦੇਸ਼ ਨਿਕਾਲਾ ਦੇਣ ਲਈ ਅਮਰੀਕੀ ਸੰਵਿਧਾਨ ਦੇ ਇੱਕ ਬੁਨਿਆਦੀ ਅਧਿਕਾਰ ਹੈਬੀਅਸ ਕਾਰਪਸ ਨੂੰ ਮੁਅੱਤਲ ਕਰਨ ਦੀ ਸੰਭਾਵਨਾ 'ਤੇ ਵਿਚਾਰ ਕੀਤਾ ਸੀ।

ਹੈਬੀਅਸ ਕਾਰਪਸ ਉਹ ਸੰਵਿਧਾਨਕ ਹੱਕ ਹੈ, ਜੋ ਸਰਕਾਰ ਵੱਲੋਂ ਹਿਰਾਸਤ ਵਿਚ ਲਏ ਗਏ ਵਿਅਕਤੀ ਨੂੰ ਅਦਾਲਤ ਵਿਚ ਜਾ ਕੇ ਆਪਣੀ ਹਿਰਾਸਤ ਨੂੰ ਚੁਣੌਤੀ ਦੇਣ ਦਾ ਮੌਕਾ ਦਿੰਦਾ ਹੈ। ਕਾਨੂੰਨੀ ਮਾਹਿਰ ਇਸਨੂੰ ਵਿਅਕਤੀਗਤ ਆਜ਼ਾਦੀ ਦੀ ਸਭ ਤੋਂ ਮਹੱਤਵਪੂਰਨ ਸੁਰੱਖਿਆ ਮੰਨਦੇ ਹਨ।

ਰਿਪੋਰਟ ਅਨੁਸਾਰ ਵ੍ਹਾਈਟ ਹਾਊਸ ਦੇ ਸਟਾਫ਼ ਸਕੱਤਰ ਵਿਲ ਸ਼ਾਰਫ ਨੇ ਅਪ੍ਰੈਲ 2025 ਵਿਚ ਇੱਕ ਗੁਪਤ ਮੈਮੋ ਤਿਆਰ ਕੀਤਾ ਸੀ, ਜਿਸ ਵਿਚ ਚੇਤਾਵਨੀ ਦਿੱਤੀ ਗਈ ਸੀ ਕਿ ਹੈਬੀਅਸ ਕਾਰਪਸ ਨੂੰ ਮੁਅੱਤਲ ਕਰਨਾ ਅਮਰੀਕੀ ਇਤਿਹਾਸ ਵਿਚ ਸਿਰਫ਼ ਬਹੁਤ ਹੀ ਗੰਭੀਰ ਹਾਲਾਤਾਂ— ਜਿਵੇਂ ਜੰਗ ਜਾਂ ਹਥਿਆਰਬੰਦ ਬਗਾਵਤ— ਦੌਰਾਨ ਕੀਤਾ ਗਿਆ ਹੈ।

ਮੈਮੋ ਵਿਚ ਕਿਹਾ ਗਿਆ ਸੀ ਕਿ ਅਮਰੀਕੀ ਇਤਿਹਾਸ ਵਿਚ ਇਹ ਹੱਕ ਕੇਵਲ ਚਾਰ ਵਾਰ ਮੁਅੱਤਲ ਹੋਇਆ ਹੈ ਅਤੇ ਲਗਭਗ ਹਰ ਵਾਰ ਦੇਸ਼ ਜੰਗ ਜਾਂ ਵੱਡੇ ਰਾਸ਼ਟਰੀ ਸੰਕਟ ਦਾ ਸਾਹਮਣਾ ਕਰ ਰਿਹਾ ਸੀ। ਇੱਥੋਂ ਤੱਕ ਕਿ ਜਦੋਂ ਕਾਂਗਰਸ ਨੇ ਹੈਬੀਅਸ ਕਾਰਪਸ ਮੁਅੱਤਲ ਕੀਤਾ, ਤਦ ਵੀ ਅਦਾਲਤਾਂ ਨੇ ਕਿਸੇ ਨਾ ਕਿਸੇ ਵਿਕਲਪਿਕ ਕਾਨੂੰਨੀ ਪ੍ਰਕਿਰਿਆ ਦੀ ਮੰਗ ਕੀਤੀ ਸੀ।

ਇਹ ਚਰਚਾ ਉਸ ਵੇਲੇ ਹੋਈ, ਜਦੋਂ ਟਰੰਪ ਪ੍ਰਸ਼ਾਸਨ ਅਤੇ ਫੈਡਰਲ ਅਦਾਲਤਾਂ ਵਿਚਕਾਰ ਵੈਨੇਜ਼ੁਏਲਾ ਪ੍ਰਵਾਸੀਆਂ ਨੂੰ ਅਲ ਸਲਵਾਡੋਰ ਭੇਜਣ ਦੇ ਮਾਮਲੇ 'ਤੇ ਟਕਰਾਅ ਚੱਲ ਰਿਹਾ ਸੀ। ਸੁਪਰੀਮ ਕੋਰਟ ਨੇ ਭਾਵੇਂ ਏਲੀਅਨਜ਼ ਐਨਿਮੀਜ਼ ਐਕਟ ਦੀ ਵਰਤੋਂ ਕਰਕੇ ਕੁਝ ਡਿਪੋਰਟੇਸ਼ਨ ਦੀ ਇਜਾਜ਼ਤ ਦਿੱਤੀ ਸੀ, ਪਰ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਸੀ ਕਿ ਪ੍ਰਵਾਸੀਆਂ ਨੂੰ ਆਪਣੀ ਡਿਪੋਰਟੇਸ਼ਨ ਨੂੰ ਅਦਾਲਤ ਵਿਚ ਚੁਣੌਤੀ ਦੇਣ ਦਾ ਮੌਕਾ ਮਿਲਣਾ ਚਾਹੀਦਾ ਹੈ।

ਵ੍ਹਾਈਟ ਹਾਊਸ ਦੇ ਡਿਪਟੀ ਚੀਫ਼ ਆਫ਼ ਸਟਾਫ਼ ਸਟੀਫ਼ਨ ਮਿਲਰ ਨੇ ਬਾਅਦ ਵਿਚ ਜਨਤਕ ਤੌਰ 'ਤੇ ਕਿਹਾ ਸੀ ਕਿ ਪ੍ਰਸ਼ਾਸਨ ਹੈਬੀਅਸ ਕਾਰਪਸ ਨੂੰ ਮੁਅੱਤਲ ਕਰਨ ਦੇ ਵਿਕਲਪ 'ਤੇ ਵਿਚਾਰ ਕਰ ਰਹੀ ਹੈ। ਉਨ੍ਹਾਂ ਦਾ ਤਰਕ ਸੀ ਕਿ ਸੰਵਿਧਾਨ 'ਤੇ ਹਮਲੇ ਜਾਂ ਹਮਲੇ ਦੀ ਸਥਿਤੀ ਵਿਚ ਇਹ ਅਧਿਕਾਰ ਦਿੰਦਾ ਹੈ। ਹਾਲਾਂਕਿ ਕਈ ਕਾਨੂੰਨੀ ਵਿਦਵਾਨਾਂ ਨੇ ਇਸ ਦਲੀਲ ਨੂੰ ਚੁਣੌਤੀ ਦਿੱਤੀ।


ਮਾਮਲਾ ਉਸ ਵੇਲੇ ਹੋਰ ਵਿਵਾਦਿਤ ਬਣ ਗਿਆ, ਜਦੋਂ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਦੀ ਮੁਖੀ ਕ੍ਰਿਸਟੀ ਨੋਇਮ ਇੱਕ ਕਾਂਗਰੇਸ਼ਨਲ ਸੁਣਵਾਈ ਦੌਰਾਨ ਹੈਬੀਅਸ ਕਾਰਪਸ ਦੀ ਪਰਿਭਾਸ਼ਾ ਸਹੀ ਢੰਗ ਨਾਲ ਨਹੀਂ ਦੱਸ ਸਕੀ। ਸੈਨੇਟਰਾਂ ਨੇ ਤੁਰੰਤ ਸਪੱਸ਼ਟ ਕੀਤਾ ਕਿ ਹੈਬੀਅਸ ਕਾਰਪਸ ਰਾਸ਼ਟਰਪਤੀ ਨੂੰ ਲੋਕਾਂ ਨੂੰ ਦੇਸ਼ ਤੋਂ ਕੱਢਣ ਦਾ ਹੱਕ ਨਹੀਂ ਦਿੰਦਾ, ਸਗੋਂ ਇਹ ਵਿਅਕਤੀਆਂ ਨੂੰ ਗੈਰ-ਕਾਨੂੰਨੀ ਹਿਰਾਸਤ ਤੋਂ ਬਚਾਉਣ ਲਈ ਬਣਾਇਆ ਗਿਆ ਸੰਵਿਧਾਨਕ ਸੁਰੱਖਿਆ ਪ੍ਰਬੰਧ ਹੈ।

ਇਸੇ ਦੌਰਾਨ ICE ਵੱਲੋਂ ਵੱਡੇ ਪੱਧਰ 'ਤੇ ਲਾਜ਼ਮੀ ਡਿਟੈਂਨਸ਼ਨ ਪਾਲਿਸੀਆਂ ਲਾਗੂ ਕੀਤੀਆਂ ਗਈਆਂ, ਜਿਨ੍ਹਾਂ ਤਹਿਤ ਹਜ਼ਾਰਾਂ ਪ੍ਰਵਾਸੀਆਂ ਨੂੰ ਬਾਂਡ ਸੁਣਵਾਈ ਤੋਂ ਬਿਨਾਂ ਹਫ਼ਤਿਆਂ ਜਾਂ ਮਹੀਨਿਆਂ ਲਈ ਹਿਰਾਸਤ ਵਿਚ ਰੱਖਿਆ ਗਿਆ। ਇਸ ਦੇ ਵਿਰੁੱਧ ਦੇਸ਼ ਭਰ ਦੀਆਂ ਫੈਡਰਲ ਅਦਾਲਤਾਂ ਵਿਚ

## ਅਮਰੀਕਾ 'ਚ ਟਰੱਕ ਡਰਾਈਵਰਾਂ ਦੀ ਜਾਂਚ ਹੋਵੇਗੀ ਹੋਰ ਸਖ਼ਤ !

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਟਰੱਕਿੰਗ ਉਦਯੋਗ ਅਤੇ ਕਮਰਸ਼ੀਅਲ ਡਰਾਈਵਰਾਂ ਨੂੰ ਲੈ ਕੇ ਇੱਕ ਨਵੀਂ ਚਰਚਾ ਛਿੜ ਗਈ ਹੈ। ਅਮਰੀਕੀ ਟਰਾਂਸਪੋਰਟੇਸ਼ਨ ਸਕੱਤਰ ਸੀਨ ਡਫੀ ਨੇ ਕਿਹਾ ਹੈ ਕਿ ਗੈਰ-ਕਾਨੂੰਨੀ ਤੌਰ 'ਤੇ ਦੇਸ਼ ਵਿਚ ਰਹਿ ਰਹੇ ਜਾਂ ਫੈਡਰਲ ਨਿਯਮਾਂ ਅਨੁਸਾਰ ਯੋਗਤਾ ਪੂਰੀ ਨਾ ਕਰਨ ਵਾਲੇ ਡਰਾਈਵਰ ਅਮਰੀਕੀ ਸੜਕਾਂ ਦੀ ਸੁਰੱਖਿਆ ਲਈ ਵੱਡਾ ਖ਼ਤਰਾ ਬਣ ਸਕਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਟਰੱਕਿੰਗ ਉਦਯੋਗ ਵਿਚ ਲਾਇਸੈਂਸ ਜਾਰੀ ਕਰਨ ਦੀ ਪ੍ਰਕਿਰਿਆ, ਡਰਾਈਵਰ ਟ੍ਰੇਨਿੰਗ, ਕੰਪਨੀਆਂ ਦੀ ਨਿਗਰਾਨੀ ਅਤੇ ਕਾਨੂੰਨਾਂ ਦੀ ਪਾਲਣਾ ਨੂੰ ਲੈ ਕੇ ਵੱਡੇ ਸੁਧਾਰਾਂ ਦੀ ਲੋੜ ਹੈ। ਸੀਨ ਡਫੀ ਨੇ ਕਿਹਾ ਕਿ ਅਮਰੀਕਾ ਦੀ ਅਰਥਵਿਵਸਥਾ ਟਰੱਕਿੰਗ ਉਦਯੋਗ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ। ਦੇਸ਼ ਵਿਚ ਹਰ ਰੋਜ਼ ਲੱਖਾਂ ਟਨ ਸਮਾਨ ਇੱਕ ਰਾਜ ਤੋਂ ਦੂਜੇ ਰਾਜ ਤੱਕ ਟਰੱਕਾਂ ਰਾਹੀਂ ਪਹੁੰਚਾਇਆ ਜਾਂਦਾ ਹੈ। ਅਮਰੀਕੀ ਟਰੱਕਿੰਗ ਐਸੋਸੀਏਸ਼ਨਾਂ ਦੇ ਅੰਕੜਿਆਂ ਮੁਤਾਬਕ 2024 ਦੌਰਾਨ ਦੇਸ਼ ਦੇ ਕੁੱਲ ਘਰੇਲੂ ਮਾਲ ਦਾ ਲਗਭਗ 73 ਫੀਸਦੀ ਹਿੱਸਾ ਟਰੱਕਾਂ ਰਾਹੀਂ ਢੋਇਆ ਗਿਆ ਸੀ। ਇਸ ਕਰਕੇ ਟਰੱਕ ਡਰਾਈਵਰਾਂ ਦੀ ਯੋਗਤਾ ਅਤੇ ਸੁਰੱਖਿਆ ਸਿਰਫ਼ ਟਰੱਕਿੰਗ ਉਦਯੋਗ ਦਾ ਨਹੀਂ, ਸਗੋਂ ਪੂਰੇ ਦੇਸ਼ ਦੀ ਸੁਰੱਖਿਆ ਅਤੇ ਸਪਲਾਈ ਚੇਨ ਦਾ ਮੁੱਦਾ ਬਣ ਜਾਂਦੀ ਹੈ।

## ਅਮਰੀਕਾ ਤੋਂ ਕੈਨੇਡਾ ਨਸ਼ਾ ਲਿਜਾਂਦੇ 2 ਭਾਰਤੀ ਟਰੱਕ ਡਰਾਈਵਰ ਗ੍ਰਿਫ਼ਤਾਰ



ਅਧਿਕਾਰੀਆਂ ਵੱਲੋਂ ਜਾਰੀ ਚੰਦਨ ਦਿਆਲ ਤੇ ਵੈਭਵ ਸਕਸੈਨਾ ਦੀਆਂ ਤਸਵੀਰਾਂ।

ਵੈਨਕੂਵਰ, (ਪੰਜਾਬ ਮੇਲ)- ਅਮਰੀਕਾ ਦੇ ਬਾਰਡਰ ਸੁਰੱਖਿਆ ਅਧਿਕਾਰੀਆਂ ਨੇ ਅਮਰੀਕਾ ਤੋਂ ਕੈਨੇਡਾ ਨਸ਼ਾ ਲਿਜਾਂਦਿਆਂ ਦੋ ਭਾਰਤੀ ਟਰੱਕ ਡਰਾਇਵਰਾਂ ਨੂੰ ਗ੍ਰਿਫਤਾਰ ਕੀਤਾ ਹੈ। ਦੋਵੇਂ ਕਾਫੀ ਸਮੇਂ ਤੋਂ ਆਰ-ਪਾਰ ਟਰੱਕ ਚਲਾ ਰਹੇ ਸਨ। ਜਾਣਕਾਰੀ ਅਨੁਸਾਰ ਬੀਤੇ ਹਫ਼ਤੇ ਫੜੇ ਗਏ ਬਰੈਂਪਟਨ ਵਾਸੀ ਵੈਭਵ ਸਕਸੈਨਾ ਨੂੰ ਮਿਸ਼ੀਗਨ ਸਰਹੱਦੀ ਕਰਾਸਿੰਗ ਤੇ ਚਾਲੀ ਕਿਲੋ ਪੋਸਤ ਡੋਡਿਆਂ ਸਮੇਤ ਫੜਿਆ ਗਿਆ, ਜੋ ਉਹ ਟਰੱਕ 'ਚ ਬਣਾਏ ਖਾਸ ਖਾਨੇ ਵਿਚ ਲੁਕੋ ਕੇ ਕੈਨੇਡਾ ਲਿਜਾ ਰਿਹਾ ਸੀ। ਉਹ ਕੁਝ ਦਿਨਾਂ ਤੋਂ ਸਰੱਖਿਆ ਏਜੰਟਾਂ ਦੇ ਰਾਡਾਰ ਹੇਠ ਸੀ। ਬੀਤੇ ਦਿਨੀਂ ਸਰਹੱਦ ਪਾਰ ਕਰਨ ਵੇਲੇ ਉਸਦੇ ਟਰੱਕ ਦੀ ਤਲਾਸ਼ੀ ਲਈ ਗਈ, ਤਾਂ ਖਾਸ ਠਿਕਾਣੇ 'ਚੋਂ ਡੋਡੇ ਬਰਾਮਦ ਹੋਣ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਇਸੇ ਤਰਾਂ ਬਲੂ ਵਾਟਰ ਸਰਹੱਦੀ ਲਾਂਘੇ 'ਤੇ ਚੰਦਨ ਦਿਆਲ ਨਾਂਅ ਵਾਲੇ ਟਰੱਕ ਡਰਾਇਵਰ ਦੀ ਜਾਂਚ ਕੀਤੀ ਗਈ, ਤਾਂ ਉਸ ਕੋਲੋਂ ਤੇਜ਼ ਨਸ਼ੇ ਨੂੰ ਇੱਟਾਂ ਦਾ ਰੂਪ ਦੇ ਕੇ ਕਾਗਜਾਂ 'ਚ ਲਪੇਟਿਆ ਹੋਇਆ ਸੀ। ਮੁਲਜ਼ਮ ਵੱਲੋਂ ਇੱਕ ਇੱਕ ਕਿਲੋ ਦੀਆਂ 55 ਇੱਟਾਂ ਨੂੰ ਗੱਤੇ ਦੇ ਡੱਬੇ 'ਚ ਪੈਕ ਕਰਕੇ ਇੱਕ ਲੇਬਲ ਲਾਇਆ ਹੋਇਆ ਸੀ। ਵੇਰਵਿਆਂ ਅਨੁਸਾਰ ਇਹ ਨਸ਼ਾ ਉਹ ਵਿਸਕਾਨਸਿਨ ਤੋਂ ਲੈ ਕੇ ਆਇਆ ਸੀ, ਜਿੱਥੇ ਦੇ ਗੇੜੇ ਉਹ ਅਕਸਰ ਲਾਉਂਦਾ ਰਹਿੰਦਾ ਸੀ।

ਜਾਂਚ ਮੌਕੇ ਅਧਿਕਾਰੀਆਂ ਨੇ ਉਸ ਡੱਬੇ ਵਿਚਲੀ ਵਸਤੂ ਬਾਰੇ ਜਾਣਕਾਰੀ ਮੰਗੀ, ਤਾਂ ਚੰਦਨ ਨੇ ਗੁਮਰਾਹ ਕਰਨ ਦੇ ਯਤਨ ਕੀਤੇ, ਪਰ ਡੱਬਾ ਖੋਲ੍ਹੇ ਜਾਣ 'ਤੇ ਸਾਰਾ ਭੇਤ ਖੁੱਲ ਗਿਆ ਅਤੇ ਗ੍ਰਿਫ਼ਤਾਰੀ ਤੋਂ ਬਾਅਦ ਉਸ ਨੇ ਮੰਨਿਆ ਕਿ ਉਹ ਕਈ ਮਹੀਨਿਆਂ ਤੋਂ ਇਹ ਕੰਮ ਕਰ ਰਿਹਾ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਅਮਰੀਕਾ ਦੀ ਸੁਪਰੀਮ ਕੋਰਟ ਦੇ ਫੈਸਲੇ ਬਦਲ ਸਕਦੇ ਨੇ ਟਰੰਪ ਦੇ ਦੂਜੇ ਕਾਰਜਕਾਲ ਦੀ ਦਿਸ਼ਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੁਪਰੀਮ ਕੋਰਟ ਆਉਣ ਵਾਲੇ ਹਫ਼ਤਿਆਂ ਅਤੇ ਅਗਲੇ ਟਰਮ ਵਿਚ ਅਜਿਹੇ ਕੇਸਾਂ 'ਤੇ ਫੈਸਲੇ ਕਰਨ ਜਾ ਰਹੀ ਹੈ, ਜਿਨ੍ਹਾਂ ਦਾ ਸਿੱਧਾ ਅਸਰ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੇ ਏਜੰਡੇ 'ਤੇ ਪੈ ਸਕਦਾ ਹੈ। ਇਹ ਕੇਸ ਸਿਰਫ਼ ਕਾਨੂੰਨੀ ਮੁੱਦੇ ਨਹੀਂ, ਸਗੋਂ ਇਹ ਸਵਾਲ ਵੀ ਹਨ ਕਿ ਰਾਸ਼ਟਰਪਤੀ ਦੀ ਤਾਕਤ ਕਿੰਨੀ ਦੂਰ ਤੱਕ ਜਾ ਸਕਦੀ ਹੈ ਅਤੇ ਸੰਵਿਧਾਨ ਉਸ 'ਤੇ ਕਿਹੜੀਆਂ ਹੱਦਾਂ ਲਗਾਉਂਦਾ ਹੈ।

ਸਭ ਤੋਂ ਵੱਡਾ ਮੁੱਦਾ ਇਮੀਗ੍ਰੇਸ਼ਨ ਹੈ। ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਦੀ ਅਪੀਲ ਸੁਣਨ ਲਈ ਮਨਜ਼ੂਰੀ ਦਿੱਤੀ ਹੈ, ਜਿਸ ਵਿਚ ਕੁਝ ਇਮੀਗ੍ਰੈਂਟਸ ਨੂੰ ਦੇਸ਼ ਨਿਕਾਲੇ ਦੀ ਕਾਰਵਾਈ ਦੌਰਾਨ ਲੰਬੇ ਸਮੇਂ ਤੱਕ ਬਾਂਡ ਸੁਣਵਾਈ ਤੋਂ ਬਿਨਾਂ ਡਿਟੈਂਨਸ਼ਨ ਵਿਚ ਰੱਖਣ ਦਾ ਮਾਮਲਾ ਹੈ। ਹੇਠਲੀ ਅਦਾਲਤ ਨੇ ਕਿਹਾ ਸੀ ਕਿ ਲੰਬੀ ਡਿਟੈਂਨਸ਼ਨ ਬਿਨਾਂ ਸੁਣਵਾਈ ਦੇ 5ਵੀਂ ਸੋਧ ਦੀ ਬਣਦੀ ਪ੍ਰਕਿਰਿਆ ਨਾਲ ਟਕਰਾਅ ਸਕਦੀ ਹੈ। ਇਹ ਫੈਸਲਾ ICE ਅਤੇ ਇਮੀਗ੍ਰੇਸ਼ਨ ਡਿਟੈਂਨਸ਼ਨ ਪਾਲਿਸੀ ਲਈ ਬਹੁਤ ਵੱਡਾ ਹੋ ਸਕਦਾ ਹੈ। ਦੂਜਾ ਵੱਡਾ ਕੇਸ ਬਰਥਰਾਈਟ ਸਿਟੀਜ਼ਨਸ਼ਿਪ ਨਾਲ ਜੁੜਿਆ ਹੈ। ਟਰੰਪ ਪ੍ਰਸ਼ਾਸਨ ਨੇ ਕਾਰਜਕਾਰੀ ਹੁਕਮਾਂ ਰਾਹੀਂ ਉਨ੍ਹਾਂ ਬੱਚਿਆਂ ਦੀ ਆਟੋਮੈਟਿਕ ਸਿਟੀਜ਼ਨਸ਼ਿਪ ਰੋਕਣ ਦੀ ਕੋਸ਼ਿਸ਼ ਕੀਤੀ ਸੀ, ਜਿਨ੍ਹਾਂ ਦੇ ਮਾਪੇ ਗੈਰ-ਦਸਤਾਵੇਜ਼ੀ ਜਾਂ ਟੈਂਪਰੇਰੀ ਸਟੇਟਸ 'ਤੇ ਹਨ। ਸੁਪਰੀਮ ਕੋਰਟ ਨੇ ਇਸ ਮਾਮਲੇ 'ਤੇ ਦਲੀਲਾਂ ਸੁਣੀਆਂ ਹਨ, ਅਤੇ ਕਈ ਜੱਜਾਂ ਨੇ ਪ੍ਰਸ਼ਾਸਨ ਦੀ ਦਲੀਲ 'ਤੇ ਸੰਦੇਹ ਦਿਖਾਇਆ। ਜੇ ਅਦਾਲਤ ਨੇ ਟਰੰਪ ਦੇ ਹੱਕ ਵਿਚ ਫੈਸਲਾ ਦਿੱਤਾ, ਤਾਂ 14ਵੀਂ ਸੋਧ ਦੀ ਸਦੀ ਪੁਰਾਣੀ ਵਿਆਖਿਆ ਬਦਲ ਸਕਦੀ ਹੈ। ਟੈਂਪਰੇਰੀ ਪ੍ਰੋਟੈਕਟਿਡ ਸਟੇਟਸ, ਯਾਨੀ ਟੀ.ਪੀ.ਐੱਸ., ਵੀ ਸੁਪਰੀਮ ਕੋਰਟ ਅੱਗੇ ਮਹੱਤਵਪੂਰਨ ਮੁੱਦਾ ਹੈ। ਟਰੰਪ ਪ੍ਰਸ਼ਾਸਨ ਹੈਤੀ ਅਤੇ ਸੀਰੀਆ ਵਰਗੇ ਦੇਸ਼ਾਂ ਦੇ ਲੱਖਾਂ ਲੋਕਾਂ ਦੀ ਟੈਂਪਰੇਰੀ ਲੀਗਲ ਪ੍ਰੋਟੈਕਸ਼ਨ ਖਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਫੈਸਲੇ ਦਾ ਅਸਰ 3.5 ਲੱਖ ਤੋਂ ਵੱਧ ਇਮੀਗ੍ਰੈਂਟਸ 'ਤੇ ਪੈ ਸਕਦਾ ਹੈ।

## ਵਰਲਡ ਕੱਪ 2026 ਦੌਰਾਨ ਸੁਰੱਖਿਆ ਅਲਰਟ: ਡਰੋਨ ਉਡਾਉਣ ਵਾਲਾ ਗੈਰ-ਕਾਨੂੰਨੀ ਪ੍ਰਵਾਸੀ ਗ੍ਰਿਫ਼ਤਾਰ

ਅਟਲਾਂਟਾ, (ਪੰਜਾਬ ਮੇਲ)- ਅਮਰੀਕਾ 'ਚ ਚੱਲ ਰਹੇ ਫੀਫਾ ਵਰਲਡ ਕੱਪ 2026 ਦੌਰਾਨ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਇੱਕ ਹੋਰ ਵੱਡਾ ਮਾਮਲਾ ਸਾਹਮਣੇ ਆਇਆ ਹੈ। ਐੱਫ.ਬੀ.ਆਈ. ਨੇ ਅਟਲਾਂਟਾ ਦੇ ਸੈਂਟੇਨਿਅਲ ਓਲੰਪਿਕ ਪਾਰਕ ਇਲਾਕੇ ਵਿਚ ਡਰੋਨ ਉਡਾਉਣ ਦੇ ਦੋਸ਼ ਹੇਠ ਮੈਕਸੀਕੋ ਦੇ ਇੱਕ ਗੈਰ-ਕਾਨੂੰਨੀ ਪ੍ਰਵਾਸੀ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਲੋਰੈਂਜ਼ੋ ਰੋਹਾਸ-ਮਾਰਟੀਨੇਜ਼ ਵਜੋਂ ਹੋਈ ਹੈ। ਅਧਿਕਾਰੀਆਂ ਅਨੁਸਾਰ ਉਸ ਨੂੰ ਪਹਿਲਾਂ ਵੀ ਦੋ ਵਾਰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਚੁੱਕਾ ਸੀ ਅਤੇ ਉਸ ਦਾ ਕੋਕੀਨ ਵੰਡਣ ਨਾਲ ਸੰਬੰਧਿਤ ਇੱਕ ਅਪਰਾਧਿਕ ਰਿਕਾਰਡ ਵੀ ਮੌਜੂਦ ਹੈ। ਐੱਫ.ਬੀ.ਆਈ. ਅਨੁਸਾਰ 12 ਜੂਨ ਨੂੰ ਵਰਲਡ ਕੱਪ ਫੈਨ ਫੈਸਟੀਵਲ ਦੌਰਾਨ ਉਹ ਪਾਬੰਦੀਸ਼ੁਦਾ ਹਵਾਈ ਖੇਤਰ ਵਿਚ ਡਰੋਨ ਉਡਾ ਰਿਹਾ ਸੀ ਅਤੇ ਸਮਾਗਮ ਦੀ ਵੀਡੀਓ ਰਿਕਾਰਡ ਕਰ ਰਿਹਾ ਸੀ।

## ਏ.ਪੀ. ਢਿੱਲੋਂ ਦੇ ਘਰ ਗੋਲ਼ੀਆਂ ਚਲਾਉਣ ਵਾਲੇ ਨੇ ਕਬੂਲਿਆ ਗੁਨਾਹ !

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੇ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ (ਆਈ.ਆਰ.ਬੀ.) ਨੇ ਇੱਕ ਵੱਡਾ ਫੈਸਲਾ ਸੁਣਾਉਂਦਿਆਂ ਭਾਰਤੀ ਪੰਜਾਬੀ ਨਾਗਰਿਕ ਅਬਜੀਤ ਸਿੰਘ ਕਿੰਗੜਾ ਨੂੰ ਕੈਨੇਡਾ ਤੋਂ ਡਿਪੋਰਟ ਕਰਨ ਦੇ ਹੁਕਮ ਜਾਰੀ ਕੀਤੇ ਹਨ। ਅਬਜੀਤ ਕਿੰਗੜਾ ਨੂੰ ਮਸ਼ਹੂਰ ਪੰਜਾਬੀ ਗਾਇਕ ਏ.ਪੀ. ਢਿੱਲੋਂ ਦੇ ਵਿਕਟੋਰੀਆ ਸਥਿਤ ਘਰ 'ਤੇ ਗੋਲੀਆਂ ਚਲਾਉਣ ਦੇ ਮਾਮਲੇ 'ਚ ਦੋਸ਼ੀ ਪਾਇਆ ਗਿਆ ਹੈ, ਜੋ ਉਸ ਨੇ ਲਾਰੈਂਸ ਬਿਸ਼ਨੋਈ ਗੈਂਗ ਦੇ ਇਸ਼ਾਰੇ 'ਤੇ ਕੀਤਾ ਸੀ।

ਆਈ.ਆਰ.ਬੀ. ਦੇ ਮੈਂਬਰ ਅਜ਼ੀਮ ਲਾਲਜੀ ਨੇ ਅਬਜੀਤ ਕਿੰਗੜਾ ਨੇ ਏ.ਪੀ. ਢਿੱਲੋਂ ਦੇ ਘਰ 'ਤੇ 14 ਰਾਊਂਡ ਗੋਲੀਆਂ ਚਲਾਉਣ ਅਤੇ ਗੱਡੀਆਂ ਨੂੰ ਅੱਗ ਲਗਾਉਣ ਦੀ ਵੀਡੀਓ ਬਣਾ ਕੇ ਇੰਟਰਨੈੱਟ 'ਤੇ ਸ਼ੇਅਰ ਕੀਤੀਆਂ ਸਨ, ਜਿਸ ਨਾਲ ਬਿਸ਼ਨੋਈ ਗੈਂਗ ਨੂੰ ਓਨਟਾਰੀਓ ਤੋਂ ਬ੍ਰਿਟਿਸ਼ ਕੋਲੰਬੀਆ ਤੱਕ ਦਹਿਸ਼ਤ ਫੈਲਾਉਣ 'ਚ ਮਦਦ ਮਿਲੀ ਹੈ।

ਹਾਲਾਂਕਿ ਅਬਜੀਤ 'ਤ ਡਿਪੋਰਟੇਸ਼ਨ

**6 ਸਾਲ ਦੀ ਸਜ਼ਾ ਪੂਰੀ ਹੋਣ ਤੋਂ ਬਾਅਦ ਕੀਤਾ ਜਾਵੇਗਾ ਡਿਪੋਰਟ**

ਦਾ ਇਹ ਹੁਕਮ ਤੁਰੰਤ ਲਾਗੂ ਨਹੀਂ ਹੋਵੇਗਾ, ਕਿਉਂਕਿ 26 ਸਾਲਾ ਅਬਜੀਤ ਕਿੰਗੜਾ ਪਿਛਲੇ ਸਾਲ ਅਦਾਲਤ 'ਚ ਆਪਣਾ ਗੁਨਾਹ ਕਬੂਲਣ ਤੋਂ ਬਾਅਦ ਕੈਨੇਡਾ ਦੀ ਜੇਲ੍ਹ ਵਿਚ 6 ਸਾਲ ਦੀ ਸਜ਼ਾ ਕੱਟ ਰਿਹਾ ਹੈ। ਸਜ਼ਾ ਪੂਰੀ ਹੋਣ ਤੋਂ ਬਾਅਦ ਉਸ ਨੂੰ ਭਾਰਤ ਡਿਪੋਰਟ ਕੀਤਾ ਜਾਵੇਗਾ।

ਅਦਾਲਤੀ ਦਸਤਾਵੇਜ਼ਾਂ ਮੁਤਾਬਕ, ਏ.ਪੀ. ਢਿੱਲੋਂ ਬਿਸ਼ਨੋਈ ਗੈਂਗ ਦੇ ਨਿਸ਼ਾਨੇ 'ਤੇ ਇਸ ਲਈ ਆਏ ਕਿਉਂਕਿ ਉਨ੍ਹਾਂ ਨੇ ਬਾਲੀਵੁੱਡ ਸਟਾਰ ਸਲਮਾਨ ਖਾਨ ਨਾਲ ਇੱਕ ਮਿਊਜ਼ਿਕ ਵੀਡੀਓ ਬਣਾਇਆ ਸੀ। ਸਲਮਾਨ ਖਾਨ ਲਾਰੈਂਸ ਬਿਸ਼ਨੋਈ ਭਾਈਚਾਰੇ ਵੱਲੋਂ ਪੂਜੇ ਜਾਣ ਵਾਲੇ ਕਾਲੇ ਹਿਰਨ ਦੇ ਸ਼ਿਕਾਰ ਦੇ ਮਾਮਲੇ ਕਰ ਕੇ ਗੈਂਗ ਦੇ ਨਿਸ਼ਾਨੇ 'ਤੇ ਹਨ। ਕਿੰਗੜਾ, ਜੋ ਕਿ 2018 'ਚ ਸਟੱਡੀ ਪਰਮਿਟ 'ਤੇ ਕੈਨੇਡਾ ਆਇਆ ਸੀ, ਨੇ ਦੱਸਿਆ ਕਿ ਉਸ ਦੀ ਮੁਲਾਕਾਤ ਵਿਕਰਮ ਸ਼ਰਮਾ ਨਾਂ ਦੇ ਵਿਅਕਤੀ ਨਾਲ ਹੋਈ, ਜਿਸ ਨੇ ਉਸ ਨੂੰ ਇਸ ਹਮਲੇ ਲਈ 4,000 ਡਾਲਰ ਦਿੱਤੇ ਸਨ। ਸਤੰਬਰ 2024 'ਚ ਹੋਏ ਇਸ ਹਮਲੇ ਦੌਰਾਨ ਏ.ਪੀ. ਢਿੱਲੋਂ ਦਾ ਰੂਮਮੇਟ ਘਰ ਦੇ ਅੰਦਰ ਹੀ ਸੀ, ਜੋ ਕਿ ਹਮਲੇ ਦੌਰਾਨ ਵਾਲ-ਵਾਲ ਬਚਿਆ।

ਅਬਜੀਤ ਕਿੰਗੜਾ ਨੇ ਅਦਾਲਤ 'ਚ ਦਾਅਵਾ ਕੀਤਾ ਕਿ ਉਸ ਨੂੰ ਇਹ ਕਹਿ ਕੇ ਭੇਜਿਆ ਗਿਆ ਸੀ ਕਿ ਘਰ ਖਾਲੀ ਹੈ ਅਤੇ ਉਸ ਨੂੰ ਇਹ ਨਹੀਂ ਪਤਾ ਸੀ ਕਿ ਉਹ ਬਿਸ਼ਨੋਈ ਗੈਂਗ ਲਈ ਕੰਮ ਕਰ ਰਿਹਾ ਹੈ। ਉਸ ਨੇ ਇਹ ਵੀ ਕਿਹਾ ਕਿ ਜੇਕਰ ਉਸ ਨੂੰ ਭਾਰਤ ਭੇਜਿਆ ਗਿਆ, ਤਾਂ ਬਿਸ਼ਨੋਈ ਗੈਂਗ ਉਸ ਨੂੰ ਜਾਨੋਂ ਮਾਰ ਦੇਵੇਗਾ। ਕਿੰਗੜਾ ਨੇ ਇਸ ਡਿਪੋਰਟੇਸ਼ਨ ਆਰਡਰ ਖ਼ਿਲਾਫ਼ ਫੈਡਰਲ ਕੋਰਟ 'ਚ ਅਪੀਲ ਕਰਨ ਦੀ ਗੱਲ ਕਹੀ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਸਰਕਾਰ ਨੇ ਪਿਛਲੇ ਸਾਲ ਹੀ ਲਾਰੈਂਸ ਬਿਸ਼ਨੋਈ ਗੈਂਗ ਨੂੰ ਇੱਕ 'ਅੱਤਵਾਦੀ ਸੰਗਠਨ' ਐਲਾਨਿਆ ਸੀ, ਕਿਉਂਕਿ ਇਹ ਗੈਂਗ ਕੈਨੇਡਾ 'ਚ ਰਹਿ ਰਹੇ ਭਾਰਤੀ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਨਸ਼ਾ ਤਸਕਰੀ ਅਤੇ ਕਰੋੜਾਂ ਡਾਲਰਾਂ ਦੀ ਫਿਰੌਤੀ ਦੇ ਗਲੋਬਲ ਨੈੱਟਵਰਕ ਨੂੰ ਚਲਾ ਰਿਹਾ ਹੈ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Ranjit Singh

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# VALLEJO TEEYAN

## MELA 2026



**Sunday July 19th, 2026 from 12-6pm**

**Free Entry**

*Only for Ladies and Children*

Organizer



Sunita Verma

Hosted By



Asha Sharma

*At Dan Foley Cultural Center*

**(Behind Sutter Solano Hospital)**

**1498 N Camino Alto, Vallejo, CA 94589**

**Special Attractions include Mehndi, Indian Clothing and Jewelry Booths.**

Copyright@Punjab Mail USA

**Come and enjoy a day filled with entertainment and festiveties, including Punjabi Folk songs and dances, Gidha, Boliyan and much more...**

*To Participate Rent Space for a booth, or Sponsor, Please Contact:*

**SUNITA VERMA : 707-853-9006**

**Email: sonalideep@gmail.com**

Flamingo
ARIA
Touch of Elegance Decor

*Let Us make your event & dream come true*

*Catering & Banquet Hall*

*Full Service Catering Anywhere in California*

Catering Up to 5000 Guest anywhere in California with full services

510-325-8433, 916-334-6000



*Pardeep Paul*

CHINNA JEWELLERS INC

7454 Stockton Blvd Suite A, Sacramento, CA 95823



*Inderjit Singh*

*Din D Sharma*
*Real Estate*

*Specialie in: Residental, Hotel, Motel Gas Stations and Liqyour Stores etc.*

*Residential, Loan Mod, Short Sale & Commercial Real Estate*

510 Meadow Valley Cir. Fairfield, CA 94534
Phone 707-864-6181, Fax : 707-864-4276
din.sharma@aol.com



D D Sharma
Real Estate Consultant
DRE #0744678



amar GROCERY

INDIAN, PAKISTANI & FIJIAN GROCERY

1107 Texas Street, Fairfield, CA 94533
707-399-7100
amargrocery1107@gmail.com

Household utensils
Fresh produce
Clothing and jewelry and much more

# 16th Children Summer Sports Camp-2026

## 16ਵਾਂ ਬੱਚਿਆਂ ਦਾ ਖੇਡ ਕੈਂਪ-2026



ਗੁਰਚਰਨ ਸਿੰਘ ਢਿੱਲੋਂ
206-412-1559

**ਉਦਘਾਟਨ :** 5 ਜੁਲਾਈ 2026, ਦਿਨ ਐਤਵਾਰ, 4PM to 7PM

**ਸਮਾਪਤੀ ਸਮਾਰੋਹ :** 23 ਅਗਸਤ 2026, ਦਿਨ ਐਤਵਾਰ, 4PM to 8PM

Other weakened Every Saturday - Sunday : 5PM to 7PM

Wilson Play Fields Kent WA. 13028 SE. 251st. Kent, WA - 98030



ਗੁਰਦੀਪ ਸਿੰਘ ਸਿੱਧੂ
206-697-8155



ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।









Designed By Punjab Mail USA

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 5 ਜੁਲਾਈ, ਦਿਨ ਐਤਵਾਰ, ਸ਼ਾਮ 4 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਦੀ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।





ਸਵਾਗਤ ਕਰਤਾ :

**Sikhs of Seattle**

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ

# ਸਾਨ ਫਰਾਂਸਿਸਕੋ ’ਚ ਸ਼ਹੀਦੀ ਨਗਰ ਕੀਰਤਨ ’ਚ ਹਜ਼ਾਰਾਂ ਸੰਗਤਾਂ ਦੀ ਸ਼ਮੂਲੀਅਤ

**■ ਸਿੱਖ ਸੰਗਤਾਂ ਵੱਲੋਂ ਪਾਤਸ਼ਾਹੀ ਰੈਲੀ ਅਤੇ ਖਾਲਿਸਤਾਨ ਫਰੀਡਮ ਮਾਰਚ ’ਚ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ**



**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦਿਆਂ ਅਤੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ਾਲ ਸ਼ਹੀਦੀ ਨਗਰ ਕੀਰਤਨ, ਪਾਤਸ਼ਾਹੀ ਰੈਲੀ ਅਤੇ ਖ਼ਾਲਿਸਤਾਨ ਫਰੀਡਮ ਮਾਰਚ ਸਾਨ ਫਰਾਂਸਿਸਕੋ ਵਿਚ ਸ਼ਰਧਾ, ਸਤਿਕਾਰ ਅਤੇ ਚੜ੍ਹਦੀ ਕਲਾ ਨਾਲ ਆਯੋਜਿਤ ਕੀਤਾ ਗਿਆ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਅਤੇ ਮਨੁੱਖੀ ਅਧਿਕਾਰਾਂ ਦੇ ਹਮਾਇਤੀਆਂ ਨੇ ਹਿੱਸਾ ਲੈ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਨਗਰ ਕੀਰਤਨ ਦੌਰਾਨ ਸੰਗਤਾਂ ਨੇ ਗੁਰਬਾਣੀ ਕੀਰਤਨ, ਸਿਮਰਨ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਇਸ ਦੇ ਨਾਲ ਹੀ ਜੂਨ 1984 ਦੇ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ ਅਤੇ ਬੇਗੁਨਾਹ ਲੋਕਾਂ ਦੀ ਯਾਦ ਵਿਚ ਵਿਸ਼ੇਸ਼ ਅਰਦਾਸ ਕੀਤੀ ਗਈ। ਰੈਲੀ ਅਤੇ ਮਾਰਚ ਦੌਰਾਨ ਵੱਖ-ਵੱਖ ਬੈਨਰਾਂ ਅਤੇ ਝੰਡਿਆਂ ਰਾਹੀਂ ਸਿੱਖ ਕੌਮ ਦੇ ਇਤਿਹਾਸ, ਧਾਰਮਿਕ ਆਜ਼ਾਦੀ ਅਤੇ ਮਨੁੱਖੀ ਹੱਕਾਂ ਨਾਲ ਸੰਬੰਧਿਤ ਸੰਦੇਸ਼ ਲੋਕਾਂ ਤੱਕ ਪਹੁੰਚਾਏ ਗਏ।

ਬੁਲਾਰਿਆਂ ਨੇ ਆਪਣੇ ਸੰਬੋਧਨਾਂ ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ ਨੂੰ ਧਰਮ ਅਤੇ ਸੱਚ ਦੀ ਰੱਖਿਆ ਲਈ ਦਿੱਤੀ ਗਈ ਮਹਾਨ ਕੁਰਬਾਨੀ ਕਰਾਰ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਸਮੂਹ ਮਨੁੱਖਤਾ ਲਈ ਸਬਰ, ਸੇਵਾ ਅਤੇ ਸੱਚਾਈ ਦਾ ਪ੍ਰਤੀਕ ਹੈ। ਉਨ੍ਹਾਂ ਨੇ ਜੂਨ 1984 ਦੀਆਂ ਘਟਨਾਵਾਂ ਨੂੰ ਵੀ ਯਾਦ ਕਰਦਿਆਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕਦੇ ਨਾ ਭੁੱਲਣ ਦਾ ਸੱਦਾ ਦਿੱਤਾ।

ਸਮਾਗਮ ਦੌਰਾਨ ਸੇਵਾਦਾਰਾਂ ਵੱਲੋਂ ਲੰਗਰ, ਠੰਢੇ ਪਾਣੀ ਅਤੇ ਹੋਰ ਸੇਵਾਵਾਂ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਪੂਰੇ ਮਾਹੌਲ ਵਿਚ ਧਾਰਮਿਕ ਜੋਸ਼, ਕੌਮੀ ਏਕਤਾ ਅਤੇ ਸ਼ਹੀਦਾਂ ਪ੍ਰਤੀ ਡੂੰਘਾ ਸਤਿਕਾਰ ਦੇਖਣ ਨੂੰ ਮਿਲਿਆ। ਸਮਾਗਮ ਦੀਆਂ ਇਹ ਝਲਕੀਆਂ ਸਾਨ ਫਰਾਂਸਿਸਕੋ ਵਿਚ ਵੱਸਦੇ ਸਿੱਖ ਭਾਈਚਾਰੇ ਦੀ ਏਕਤਾ, ਸਮਰਪਣ ਅਤੇ ਆਪਣੇ ਇਤਿਹਾਸ ਨਾਲ ਜੁੜਾਅ ਨੂੰ ਦਰਸਾਉਂਦੀਆਂ ਹਨ।






# ਵਲੇਹੋ ਤੀਆਂ ਮੇਲਾ 19 ਜੁਲਾਈ 2026 ਨੂੰ



**ਵਲੇਹੋ, (ਪੰਜਾਬ ਮੇਲ)-** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਲੇਹੋ ਵਿਚ ਰੰਗ-ਬਿਰੰਗਾ ਤੀਆਂ ਮੇਲਾ 2026 ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਹ ਸੱਭਿਆਚਾਰਕ ਮੇਲਾ 19 ਜੁਲਾਈ 2026, ਨੂੰ Dan Foley Cultural Center, 1498 North Camino Alto, Vallejo, CA 94589 (ਸਟਰ ਸੋਲਾਨੋ ਹਸਪਤਾਲ ਦੇ ਪਿੱਛੇ) ਵਿਖੇ ਦੁਪਹਿਰ 12 ਵਜੇ ਤੋਂ ਸ਼ਾਮ 6 ਵਜੇ ਤੱਕ ਆਯੋਜਿਤ ਕੀਤਾ ਜਾਵੇਗਾ।

ਹਰ ਉਮਰ ਵਰਗ ਦੀਆਂ ਮਹਿਲਾਵਾਂ ਅਤੇ ਨੌਜਵਾਨ ਲੜਕੀਆਂ ਇਸ ਮੇਲੇ ਵਿਚ ਹਿੱਸਾ ਲੈਣਗੀਆਂ। ਮੇਲੇ ਵਿਚ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦੇ ਹੋਏ ਗੀਤ-ਸੰਗੀਤ, ਗਿੱਧਾ, ਭੰਗੜਾ, ਡਾਂਸ, ਬੋਲੀਆਂ ਅਤੇ ਹੋਰ ਕਈ ਮਨੋਰੰਜਕ ਪ੍ਰੋਗਰਾਮ ਕਰਵਾਏ ਜਾਣਗੇ।

ਸੁਨੀਤਾ ਵਰਮਾ ਅਤੇ ਸਾਥੀਆਂ ਵੱਲੋਂ ਕਰਵਾਏ ਜਾ ਰਹੇ ਇਸ ਵਿਸ਼ੇਸ਼ ਤੀਆਂ ਦੇ ਮੇਲੇ ਵਿਚ ਕਈ ਤਰ੍ਹਾਂ ਦੇ ਸ਼ਾਪਿੰਗ ਬੂਥ ਵੀ ਲਗਾਏ ਜਾਣਗੇ। ਇੱਥੇ ਤੁਸੀਂ ਪੰਜਾਬੀ ਸੂਟ, ਦੁਪੱਟੇ, ਪੰਜਾਬੀ ਜੁੱਤੀਆਂ, ਜਿਊਲਰੀ ਅਤੇ ਹੋਰ ਸੱਭਿਆਚਾਰਕ ਸਮਾਨ ਦੀ ਖਰੀਦਦਾਰੀ ਕਰ ਸਕੋਗੇ। ਇਸ ਤੋਂ ਇਲਾਵਾ ਮਹਿੰਦੀ ਦੇ ਸਟਾਲ ਵੀ ਖਾਸ ਆਕਰਸ਼ਣ ਦਾ ਕੇਂਦਰ ਹੋਣਗੇ।

ਇਸ ਸਮਾਗਮ ਵਿਚ ਆਸ਼ਾ ਸ਼ਰਮਾ ਸਟੇਜ ਸੈਕਟਰੀ ਵਜੋਂ ਆਪਣੀਆਂ ਸੇਵਾਵਾਂ ਨਿਭਾਉਣਗੇ।

ਆਪਣੀਆਂ ਸਹੇਲੀਆਂ, ਸਾਥਣਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਨਾਲ ਲੈ ਕੇ ਜ਼ਰੂਰ ਪਹੁੰਚੋ ਅਤੇ ਪੰਜਾਬੀ ਸੱਭਿਆਚਾਰ ਦੇ ਇਸ ਰੰਗੀਲੇ ਤਿਉਹਾਰ ਦਾ ਆਨੰਦ ਮਾਣੋ। ਹੋਰ ਜਾਣਕਾਰੀ ਲਈ ਸੁਨੀਤਾ ਵਰਮਾ ਨਾਲ ਫੋਨ ਨੰਬਰ (707) 853-9006 ’ਤੇ ਸੰਪਰਕ ਕਰੋ।

# ਅਮਰੀਕੀ ਨਾਗਰਿਕਾਂ ਦੇ ਪਰਿਵਾਰ ਵੀ ਇਮੀਗ੍ਰੇਸ਼ਨ ਕਾਰਵਾਈ ਦੀ ਲਪੇਟ ’ਚ; ਹਜ਼ਾਰਾਂ ਪਰਿਵਾਰ ਪ੍ਰਭਾਵਿਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਚੱਲ ਰਹੀ ਸਖ਼ਤ ਇਮੀਗ੍ਰੇਸ਼ਨ ਕਾਰਵਾਈ ਕਾਰਨ ਹੁਣ ਸਿਰਫ਼ ਗੈਰ-ਦਸਤਾਵੇਜ਼ੀ ਪ੍ਰਵਾਸੀ ਹੀ ਨਹੀਂ, ਸਗੋਂ ਅਮਰੀਕੀ ਨਾਗਰਿਕਾਂ ਦੇ ਪਤੀ-ਪਤਨੀਆਂ, ਮਾਪੇ ਅਤੇ ਹੋਰ ਪਰਿਵਾਰਕ ਮੈਂਬਰ ਵੀ ਪ੍ਰਭਾਵਿਤ ਹੋ ਰਹੇ ਹਨ। ਇੱਕ ਨਵੀਂ ਰਿਪੋਰਟ ਅਨੁਸਾਰ ਹਜ਼ਾਰਾਂ ਅਮਰੀਕੀ ਪਰਿਵਾਰ ਅਜਿਹੀ ਸਥਿਤੀ ਦਾ ਸਾਹਮਣਾ ਕਰ ਰਹੇ ਹਨ, ਜਿੱਥੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ ਜਾਂ ਦੇਸ਼ ਨਿਕਾਲੇ ਦੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਰਿਪੋਰਟ ਵਿਚ ਟੈਨੇਸੀ ਦੀ ਰਹਿਣ ਵਾਲੀ ਮਾਰੀਆ ਫਲੋਰਸ ਦਾ ਜ਼ਿਕਰ ਕੀਤਾ ਗਿਆ ਹੈ, ਜੋ ਆਪਣੇ ਪਤੀ ਨੂੰ ਇੱਕ ਟ੍ਰੈਫਿਕ ਟਿਕਟ ਦੀ ਫੀਸ ਭਰਨ ਲਈ ਅਦਾਲਤ ਲੈ ਕੇ ਗਈ ਸੀ। ਪਰ ਅਦਾਲਤ ਵਿਚ ਉਡੀਕ ਕਰਨ ਤੋਂ ਬਾਅਦ ਉਸਨੂੰ ਪਤਾ ਲੱਗਾ ਕਿ ਉਸਦੇ ਪਤੀ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿਚ ਲੈ ਲਿਆ ਹੈ। ਮਾਰੀਆ, ਜੋ ਇੱਕ ਅਮਰੀਕੀ ਨਾਗਰਿਕ ਹੈ, ਨੇ ਕਿਹਾ ਕਿ ਉਸਨੂੰ ਘੰਟਿਆਂ ਤੱਕ ਇਹ ਵੀ ਨਹੀਂ ਦੱਸਿਆ ਗਿਆ ਕਿ ਉਸਦੇ ਪਤੀ ਨਾਲ ਕੀ ਹੋਇਆ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਭਰ ਵਿਚ ਕਈ ਅਜਿਹੇ ਮਾਮਲੇ ਸਾਹਮਣੇ ਆ ਰਹੇ ਹਨ, ਜਿੱਥੇ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਲੋਕ, ਜਿਨ੍ਹਾਂ ਦੇ ਜੀਵਨ ਸਾਥੀ ਜਾਂ ਬੱਚੇ ਅਮਰੀਕੀ ਨਾਗਰਿਕ ਹਨ, ਹੁਣ ਇਮੀਗ੍ਰੇਸ਼ਨ ਕਾਰਵਾਈ ਦਾ ਨਿਸ਼ਾਨਾ ਬਣ ਰਹੇ ਹਨ। ਇਸ ਨਾਲ ਪਰਿਵਾਰਾਂ ਵਿਚ ਡਰ ਅਤੇ ਅਨਿਸ਼ਚਿਤਤਾ ਦਾ ਮਾਹੌਲ ਬਣ ਗਿਆ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਹਰ ਕੇਸ ਦੀ ਵੱਖਰੇ ਤੌਰ ’ਤੇ ਸਮੀਖਿਆ ਹੁੰਦੀ ਹੈ। ਦੂਜੇ ਪਾਸੇ, ਪ੍ਰਵਾਸੀ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਾਰਨ ਅਮਰੀਕੀ ਨਾਗਰਿਕਾਂ ਦੇ ਪਰਿਵਾਰ ਵੀ ਟੁੱਟ ਰਹੇ ਹਨ ਅਤੇ ਬੱਚਿਆਂ ’ਤੇ ਵੀ ਇਸਦਾ ਗੰਭੀਰ ਅਸਰ ਪੈ ਰਿਹਾ ਹੈ।

ਇਮੀਗ੍ਰੇਸ਼ਨ ਵਕੀਲਾਂ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਜੇ ਕਿਸੇ ਪਰਿਵਾਰਕ ਮੈਂਬਰ ਦੀ ਇਮੀਗ੍ਰੇਸ਼ਨ ਸਥਿਤੀ ਅਸਪੱਸ਼ਟ ਹੈ ਜਾਂ ਉਸਦੇ ਖ਼ਿਲਾਫ਼ ਕੋਈ ਪੁਰਾਣਾ ਕੇਸ ਚੱਲ ਰਿਹਾ ਹੈ, ਤਾਂ ਉਹ ਤੁਰੰਤ ਕਿਸੇ ਯੋਗ ਇਮੀਗ੍ਰੇਸ਼ਨ ਅਟਾਰਨੀ ਨਾਲ ਸੰਪਰਕ ਕਰਨ। ਮਾਹਿਰਾਂ ਮੁਤਾਬਕ, ਕਈ ਮਾਮਲਿਆਂ ਵਿਚ ਕਾਨੂੰਨੀ ਰਾਹਤ ਦੇ ਵਿਕਲਪ ਮੌਜੂਦ ਹੁੰਦੇ ਹਨ, ਪਰ ਸਮੇਂ ਸਿਰ ਕਦਮ ਚੁੱਕਣਾ ਬਹੁਤ ਜ਼ਰੂਰੀ ਹੈ।

ਇਹ ਮਾਮਲਾ ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀਆਂ ਅਤੇ ਪਰਿਵਾਰਕ ਏਕਤਾ ਬਾਰੇ ਚੱਲ ਰਹੀ ਚਰਚਾ ਨੂੰ ਇੱਕ ਵਾਰ ਫਿਰ ਕੇਂਦਰ ਵਿਚ ਲੈ ਆਇਆ ਹੈ, ਕਿਉਂਕਿ ਹਜ਼ਾਰਾਂ ਅਮਰੀਕੀ ਨਾਗਰਿਕ ਆਪਣੇ ਪਰਿਵਾਰਾਂ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ।

# ਨਵੇਂ ਸਰਵੇਖਣ ’ਚ ਖੁਲਾਸਾ: ਅਪਰਾਧ ਕਰਨ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੱਕ ’ਚ 80% ਲੋਕ

**■ ਡੈਮੋਕ੍ਰੈਟ ਵੋਟਰਾਂ ਦਾ ਵੀ ਵਧਿਆ ਸਮਰਥਨ**




**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ’ਚ ਇਮੀਗ੍ਰੇਸ਼ਨ ਮੁੱਦਾ 2026 ਦੀ ਰਾਜਨੀਤੀ ਦਾ ਇੱਕ ਵੱਡਾ ਵਿਸ਼ਾ ਬਣਿਆ ਹੋਇਆ ਹੈ। ਇੱਕ ਨਵੇਂ ਸਰਵੇਖਣ ਮੁਤਾਬਕ ਹੁਣ ਸਿਰਫ਼ ਰਿਪਬਲਿਕਨ ਹੀ ਨਹੀਂ, ਸਗੋਂ ਕਈ ਡੈਮੋਕ੍ਰੈਟ ਵੋਟਰ ਵੀ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਅਤੇ ਅਪਰਾਧਾਂ ਵਿਚ ਸ਼ਾਮਲ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਭੇਜਣ (ਡਿਪੋਰਟੇਸ਼ਨ) ਦੇ ਹੱਕ ਵਿਚ ਨਜ਼ਰ ਆ ਰਹੇ ਹਨ।

ਸਰਵੇਖਣ ਅਨੁਸਾਰ ਲਗਭਗ 80 ਫੀਸਦੀ ਅਮਰੀਕੀ ਵੋਟਰਾਂ ਨੇ ਉਨ੍ਹਾਂ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਸਮਰਥਨ ਕੀਤਾ ਹੈ, ਜੋ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿਚ ਰਹਿ ਰਹੇ ਹਨ ਅਤੇ ਜਿਨ੍ਹਾਂ ਨੇ ਅਪਰਾਧ ਕੀਤੇ ਹਨ। ਇਹ ਅੰਕੜਾ ਦਰਸਾਉਂਦਾ ਹੈ ਕਿ ਕਾਨੂੰਨ-ਵਿਵਸਥਾ ਅਤੇ ਸਰਹੱਦੀ ਸੁਰੱਖਿਆ ਨੂੰ ਲੈ ਕੇ ਲੋਕਾਂ ਦੀ ਚਿੰਤਾ ਪਹਿਲਾਂ ਨਾਲੋਂ ਵੱਧ ਗਈ ਹੈ।

ਰਿਪੋਰਟ ਮੁਤਾਬਕ ਡੈਮੋਕ੍ਰੈਟਿਕ ਪਾਰਟੀ ਦੇ ਕੁਝ ਵੋਟਰਾਂ ਵਿਚ ਵੀ ਇਮੀਗ੍ਰੇਸ਼ਨ ਬਾਰੇ ਸੋਚ ਵਿਚ ਬਦਲਾਅ ਆ ਰਿਹਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਸਰਹੱਦ ਪਾਰ ਕਰਕੇ ਆਉਣ ਵਾਲੇ ਲੋਕਾਂ ਦੀ ਵਧਦੀ ਗਿਣਤੀ, ਸ਼ਰਨ ਪ੍ਰਣਾਲੀ ’ਤੇ ਦਬਾਅ ਅਤੇ ਕੁਝ ਉੱਚ-ਪ੍ਰੋਫਾਈਲ ਅਪਰਾਧਿਕ ਮਾਮਲਿਆਂ ਨੇ ਇਸ ਮੁੱਦੇ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।

ਸਰਵੇਖਣ ਵਿਚ ਇਹ ਵੀ ਸਾਹਮਣੇ ਆਇਆ ਕਿ ਕਈ ਅਮਰੀਕੀ ਚਾਹੁੰਦੇ ਹਨ ਕਿ ਸਰਕਾਰ ਸਭ ਤੋਂ ਪਹਿਲਾਂ ਉਨ੍ਹਾਂ ਲੋਕਾਂ ਖ਼ਿਲਾਫ਼ ਕਾਰਵਾਈ ਕਰੇ, ਜਿਨ੍ਹਾਂ ਦਾ ਅਪਰਾਧਿਕ ਰਿਕਾਰਡ ਹੈ। ਹਾਲਾਂਕਿ ਸਾਰੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਮੁੱਦੇ ’ਤੇ ਲੋਕਾਂ ਦੇ ਵਿਚਾਰ ਵੱਖ-ਵੱਖ ਹਨ, ਪਰ ਅਪਰਾਧ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਨੂੰ ਵਿਆਪਕ ਸਮਰਥਨ ਮਿਲ ਰਿਹਾ ਹੈ।

ਦੂਜੇ ਪਾਸੇ, ਪ੍ਰਵਾਸੀ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਨੀਤੀਆਂ ਬਣਾਉਂਦੇ ਸਮੇਂ ਪਰਿਵਾਰਾਂ, ਬੱਚਿਆਂ ਅਤੇ ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਲੋਕਾਂ ਦੀ ਸਥਿਤੀ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਿਰਫ਼ ਸਖ਼ਤ ਕਾਰਵਾਈ ਨਾਲ ਸਮੱਸਿਆ ਦਾ ਪੂਰਾ ਹੱਲ ਨਹੀਂ ਨਿਕਲੇਗਾ।

ਇਮੀਗ੍ਰੇਸ਼ਨ ਮਾਹਿਰਾਂ ਦੇ ਅਨੁਸਾਰ ਇਹ ਸਰਵੇਖਣ ਦਰਸਾਉਂਦਾ ਹੈ ਕਿ ਅਮਰੀਕੀ ਜਨਤਾ ਵਿਚ ਇਮੀਗ੍ਰੇਸ਼ਨ ਬਾਰੇ ਰੁਝਾਨ ਬਦਲ ਰਹੇ ਹਨ ਅਤੇ ਇਹ ਮੁੱਦਾ ਆਉਣ ਵਾਲੀਆਂ ਚੋਣਾਂ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਸਰਹੱਦੀ ਸੁਰੱਖਿਆ ਅਤੇ ਡਿਪੋਰਟੇਸ਼ਨ ਨੀਤੀਆਂ ’ਤੇ ਦਿੱਤਾ ਜਾ ਰਿਹਾ ਜ਼ੋਰ ਵੀ ਇਸ ਚਰਚਾ ਨੂੰ ਹੋਰ ਤੇਜ਼ ਕਰ ਰਿਹਾ ਹੈ।

ਇਸ ਸਰਵੇਖਣ ਨੇ ਇੱਕ ਵਾਰ ਫਿਰ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਅਮਰੀਕਾ ਇਮੀਗ੍ਰੇਸ਼ਨ ਸੁਧਾਰ ਅਤੇ ਕਾਨੂੰਨ ਲਾਗੂ ਕਰਨ ਵਿਚਕਾਰ ਸੰਤੁਲਨ ਕਿਵੇਂ ਬਣਾਏਗਾ, ਜਦਕਿ ਦੇਸ਼ ਵਿਚ ਲੱਖਾਂ ਪ੍ਰਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਭਵਿੱਖ ਵੀ ਇਸ ਨਾਲ ਜੁੜਿਆ ਹੋਇਆ ਹੈ।

## ਟਰੰਪ ਪ੍ਰਸ਼ਾਸਨ ਵੱਲੋਂ ਨਾਗਰਿਕਤਾ ਮਾਮਲਿਆਂ ਦੀ ਵੱਡੀ ਜਾਂਚ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲੇ ਲੋਕਾਂ ਦੇ ਪੁਰਾਣੇ ਇਮੀਗ੍ਰੇਸ਼ਨ ਰਿਕਾਰਡਾਂ ਦੀ ਜਾਂਚ ਵਧਾ ਦਿੱਤੀ ਹੈ। ਨਿਆਂ ਵਿਭਾਗ (ਡੀ.ਓ.ਜੇ.) ਅਤੇ ਯੂ.ਐੱਸ.ਸੀ.ਆਈ.ਐੱਸ. ਖ਼ਾਸ ਤੌਰ ’ਤੇ ਉਨ੍ਹਾਂ ਮਾਮਲਿਆਂ ਦੀ ਸਮੀਖਿਆ ਕਰ ਰਹੇ ਹਨ, ਜਿੱਥੇ ਸ਼ੱਕ ਹੈ ਕਿ ਕਿਸੇ ਵਿਅਕਤੀ ਨੇ ਝੂਠੀ ਜਾਣਕਾਰੀ, ਜਾਅਲੀ ਦਸਤਾਵੇਜ਼ ਜਾਂ ਮਹੱਤਵਪੂਰਨ ਤੱਥ ਲੁਕਾ ਕੇ ਗ੍ਰੀਨ ਕਾਰਡ ਜਾਂ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ ਸੀ। ਅਮਰੀਕੀ ਕਾਨੂੰਨ ਅਨੁਸਾਰ ਸਰਕਾਰ ਕਿਸੇ ਵੀ ਨੈਚੁਰਲਾਈਜ਼ਡ ਨਾਗਰਿਕ ਦੀ ਸਿਟੀਜ਼ਨਸ਼ਿਪ ਸਿਰਫ਼ ਅਦਾਲਤੀ ਹੁਕਮ ਰਾਹੀਂ ਹੀ ਰੱਦ ਕਰ ਸਕਦੀ ਹੈ। ਇਸ ਲਈ ਸਰਕਾਰ ਨੂੰ ਇਹ ਸਾਬਤ ਕਰਨਾ ਪੈਂਦਾ ਹੈ ਕਿ ਨਾਗਰਿਕਤਾ ਲੈਂਦੇ ਸਮੇਂ ਧੋਖਾਧੜੀ ਕੀਤੀ ਗਈ ਸੀ ਜਾਂ ਅਹਿਮ ਜਾਣਕਾਰੀ ਜਾਣਬੁੱਝ ਕੇ ਲੁਕਾਈ ਗਈ ਸੀ।

ਤਾਜ਼ਾ ਰਿਪੋਰਟਾਂ ਅਨੁਸਾਰ ਡੀ.ਓ.ਜੇ. ਨੇ ਕਈ ਨਵੇਂ ਡੀਨੈਚੁਰਲਾਈਜ਼ੇਸ਼ਨ ਕੇਸ ਸ਼ੁਰੂ ਕੀਤੇ ਹਨ। ਇਨ੍ਹਾਂ ਵਿਚ ਉਹ ਲੋਕ ਸ਼ਾਮਲ ਹਨ, ਜਿਨ੍ਹਾਂ ’ਤੇ ਇਮੀਗ੍ਰੇਸ਼ਨ ਫਰਾਡ, ਜੁਰਮਾਂ ਦਾ ਰਿਕਾਰਡ ਲੁਕਾਉਣ, ਜਾਅਲੀ ਵਿਆਹ, ਅੱਤਵਾਦੀ ਗਤੀਵਿਧੀਆਂ ਨਾਲ ਸੰਬੰਧ ਜਾਂ ਹੋਰ ਗੰਭੀਰ ਉਲੰਘਣਾਵਾਂ ਦੇ ਦੋਸ਼ ਹਨ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**

# ਅਮਰੀਕਾ ਦੇ ਸਭ ਤੋਂ ਵੱਡੇ ICE ਡਿਟੈਨਸ਼ਨ ਸੈਂਟਰ ’ਤੇ ਗੰਭੀਰ ਸਵਾਲ; ਸਰਕਾਰੀ ਰਿਪੋਰਟ ਨੇ ਖੋਲ੍ਹੀਆਂ ਕਈ ਖਾਮੀਆਂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੇ ਟੈਕਸਾਸ ਸੂਬੇ ਦੇ ਸ਼ਹਿਰ ਅਲ ਪਾਸੋ ਵਿਚ ਸਥਿਤ ਕੈਂਪ ਈਸਟ ਮੋਂਟਾਨਾ, ਜੋ ਇਸ ਸਮੇਂ ਦੇਸ਼ ਦਾ ਸਭ ਤੋਂ ਵੱਡਾ ICE ਡਿਟੈਨਸ਼ਨ ਸੈਂਟਰ ਮੰਨਿਆ ਜਾਂਦਾ ਹੈ, ਇੱਕ ਨਵੀਂ ਫੈਡਰਲ ਰਿਪੋਰਟ ਤੋਂ ਬਾਅਦ ਵਿਵਾਦਾਂ ਵਿਚ ਘਿਰ ਗਿਆ ਹੈ। ਅਮਰੀਕੀ ਗਵਰਨਮੈਂਟ ਅਕਾਊਂਟਬੀਲਿਟੀ ਆਫਿਸ (ਜੀ.ਏ.ਓ.) ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿਚ ਦੋਸ਼ ਲਗਾਇਆ ਗਿਆ ਹੈ ਕਿ ਇਸ ਸੈਂਟਰ ਨੂੰ ਜਲਦਬਾਜ਼ੀ ਵਿਚ ਸ਼ੁਰੂ ਕਰਨ ਕਾਰਨ ਸਰਕਾਰ ਦੇ ਲੱਖਾਂ ਡਾਲਰ ਬਰਬਾਦ ਹੋਏ ਅਤੇ ਸੁਰੱਖਿਆ, ਸਿਹਤ ਅਤੇ ਨਿਗਰਾਨੀ ਨਾਲ ਜੁੜੇ ਕਈ ਮਿਆਰ ਪੂਰੇ ਨਹੀਂ ਕੀਤੇ ਗਏ।

ਕੈਂਪ ਈਸਟ ਮੋਂਟਾਨਾ ਅਗਸਤ 2025 ਵਿਚ ਫੋਰਟ ਬਲਿਸ ਫੌਜੀ ਅੱਡੇ ’ਤੇ ਖੋਲ੍ਹਿਆ ਗਿਆ ਸੀ। ਸ਼ੁਰੂ ਵਿਚ ਅਮਰੀਕੀ ਫੌਜ ਨੇ ਇਸ ਲਈ 1.3 ਬਿਲੀਅਨ ਡਾਲਰ ਦਾ ਠੇਕਾ ਦਿੱਤਾ ਸੀ, ਜਿਸ ਦੀ ਦੇਖਭਾਲ ਬਾਅਦ ਵਿਚ ICE ਨੇ ਸੰਭਾਲੀ। ਰਿਪੋਰਟ ਅਨੁਸਾਰ, ਪ੍ਰੋਜੈਕਟ ਨੂੰ ਤੁਰੰਤ ਸ਼ੁਰੂ ਕਰਨ ਦੇ ਹੁਕਮਾਂ ਕਾਰਨ ਅਜਿਹੇ ਠੇਕੇਦਾਰ ਦੀ ਚੋਣ




ਕੀਤੀ ਗਈ, ਜਿਸ ਨੂੰ ਡਿਟੈਨਸ਼ਨ ਸੇਵਾਵਾਂ ਚਲਾਉਣ ਦਾ ਕੋਈ ਪਹਿਲਾਂ ਤਜਰਬਾ ਨਹੀਂ ਸੀ।

ਜੀ.ਏ.ਓ. ਨੇ ਪਾਇਆ ਕਿ ਸੈਂਟਰ ਦੀ ਸਮਰੱਥਾ ਦੇ ਮੁਕਾਬਲੇ ਕੈਦੀਆਂ ਦੀ ਗਿਣਤੀ ਕਾਫ਼ੀ ਘੱਟ ਹੋਣ ਦੇ ਬਾਵਜੂਦ ਸਰਕਾਰ ਨੇ ਪੂਰੇ ਖਰਚੇ ਅਦਾ ਕੀਤੇ। ਉਦਾਹਰਨ ਵਜੋਂ, ਅਗਸਤ 2025 ਦੇ ਪਹਿਲੇ 15 ਦਿਨਾਂ ਵਿਚ ਸੈਂਟਰ ਵਿਚ ਕੋਈ ਵੀ ਡਿਟੇਨੀ ਨਹੀਂ ਸੀ, ਫਿਰ ਵੀ ਭੋਜਨ ਅਤੇ ਹੋਰ ਸੇਵਾਵਾਂ ਲਈ ਪੂਰਾ ਭੁਗਤਾਨ ਕੀਤਾ ਗਿਆ।

ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਸੈਂਟਰ ਖੁੱਲ੍ਹਣ ਸਮੇਂ ਕਈ ਬੁਨਿਆਦੀ ਸਹੂਲਤਾਂ ਮੌਜੂਦ ਨਹੀਂ ਸਨ। ਸੁਰੱਖਿਆ ਕੈਮਰੇ, ਬਾਹਰੀ ਖੇਡ ਮੈਦਾਨ, ਵਕੀਲਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਲਈ ਖਾਸ ਥਾਵਾਂ ਤੱਕ ਉਪਲਬਧ ਨਹੀਂ ਸਨ। ਇਸ ਤੋਂ ਇਲਾਵਾ, ICE ਨੇ ਆਪਣੇ ਨਿਯਮਾਂ ਅਨੁਸਾਰ ਡਿਟੇਨੀਆਂ ਨੂੰ ਰੱਖਣ ਤੋਂ ਪਹਿਲਾਂ ਸੈਂਟਰ ਦੀ ਲਾਜ਼ਮੀ ਜਾਂਚ ਵੀ ਨਹੀਂ ਕੀਤੀ।

ਸਭ ਤੋਂ ਚਿੰਤਾਜਨਕ ਗੱਲ ਇਹ ਸਾਹਮਣੇ ਆਈ ਕਿ ਸੈਂਟਰ ਵਿਚ ਤਿੰਨ ਮੌਤਾਂ ਹੋ ਚੁੱਕੀਆਂ ਹਨ। ਇਨ੍ਹਾਂ ਵਿਚੋਂ ਇੱਕ ਵਿਅਕਤੀ ਗੇਰਾਲਡੋ ਲੁਨਸ ਕੈਂਪੋਸ ਦੀ ਮੌਤ ਨੂੰ ਸ਼ੁਰੂ ਵਿਚ ਖੁਦਕੁਸ਼ੀ ਦੀ ਕੋਸ਼ਿਸ਼ ਨਾਲ ਜੋੜਿਆ ਗਿਆ ਸੀ, ਪਰ ਬਾਅਦ ਵਿਚ ਸਥਾਨਕ ਮੈਡੀਕਲ ਜਾਂਚਕਰਤਾ ਨੇ ਇਸ ਨੂੰ ਹੱਤਿਆ ਕਰਾਰ ਦਿੱਤਾ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਇਸ ਮਾਮਲੇ ਨਾਲ ਸੰਬੰਧਤ ਕੁਝ ਸਬੂਤ ਗੁੰਮ ਜਾਂ ਨਸ਼ਟ ਹੋ ਗਏ ਸਨ ਅਤੇ ਘਟਨਾ ਦੀ ਫੌਜਦਾਰੀ ਜਾਂਚ ਜਾਰੀ ਹੈ। ਇੱਕ ਹੋਰ ਵੱਡੀ ਸੁਰੱਖਿਆ ਖਾਮੀ ਉਸ ਵੇਲੇ ਸਾਹਮਣੇ ਆਈ, ਜਦੋਂ ਸੈਂਟਰ ਵਿਚ ਇੱਕ ਲੋਡ ਕੀਤੀ ਹੋਈ ਬੰਦੂਕ ਗੁੰਮ ਹੋ ਗਈ, ਜੋ ਅੱਜ ਤੱਕ ਬਰਾਮਦ ਨਹੀਂ ਹੋ ਸਕੀ। ਜੀ.ਏ.ਓ. ਨੇ ਇਸਨੂੰ ਡਿਟੇਨੀਆਂ, ਸਟਾਫ਼ ਅਤੇ ਜਨਤਾ ਦੀ ਸੁਰੱਖਿਆ ਲਈ ਗੰਭੀਰ ਖ਼ਤਰਾ ਕਰਾਰ ਦਿੱਤਾ ਹੈ।

ਸਿਹਤ ਸੇਵਾਵਾਂ ਨੂੰ ਲੈ ਕੇ ਵੀ ਸਵਾਲ ਖੜ੍ਹੇ ਹੋਏ ਹਨ। ਦਸੰਬਰ 2025 ਵਿਚ ICE ਹੈਲਥ ਸਰਵਿਸਿਜ਼ ਕੋਰ ਦੀ ਜਾਂਚ ਦੌਰਾਨ ਪਤਾ ਲੱਗਿਆ ਕਿ ਕਈ ਡਿਟੇਨੀਆਂ ਨੂੰ ਲੰਬੇ ਸਮੇਂ ਦੀਆਂ ਬਿਮਾਰੀਆਂ ਲਈ ਲੋੜੀਂਦਾ ਇਲਾਜ ਨਹੀਂ ਦਿੱਤਾ ਜਾ ਰਿਹਾ ਸੀ। ਵ੍ਹੀਲਚੇਅਰ ਵਰਤਣ ਵਾਲੇ ਲੋਕਾਂ ਲਈ ਢੁੱਕਵੀਆਂ ਸਹੂਲਤਾਂ ਵੀ ਉਪਲਬਧ ਨਹੀਂ ਸਨ। ਇਸ ਵੇਲੇ ਸੈਂਟਰ ਵਿਚ ਕਰੀਬ 180 ਡਿਟੇਨੀ ਖਸਰੇ ਦੇ ਸੰਭਾਵਿਤ ਸੰਪਰਕ ਕਾਰਨ ਇਕਾਂਤਵਾਸ ਵਿਚ ਰੱਖੇ ਗਏ ਹਨ।

ਹਾਲਾਂਕਿ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਦਾ ਕਹਿਣਾ ਹੈ ਕਿ ਪੁਰਾਣੇ ਠੇਕੇਦਾਰ ਨੂੰ ਹਟਾ ਕੇ ਨਵਾਂ ਠੇਕੇਦਾਰ ਲਿਆਂਦਾ ਗਿਆ ਹੈ ਅਤੇ ਸੈਂਟਰ ਵਿਚ ਸਿਹਤ ਸੇਵਾਵਾਂ, ਨਿਗਰਾਨੀ ਅਤੇ ਸਟਾਫ਼ ਦੀ ਗਿਣਤੀ ਵਧਾਈ ਜਾ ਰਹੀ ਹੈ। ਡੀ.ਐੱਚ.ਐੱਸ. ਨੇ ਦਾਅਵਾ ਕੀਤਾ ਹੈ ਕਿ ਕੈਂਪ ਈਸਟ ਮੋਂਟਾਨਾ ਨੂੰ ਬੰਦ ਨਹੀਂ ਕੀਤਾ ਜਾ ਰਿਹਾ, ਸਗੋਂ ਇਸਨੂੰ ਹੋਰ ਆਧੁਨਿਕ ਅਤੇ ਮਿਆਰੀ ਬਣਾਇਆ ਜਾ ਰਿਹਾ ਹੈ।

# ਗ੍ਰੀਨ ਕਾਰਡ ਨਿਯਮਾਂ ’ਤੇ ਟਰੰਪ ਪ੍ਰਸ਼ਾਸਨ ਵੱਲੋਂ ਵੱਡੀ ਰਾਹਤ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਗ੍ਰੀਨ ਕਾਰਡ ਪ੍ਰਕਿਰਿਆ ਨੂੰ ਸਖ਼ਤ ਕਰਨ ਲਈ ਟਰੰਪ ਪ੍ਰਸ਼ਾਸਨ ਵੱਲੋਂ ਜਾਰੀ ਕੀਤੀ ਗਈ ਨਵੀਂ ਨੀਤੀ ਨੂੰ ਲੈ ਕੇ ਪੈਦਾ ਹੋਈ ਚਿੰਤਾ ਦੇ ਦਰਮਿਆਨ ਹੁਣ ਇੱਕ ਨਵਾਂ ਮੋੜ ਸਾਹਮਣੇ ਆਇਆ ਹੈ। ਰਿਪੋਰਟਾਂ ਮੁਤਾਬਕ, ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਨੇ ਵੱਡੀਆਂ ਕੰਪਨੀਆਂ ਅਤੇ ਉਦਯੋਗਿਕ ਗਰੁੱਪਾਂ ਨੂੰ ਨਿੱਜੀ ਤੌਰ ’ਤੇ ਭਰੋਸਾ ਦਿੱਤਾ ਹੈ ਕਿ ਜ਼ਿਆਦਾਤਰ ਰੁਜ਼ਗਾਰ-ਆਧਾਰਿਤ ਵੀਜ਼ਾ ਧਾਰਕਾਂ ਅਤੇ ਯੋਗ ਗ੍ਰੀਨ ਕਾਰਡ ਅਰਜ਼ੀਕਾਰਾਂ ’ਤੇ ਇਸ ਨੀਤੀ ਦਾ ਵੱਡਾ ਅਸਰ ਨਹੀਂ ਪਵੇਗਾ।

22 ਮਈ ਨੂੰ ਜਾਰੀ ਕੀਤੀਆਂ ਗਈਆਂ ਹਦਾਇਤਾਂ ਵਿਚ ਕਿਹਾ ਗਿਆ ਸੀ ਕਿ ਵਿਦੇਸ਼ੀ ਨਾਗਰਿਕਾਂ ਨੂੰ “ਅਸਧਾਰਨ ਹਾਲਾਤਾਂ” ਤੋਂ ਇਲਾਵਾ ਆਪਣੇ ਮੂਲ ਦੇਸ਼ ਵਿਚ ਵਾਪਸ ਜਾ ਕੇ ਸਥਾਈ ਰਿਹਾਇਸ਼ (ਗ੍ਰੀਨ ਕਾਰਡ) ਲਈ ਅਰਜ਼ੀ ਦੇਣੀ ਚਾਹੀਦੀ ਹੈ। ਇਸ ਅਸਪੱਸ਼ਟ ਭਾਸ਼ਾ ਕਾਰਨ ਇਮੀਗ੍ਰੇਸ਼ਨ ਵਕੀਲਾਂ, ਟੈਕਨਾਲੋਜੀ ਕੰਪਨੀਆਂ ਅਤੇ ਹੋਰ ਕਾਰੋਬਾਰੀ ਵਰਗਾਂ ਵਿਚ ਚਿੰਤਾ ਪੈਦਾ ਹੋ ਗਈ ਸੀ ਕਿ ਕਿਤੇ ਇਹ ਨੀਤੀ ਲੱਖਾਂ ਅਰਜ਼ੀਕਾਰਾਂ ਨੂੰ ਪ੍ਰਭਾਵਿਤ ਨਾ ਕਰ ਦੇਵੇ।

ਇਸ ਤੋਂ ਬਾਅਦ ਅਮਰੀਕਾ ਦੇ ਵਪਾਰ ਮੰਡਲ (ਯੂ.ਐੱਸ. ਚੈਂਬਰ ਆਫ਼ ਕਾਮਰਸ), ਵੱਡੀਆਂ ਟੈਕ ਕੰਪਨੀਆਂ ਅਤੇ ਕਈ ਸੀ.ਈ.ਓਜ਼ ਨੇ ਵਾਈਟ ਹਾਊਸ ਅਤੇ ਹੋਮਲੈਂਡ ਸਿਕਿਉਰਿਟੀ ਵਿਭਾਗ ਨਾਲ ਸੰਪਰਕ ਕਰਕੇ ਨੀਤੀ ਬਾਰੇ ਸਪੱਸ਼ਟੀਕਰਨ ਮੰਗਿਆ। ਇਨ੍ਹਾਂ ਕੋਸ਼ਿਸ਼ਾਂ ਤੋਂ ਬਾਅਦ ਪ੍ਰਸ਼ਾਸਨ ਨੇ ਕਾਰੋਬਾਰੀ ਆਗੂਆਂ ਨਾਲ ਹੋਈ ਇੱਕ ਮੀਟਿੰਗ ਦੌਰਾਨ ਇਹ ਸੰਕੇਤ ਦਿੱਤਾ ਕਿ ਨੀਤੀ ਦਾ ਉਦੇਸ਼ ਮੌਜੂਦਾ ਕਾਨੂੰਨਾਂ ਨੂੰ

■ **ਕਾਰੋਬਾਰੀ ਜਗਤ ਦੇ ਦਬਾਅ ਮਗਰੋਂ ਨਰਮ ਹੋਏ ਸੰਕੇਤ**



ਦੁਬਾਰਾ ਲਾਗੂ ਕਰਨਾ ਹੈ, ਨਾ ਕਿ ਹਰ ਗ੍ਰੀਨ ਕਾਰਡ ਅਰਜ਼ੀਕਾਰ ਨੂੰ ਦੇਸ਼ ਤੋਂ ਬਾਹਰ ਭੇਜਣਾ।

ਸੂਤਰਾਂ ਦੇ ਅਨੁਸਾਰ, ਇਹ ਨੀਤੀ ਮੌਜੂਦਾ ਗ੍ਰੀਨ ਕਾਰਡ ਹੋਲਡਰਾਂ ’ਤੇ ਲਾਗੂ ਨਹੀਂ ਹੋਵੇਗੀ। ਇਸ ਤੋਂ ਇਲਾਵਾ, ਉਹ ਲੋਕ ਜੋ ਕਾਨੂੰਨੀ ਤੌਰ ’ਤੇ ਗ੍ਰੀਨ ਕਾਰਡ ਲਈ ਯੋਗ ਹਨ, ਉਨ੍ਹਾਂ ਦੀਆਂ ਅਰਜ਼ੀਆਂ ਨੂੰ ਰੋਕਣ ਦਾ ਕੋਈ ਇਰਾਦਾ ਨਹੀਂ ਹੈ। ਹਾਲਾਂਕਿ ਜਿਨ੍ਹਾਂ ਮਾਮਲਿਆਂ ਵਿਚ ਯੋਗਤਾ ਜਾਂ ਧੋਖਾਧੜੀ ਨਾਲ ਜੁੜੇ ਸਵਾਲ ਹੋਣਗੇ, ਉਨ੍ਹਾਂ ਨੂੰ ਆਪਣੇ ਦੇਸ਼ ਤੋਂ ਅਰਜ਼ੀ ਦੇਣ ਲਈ ਕਿਹਾ ਜਾ ਸਕਦਾ ਹੈ।

ਵਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਇਹ ਨੀਤੀ ਮੁੱਖ ਤੌਰ ’ਤੇ ਮੌਜੂਦਾ ਕਾਨੂੰਨ ਦੀ ਦੁਹਰਾਈ ਹੈ ਅਤੇ ਹੁਨਰਮੰਦ ਕਰਮਚਾਰੀਆਂ, ਐੱਚ-1ਬੀ ਵੀਜ਼ਾ ਧਾਰਕਾਂ ਅਤੇ ਹੋਰ ਯੋਗ ਪੇਸ਼ੇਵਰਾਂ ’ਤੇ ਇਸ ਦਾ ਵੱਡਾ ਪ੍ਰਭਾਵ ਪੈਣ ਦੀ ਸੰਭਾਵਨਾ ਨਹੀਂ ਹੈ। ਨਾਲ ਹੀ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਹਰ ਕੇਸ ਦੀ ਵੱਖਰੇ ਤੌਰ ’ਤੇ ਸਮੀਖਿਆ ਕਰਨ ਦਾ ਅਧਿਕਾਰ ਦਿੱਤਾ ਜਾਵੇਗਾ।

ਫਿਰ ਵੀ, ਕਾਰੋਬਾਰੀ ਸੰਸਥਾਵਾਂ ਅਤੇ ਇਮੀਗ੍ਰੇਸ਼ਨ ਵਕੀਲ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹਨ ਕਿਉਂਕਿ ਯੂ.ਐੱਸ.ਸੀ.ਆਈ.ਐੱਸ. ਜਾਂ ਵਾਈਟ ਹਾਊਸ ਵੱਲੋਂ ਅਜੇ ਤੱਕ ਕੋਈ ਅਧਿਕਾਰਿਕ ਜਨਤਕ ਦਿਸ਼ਾ-ਨਿਰਦੇਸ਼ ਜਾਰੀ ਨਹੀਂ ਕੀਤਾ ਗਿਆ।

# ਅਮਰੀਕਾ ਦਾ ਵੱਡਾ ਐਲਾਨ: ਬੀ1/ਬੀ2 ਵੀਜ਼ਾ ਇੰਟਰਵਿਊ ਹੁਣ 10 ਦਿਨਾਂ ਵਿੱਚ, ਪਰ ਦੇਣੀ ਪਵੇਗੀ $750 ਵਾਧੂ ਫੀਸ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਜਾਣ ਦੇ ਇੱਛੁਕ ਲੱਖਾਂ ਸੈਲਾਨੀਆਂ ਅਤੇ ਕਾਰੋਬਾਰੀ ਯਾਤਰੀਆਂ ਲਈ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਬੀ1/ਬੀ2 ਵਿਜ਼ਟਰ ਵੀਜ਼ਾ ਲਈ ਇੱਕ ਨਵਾਂ “ਪ੍ਰੀਮੀਅਮ ਐਕਸਪੀਡਾਈਟਡ ਇੰਟਰਵਿਊ ਪ੍ਰੋਗਰਾਮ” ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਜਿਸ ਤਹਿਤ ਅਰਜ਼ੀਕਾਰ ਵਾਧੂ $750 ਫੀਸ ਦੇ ਕੇ ਆਪਣਾ ਵੀਜ਼ਾ ਇੰਟਰਵਿਊ 10 ਕਾਰੋਬਾਰੀ ਦਿਨਾਂ ਦੇ ਅੰਦਰ ਪ੍ਰਾਪਤ ਕਰ ਸਕਣਗੇ। ਇਹ ਨਵਾਂ ਪਾਇਲਟ ਪ੍ਰੋਗਰਾਮ 1 ਜੁਲਾਈ 2026 ਤੋਂ ਲਾਗੂ ਹੋਵੇਗਾ ਅਤੇ 31 ਦਸੰਬਰ 2026 ਤੱਕ ਚੱਲੇਗਾ।

ਮੌਜੂਦਾ ਸਮੇਂ ਵਿਚ ਕਈ ਦੇਸ਼ਾਂ ਵਿਚ ਬੀ1/ਬੀ2 ਵੀਜ਼ਾ ਇੰਟਰਵਿਊ ਲਈ ਮਹੀਨਿਆਂ ਦੀ ਉਡੀਕ ਕਰਨੀ ਪੈਂਦੀ ਹੈ। ਇਸ ਸਮੱਸਿਆ ਨੂੰ ਧਿਆਨ ਵਿਚ ਰੱਖਦਿਆਂ ਅਮਰੀਕੀ ਸਰਕਾਰ ਨੇ ਇਹ ਨਵੀਂ ਸੇਵਾ ਸ਼ੁਰੂ ਕੀਤੀ ਹੈ, ਤਾਂ ਜੋ ਉਹ ਲੋਕ, ਜਿਨ੍ਹਾਂ ਨੂੰ ਤੁਰੰਤ ਕਾਰੋਬਾਰੀ ਜਾਂ ਪਰਿਵਾਰਕ ਕਾਰਨਾਂ ਕਰਕੇ ਅਮਰੀਕਾ ਜਾਣ ਦੀ ਲੋੜ ਹੈ, ਵਾਧੂ ਫੀਸ ਦੇ ਕੇ ਜਲਦੀ ਇੰਟਰਵਿਊ ਲੈ ਸਕਣ।

ਇਸ ਯੋਜਨਾ ਅਧੀਨ ਅਰਜ਼ੀਕਾਰ ਨੂੰ ਆਮ ਬੀ1/ਬੀ2 ਵੀਜ਼ਾ ਫੀਸ 185 ਡਾਲਰ ਦੇ ਨਾਲ ਵਾਧੂ 750 ਡਾਲਰ ਦੇਣੇ ਪੈਣਗੇ। ਇਸ ਤਰ੍ਹਾਂ ਕੁੱਲ ਫੀਸ 935 ਡਾਲਰ ਬਣੇਗੀ। ਹਾਲਾਂਕਿ, ਇਹ ਫੀਸ ਸਿਰਫ਼ ਇੰਟਰਵਿਊ ਦੀ ਮਿਤੀ ਜਲਦੀ ਲੈਣ ਲਈ ਹੈ। ਇਸ ਨਾਲ ਵੀਜ਼ਾ ਮਨਜ਼ੂਰ ਹੋਣ ਦੀ ਕੋਈ ਗਾਰੰਟੀ ਨਹੀਂ ਮਿਲੇਗੀ। ਵੀਜ਼ਾ ਅਫਸਰ ਵੱਲੋਂ ਅਰਜ਼ੀ ਦੀ ਜਾਂਚ ਅਤੇ ਇੰਟਰਵਿਊ ਦੇ ਆਧਾਰ ’ਤੇ ਹੀ ਅੰਤਿਮ ਫੈਸਲਾ ਕੀਤਾ ਜਾਵੇਗਾ।

ਅਮਰੀਕੀ ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਹ ਸਹੂਲਤ ਹਰ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਵਿਚ ਉਪਲਬਧ ਨਹੀਂ ਹੋਵੇਗੀ। ਸ਼ੁਰੂਆਤੀ ਪੜਾਅ ਵਿਚ ਸਿਰਫ਼ ਚੁਣੇ ਹੋਏ ਦੂਤਾਵਾਸਾਂ ਅਤੇ ਕੌਂਸਲੇਟਾਂ ਵਿਚ ਹੀ ਇਹ ਸੇਵਾ ਦਿੱਤੀ ਜਾਵੇਗੀ ਅਤੇ ਸੀਮਤ ਗਿਣਤੀ ਵਿਚ ਹੀ ਅਪੁਆਇੰਟਮੈਂਟਾਂ ਉਪਲਬਧ ਹੋਣਗੀਆਂ। ਕਿਹੜੇ-ਕਿਹੜੇ ਦੇਸ਼ਾਂ ਅਤੇ ਸ਼ਹਿਰਾਂ ਵਿਚ ਇਹ ਸੇਵਾ ਮਿਲੇਗੀ, ਇਸ ਦੀ ਸੂਚੀ ਜਲਦ ਜਾਰੀ ਕੀਤੀ ਜਾਵੇਗੀ।

ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਵੇਂ ਕਦਮ ਨਾਲ ਉਹ ਯਾਤਰੀ ਲਾਭ ਪ੍ਰਾਪਤ ਕਰਨਗੇ, ਜਿਨ੍ਹਾਂ ਨੂੰ ਤੁਰੰਤ ਕਾਰੋਬਾਰੀ ਮੀਟਿੰਗਾਂ, ਪਰਿਵਾਰਕ ਸਮਾਗਮਾਂ ਜਾਂ ਹੋਰ ਜ਼ਰੂਰੀ ਕਾਰਨਾਂ ਕਰਕੇ ਅਮਰੀਕਾ ਜਾਣਾ ਪੈਂਦਾ ਹੈ। ਦੂਜੇ ਪਾਸੇ ਕੁਝ ਲੋਕਾਂ ਨੇ ਇਸ ਯੋਜਨਾ ਦੀ ਆਲੋਚਨਾ ਵੀ ਕੀਤੀ ਹੈ ਅਤੇ ਕਿਹਾ ਹੈ ਕਿ ਇਸ ਨਾਲ ਅਮੀਰ ਅਤੇ ਆਮ ਅਰਜ਼ੀਕਾਰਾਂ ਵਿਚਕਾਰ ਇੱਕ ਨਵਾਂ ਫਰਕ ਪੈਦਾ ਹੋ ਸਕਦਾ ਹੈ।

# ਇੰਡੀਆਨਾ ’ਚ 283 ਟਰੱਕ ਡਰਾਈਵਰਾਂ ਖਿਲਾਫ਼ ਕਾਰਵਾਈ !

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਇੰਡੀਆਨਾ ਵਿਚ ਤਿੰਨ ਮਹੀਨਿਆਂ ਦੀ ਇਨਫੋਰਸਮੈਂਟ ਆਪ੍ਰੇਸ਼ਨ ਦੌਰਾਨ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ 283 ਵਪਾਰਕ ਟਰੱਕ ਡਰਾਈਵਰਾਂ ਨੂੰ ਵਜ਼ਨ ਸਟੇਸ਼ਨਾਂ ਅਤੇ ਚੈਕਪੁਆਇੰਟਾਂ ’ਤੇ ਰੋਕਿਆ ਗਿਆ, ਜੋ ਕਥਿਤ ਤੌਰ ’ਤੇ ਅਮਰੀਕਾ ਵਿਚ ਕੰਮ ਕਰਨ ਲਈ ਅਧਿਕਾਰਤ ਨਹੀਂ ਸਨ। ਇਹ ਜਾਣਕਾਰੀ ਗਵਰਨਰ ਮਾਈਕ ਬਰਾਊਨ ਦੇ ਸਹਿਯੋਗੀ ਟੋਨੀ ਫੇਰਾਰੋ ਨੇ ਨੌਰਥਵੈਸਟਰਨ ਇੰਡੀਆਨਾ ਰੀਜ਼ਨਲ ਪਲਾਨਿੰਗ ਕਮਿਸ਼ਨ ਦੀ ਮੀਟਿੰਗ ਵਿਚ ਦਿੱਤੀ।

ਫੇਰਾਰੋ ਮੁਤਾਬਕ, ਕਈ ਡਰਾਈਵਰਾਂ ਕੋਲ ਨਿਊਯਾਰਕ ਅਤੇ ਕੈਲੀਫੋਰਨੀਆ ਵੱਲੋਂ ਜਾਰੀ ਕੀਤੇ ਵੈਧ ਸੀ.ਡੀ.ਐਲ. ਸਨ, ਪਰ ਇੰਡੀਆਨਾ ਅਧਿਕਾਰੀਆਂ ਦਾ ਕਹਿਣਾ ਹੈ ਕਿ ਫੈਡਰਲ ਨਿਯਮਾਂ ਅਨੁਸਾਰ ਕਮਰਸ਼ੀਅਲ ਡਰਾਈਵਰ ਕੋਲ ਯੂ.ਐੱਸ. ਵਰਕ ਆਥੋਰਾਈਜ਼ੇਸ਼ਨ ਹੋਣੀ ਲਾਜ਼ਮੀ ਹੈ। ਇਸ ਮਾਮਲੇ ਵਿਚ ਇੱਕ ਵੱਡੀ ਗੱਲ ਇਹ ਵੀ ਹੈ ਕਿ ਦੋਸ਼ ਜਾਂ ਮੁਕੱਦਮਾ ਚਲਾਉਣ ਦੀ ਪੂਰੀ ਅਧਿਕਾਰਤ ਵੇਰਵਾ ਹਾਲੇ ਸਾਫ਼ ਨਹੀਂ

■ **ਨਿਊਯਾਰਕ ਤੇ ਕੈਲੀਫੋਰਨੀਆ ਸੀ.ਡੀ.ਐੱਲ. ਵਾਲੇ ਡਰਾਈਵਰ ਜਾਂਚ ਹੇਠ**



ਕੀਤੀ ਗਈ। ਟਰੱਕਿੰਗ ਇੰਡਸਟਰੀ ਆਊਟਲੈਟ ਓਵਰਡ੍ਰਾਈਵ ਨੇ ਇਸ ਕਹਾਣੀ ਨੂੰ “ਓਵਰਸਟੇਟਿਡ” ਦੱਸਿਆ ਹੈ ਅਤੇ ਕਿਹਾ ਹੈ ਕਿ ਦਾਅਵਾ ਨੂੰ ਸਿਆਸੀ ਰਿਪੋਰਟਾਂ ਨੇ ਵਧਾ-ਚੜ੍ਹਾ ਕੇ ਪੇਸ਼ ਕੀਤਾ ਹੋ ਸਕਦਾ ਹੈ। ਇੰਡੀਆਨਾ ਅਧਿਕਾਰੀਆਂ ਕਹਿੰਦੇ ਹਨ ਕਿ ਇਹ ਕਾਰਵਾਈ ਸੜਕ ਸੁਰੱਖਿਆ ਅਤੇ ਇਮੀਗ੍ਰੇਸ਼ਨ ਦੀ ਪਾਲਣਾ ਲਈ ਹੈ, ਜਦਕਿ ਆਲੋਚਕਾਂ ਦਾ ਕਹਿਣਾ ਹੈ ਕਿ ਵੱਖ-ਵੱਖ ਰਾਜਾਂ ਦੇ ਲਾਇਸੰਸਿੰਗ ਨਿਯਮ ਨੇ ਉਲਝਣ ਪੈਦਾ ਕੀਤੀ ਹੈ। ਮਾਮਲਾ ਹੁਣ ਸਟੇਟ ਲਾਇਸੰਸਿੰਗ, ਫੈਡਰਲ ਇਮੀਗ੍ਰੇਸ਼ਨ ਕਾਨੂੰਨ ਅਤੇ ਟਰੱਕਿੰਗ ਨਿਯਮ ਦੇ ਟਕਰਾਅ ਦੀ ਵੱਡੀ ਮਿਸਾਲ ਬਣ ਗਿਆ ਹੈ।

# ਅਮਰੀਕਾ ਵੱਲੋਂ ‘ਐਂਥਰੋਪਿਕ’ ਦੇ ‘ਫੇਬਲ 5’ ਅਤੇ ‘ਮਾਈਥੋਸ 5’ ਏ.ਆਈ. ਮਾਡਲਾਂ ’ਤੇ ਰੋਕ ਦੇ ਆਦੇਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਦੁਨੀਆਂ ਵਿਚ ਇੱਕ ਬੇਹੱਦ ਅਣਕਿਆਸਾ ਕਦਮ ਚੁੱਕਦਿਆਂ ਅਮਰੀਕੀ ਸਰਕਾਰ ਨੇ ਪ੍ਰਸਿੱਧ ਏ.ਆਈ. ਕੰਪਨੀ ‘ਐਂਥਰੋਪਿਕ’ ਨੂੰ ਆਪਣੇ ਸਭ ਤੋਂ ਉੱਨਤ ਅਤੇ ਪ੍ਰਮੁੱਖ ਏ.ਆਈ. ਮਾਡਲਾਂ- ‘ਫੇਬਲ 5’ ਅਤੇ ‘ਮਾਈਥੋਸ 5’, ਦੀ ਦੁਨੀਆਂ ਭਰ ਵਿਚ ਵਰਤੋਂ ’ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾਉਣ ਦਾ ਹੁਕਮ ਦਿੱਤਾ ਹੈ। ਅਮਰੀਕੀ ਪ੍ਰਸ਼ਾਸਨ ਨੇ ਇਹ ਕਾਰਵਾਈ ਕੌਮੀ ਸੁਰੱਖਿਆ ਚਿੰਤਾਵਾਂ ਅਤੇ ਇਨ੍ਹਾਂ ਸਿਸਟਮਾਂ ਦੇ ਸੁਰੱਖਿਆ ਘੇਰੇ (ਸੇਫਗਾਰਡਸ) ਨੂੰ ਬਾਈਪਾਸ ਕਰਨ, ਯਾਨੀ ਤੋੜਨ ਦੇ ਖ਼ਦਸ਼ੇ ਦੇ ਚੱਲਦਿਆਂ ਕੀਤੀ ਹੈ। ਇਸ ਸਰਕਾਰੀ ਆਦੇਸ਼ ਤੋਂ ਬਾਅਦ ਕੰਪਨੀ ਨੂੰ ਮਜਬੂਰਨ ਆਪਣੇ ਦੋਵੇਂ ਉੱਨਤ ਉਤਪਾਦ ਬਾਜ਼ਾਰ ਵਿਚੋਂ ਹਟਾਉਣੇ ਪਏ ਹਨ, ਜਿਸ ਕਾਰਨ ਦੁਨੀਆਂ ਭਰ ਦੇ ਕਰੋੜਾਂ ਯੂਜ਼ਰਸ ਪ੍ਰਭਾਵਿਤ ਹੋਏ ਹਨ। ਹਾਲਾਂਕਿ, ਐਂਥਰੋਪਿਕ ਨੇ ਸਪੱਸ਼ਟ ਕੀਤਾ ਹੈ ਕਿ ਉਸ ਦੇ ਬਾਕੀ ਸਾਰੇ ਏ.ਆਈ. ਮਾਡਲ ਪਹਿਲਾਂ ਵਾਂਗ ਹੀ ਬਿਨਾਂ ਕਿਸੇ ਰੁਕਾਵਟ ਦੇ ਕੰਮ ਕਰਦੇ ਰਹਿਣਗੇ।

ਕੰਪਨੀ ਨੇ ਇੱਕ ਬਿਆਨ ਜਾਰੀ

■ **ਸੁਰੱਖਿਆ ਕਾਰਨਾਂ ਦਾ ਦਿੱਤਾ ਹਵਾਲਾ**

■ **ਐਂਥਰੋਪਿਕ ਨੇ ਸਰਕਾਰ ਦੀ ਕਾਰਵਾਈ ’ਤੇ ਜਤਾਈ ਅਸਹਿਮਤੀ**

ਕਰਕੇ ਦੱਸਿਆ ਕਿ ਅਮਰੀਕੀ ਅਧਿਕਾਰੀਆਂ ਤੋਂ ਨਿਰਦੇਸ਼ ਮਿਲਦੇ ਹੀ ਉਨ੍ਹਾਂ ਨੇ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕਰਦਿਆਂ ਇਨ੍ਹਾਂ ਦੋਵਾਂ ਮਾਡਲਾਂ ਨੂੰ ਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ। ਪਰ ਇਸ ਦੇ ਨਾਲ ਹੀ ਐਂਥਰੋਪਿਕ ਨੇ ਸਰਕਾਰ ਦੇ ਇਸ ਫੈਸਲੇ ’ਤੇ ਸਖ਼ਤ ਅਸਹਿਮਤੀ ਜਤਾਈ ਹੈ। ਕੰਪਨੀ ਦਾ ਕਹਿਣਾ ਹੈ ਕਿ ਸਰਕਾਰ ਨੇ ਇਸ ਸਿਸਟਮ ਨੂੰ ਪੂਰੀ ਤਰ੍ਹਾਂ ਬੰਦ ਕਰਨ ਲਈ ਕੋਈ ਠੋਸ ਅਤੇ ਵਿਸਤ੍ਰਿਤ ਤਕਨੀਕੀ ਸਬੂਤ ਪੇਸ਼ ਨਹੀਂ ਕੀਤੇ ਹਨ।

ਸਰਕਾਰੀ ਅਧਿਕਾਰੀਆਂ ਨੂੰ ਖ਼ਦਸ਼ਾ ਹੈ ਕਿ ਇਨ੍ਹਾਂ ਮਾਡਲਾਂ ਵਿਚ ‘ਜੇਲਬ੍ਰੇਕ’ ਦੀ ਸੰਭਾਵਨਾ ਹੈ- ਜੇਲਬ੍ਰੇਕ ਇੱਕ ਅਜਿਹੀ ਤਕਨੀਕ ਹੈ, ਜਿਸ ਰਾਹੀਂ ਕਿਸੇ ਏ.ਆਈ. ਸਿਸਟਮ ਨੂੰ ਚਕਮਾ ਦੇ ਕੇ ਉਸ ਦੇ ਸੁਰੱਖਿਆ ਨਿਯਮਾਂ ਨੂੰ ਤੋੜਿਆ ਜਾ ਸਕਦਾ ਹੈ। ਦੂਜੇ ਪਾਸੇ, ਐਂਥਰੋਪਿਕ ਨੇ ਕਿਹਾ ਕਿ ਉਨ੍ਹਾਂ ਨੇ




ਇਸ ਤਕਨੀਕ ਦੀ ਸਮੀਖਿਆ ਕੀਤੀ ਹੈ ਅਤੇ ਇਸ ਵਿਚ ਸਿਰਫ਼ ਕੁਝ ਪੁਰਾਣੀਆਂ ਤੇ ਬਹੁਤ ਹੀ ਮਾਮੂਲੀ ਕਮੀਆਂ ਸਾਹਮਣੇ ਆਈਆਂ ਹਨ।

ਕੰਪਨੀ ਦਾ ਦਾਅਵਾ ਹੈ ਕਿ ਇਹ ਕੋਈ ਅਜਿਹੀ ਸਮਰੱਥਾ ਨਹੀਂ ਹੈ, ਜੋ ਸਿਰਫ਼ ‘ਫੇਬਲ 5’ ਵਿਚ ਹੋਵੇ, ਸਗੋਂ ਇਹ ਬਾਜ਼ਾਰ ਵਿਚ ਮੌਜੂਦ ਹੋਰ ਜਨਤਕ ਏ.ਆਈ. ਮਾਡਲਾਂ ਰਾਹੀਂ ਵੀ ਸੰਭਵ ਹੈ। ਕੰਪਨੀ ਨੇ ਇਹ ਵੀ ਕਿਹਾ ਕਿ ਇਸ ਕਥਿਤ ਖ਼ਾਮੀ ਕਾਰਨ ਅਸਲ ਦੁਨੀਆਂ ਵਿਚ ਅਜੇ ਤੱਕ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ ਹੈ।

ਐਂਥਰੋਪਿਕ ਮੁਤਾਬਕ ‘ਫੇਬਲ 5’ ਨੂੰ ਬਾਜ਼ਾਰ ਵਿਚ ਉਤਾਰਨ ਤੋਂ ਪਹਿਲਾਂ ਕੰਪਨੀ ਦੀਆਂ ਅੰਦਰੂਨੀ ਟੀਮਾਂ, ਬਾਹਰੀ ਮਾਹਰਾਂ, ਅਮਰੀਕੀ ਸਰਕਾਰ ਅਤੇ ਬ੍ਰਿਟੇਨ ਦੇ ‘ਏ.ਆਈ. ਸੇਫਟੀ ਇੰਸਟੀਚਿਊਟ’ ਵੱਲੋਂ ਵੱਡੇ ਪੱਧਰ ’ਤੇ ਸੁਰੱਖਿਆ ਜਾਂਚਾਂ ਵਿਚੋਂ ਲੰਘਾਇਆ ਗਿਆ ਸੀ। ਉਨ੍ਹਾਂ ਟੈਸਟਾਂ ਵਿਚ ਇਹ ਸਾਬਤ ਹੋਇਆ ਸੀ ਕਿ ਇਸ ਦੇ ਸੁਰੱਖਿਆ ਪ੍ਰਬੰਧ ਪਿਛਲੀਆਂ ਪੀੜ੍ਹੀਆਂ ਦੇ ਏ.ਆਈ. ਮਾਡਲਾਂ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਹਨ।

ਕੰਪਨੀ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਜਿਹੇ ਸਖ਼ਤ ਅਤੇ ਅਸਪੱਸ਼ਟ ਮਾਪਦੰਡ ਪੂਰੀ ਇੰਡਸਟਰੀ ’ਤੇ ਲਾਗੂ ਕੀਤੇ ਗਏ, ਤਾਂ ਇਸ ਨਾਲ ਭਵਿੱਖ ਵਿਚ ਆਉਣ ਵਾਲੀ ਉੱਨਤ ਏ.ਆਈ. ਤਕਨੀਕ ਦੇ ਵਿਕਾਸ ਅਤੇ ਰਿਲੀਜ਼ ’ਤੇ ਪੂਰੀ ਤਰ੍ਹਾਂ ਰੋਕ ਲੱਗ ਸਕਦੀ ਹੈ। ਐਂਥਰੋਪਿਕ ਨੇ ਕਿਹਾ ਕਿ ਉਹ ਅਸੁਰੱਖਿਅਤ ਏ.ਆਈ. ਤਕਨੀਕਾਂ ’ਤੇ ਸਰਕਾਰੀ ਨਿਗਰਾਨੀ ਦੇ ਪੱਖ ਵਿਚ ਹਨ, ਪਰ ਅਜਿਹੀਆਂ ਕਾਰਵਾਈਆਂ ਪਾਰਦਰਸ਼ੀ ਪ੍ਰਕਿਰਿਆ ਅਤੇ ਸਪੱਸ਼ਟ ਤਕਨੀਕੀ ਸਬੂਤਾਂ ਦੇ ਆਧਾਰ ’ਤੇ ਹੋਣੀਆਂ ਚਾਹੀਦੀਆਂ ਹਨ। ਕੰਪਨੀ ਨੇ ਇਸ ਪੂਰੇ ਘਟਨਾਕ੍ਰਮ ਨੂੰ ਇੱਕ ‘ਗਲਤਫ਼ਹਿਮੀ’ ਕਰਾਰ ਦਿੰਦਿਆਂ ਆਪਣੇ ਗਾਹਕਾਂ ਨੂੰ ਹੋਈ ਪਰੇਸ਼ਾਨੀ ਲਈ ਮੁਆਫ਼ੀ ਮੰਗੀ ਹੈ ਅਤੇ ਭਰੋਸਾ ਦਿੱਤਾ ਹੈ ਕਿ ਉਹ ਇਨ੍ਹਾਂ ਮਾਡਲਾਂ ਦੀ ਸੇਵਾ ਨੂੰ ਜਲਦ ਤੋਂ ਜਲਦ ਬਹਾਲ ਕਰਵਾਉਣ ਲਈ ਸਰਕਾਰ ਨਾਲ ਮਿਲ ਕੇ ਕੰਮ ਕਰ ਰਹੇ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਖੁੱਲ੍ਹੇ ਅਸਮਾਨ ਹੇਠ ਰਹਿ ਰਹੇ 2 ਪਰਿਵਾਰਾਂ ਦੀ ਡਾ.ਐੱਸ.ਪੀ. ਸਿੰਘ ਓਬਰਾਏ ਨੇ ਫੜੀ ਬਾਂਹ

**ਮਕਾਨ ਬਣਾਉਣ ਲਈ ਦਿੱਤੀ ਰਾਸ਼ੀ**



ਡਾ. ਐੱਸ.ਪੀ. ਸਿੰਘ ਓਬਰਾਏ।

ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸੰਨੀ ਓਬਰਾਏ ਆਵਾਸ ਯੋਜਨਾ ਤਹਿਤ ਬਿਨਾਂ ਛੱਤ ਤੋਂ ਰਹਿ ਰਹੇ ਲੋੜਵੰਦ ਪਰਿਵਾਰਾਂ ਨੂੰ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪਿਛਲੇ ਸਾਲ ਬਾਰਸ਼ਾਂ ਦਰਮਿਆਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਮਾਨ ਸਿੰਘ ਵਾਲਾ ਅਤੇ ਸ੍ਰੀ ਮੁਕਤਸਰ ਸਾਹਿਬ ਵਿਚ ਗ਼ਰੀਬ ਪਰਿਵਾਰਾਂ ਦੇ ਮਕਾਨਾਂ ਦਾ ਨੁਕਸਾਨ ਹੋਇਆ ਸੀ ਅਤੇ ਉਹ ਬਿਨਾਂ ਛੱਤ ਤੋਂ ਦਿਨ ਕੱਟਣ ਲਈ ਮਜਬੂਰ ਸਨ।

ਇਨ੍ਹਾਂ ਪਰਿਵਾਰਾਂ ਵੱਲੋਂ ਸ੍ਰੀ ਮੁਕਤਸਰ ਸਾਹਿਬ ਟੀਮ ਰਾਹੀਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਮਕਾਨ ਬਣਾ ਕੇ ਦੇਣ ਲਈ ਬੇਨਤੀ ਪੱਤਰ ਭੇਜੇ ਗਏ ਸਨ। ਇਨ੍ਹਾਂ ਪਰਿਵਾਰਾਂ ਦੇ ਹਾਲਾਤਾਂ ਨੂੰ ਦੇਖਦਿਆਂ ਹੋਇਆਂ ਡਾਕਟਰ ਓਬਰਾਏ ਵਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਬਹੁਤ ਹੀ ਜਲਦੀ ਇਨ੍ਹਾਂ ਪਰਿਵਾਰਾਂ ਦੇ ਮਕਾਨ ਸ਼ੁਰੂ ਕਰ ਦਿੱਤੇ ਜਾਣਗੇ। ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਅਸੀਂ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਪਰਿਵਾਰ ਸਮੇਤ ਛੱਤ ਹੇਠ ਰਹਿਣ ਯੋਗ ਹੋ ਜਾਵਾਂਗੇ।

ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਖੱਪਿਆਂਵਾਲੀ, ਕਾਲਾ ਖੱਪਿਆਂਵਾਲੀ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਗੁਰਜੀਤ ਸਿੰਘ ਜੀਤਾ ਆਦਿ ਹਾਜ਼ਰ ਸਨ।

# ਐਡਵੋਕੇਟ ਧਾਮੀ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਵਫ਼ਦ ਨੇ ਯੂਬਾ ਸਿਟੀ ਵਿਖੇ ਸਥਾਨਕ ਸਿੱਖ ਆਗੂਆਂ ਨਾਲ ਕੀਤੀ ਇਕੱਤਰਤਾ

**ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ 'ਚ ਸਿੱਖ ਮਿਸ਼ਨ ਤੇ ਪ੍ਰੈੱਸ ਸਮੇਤ ਹੋਰ ਕਾਰਜ ਜਲਦ ਮੁਕੰਮਲ ਕੀਤੇ ਜਾਣਗੇ: ਐਡਵੋਕੇਟ ਧਾਮੀ**



ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਅਮਰੀਕਾ ਪੁੱਜੇ ਉੱਚ ਪੱਧਰੀ ਵਫ਼ਦ ਨੇ ਸ. ਦੀਦਾਰ ਸਿੰਘ ਬੈਂਸ ਦੇ ਘਰ ਸਥਾਨਕ ਸਿੱਖ ਆਗੂਆਂ ਅਤੇ ਪੰਜਾਬੀ ਭਾਈਚਾਰੇ ਨਾਲ ਇਕੱਤਰਤਾ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਧਰਮ ਪ੍ਰਚਾਰ ਕਾਰਜਾਂ ਸਬੰਧੀ ਵਿਚਾਰਾਂ ਕੀਤੀਆਂ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਵਿਦੇਸ਼ਾਂ ਅੰਦਰ ਵੱਸਦੇ ਸਿੱਖ ਭਾਈਚਾਰੇ ਨੇ ਆਪਣੀ ਮਿਹਨਤ ਦੇ ਬਲ 'ਤੇ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ ਅਤੇ ਇਨ੍ਹਾਂ ਦੇਸ਼ਾਂ ਦੇ ਵਿਕਾਸ ਵਿਚ ਵੀ ਜ਼ਿਕਰਯੋਗ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਵੱਲੋਂ ਵਿਦੇਸ਼ਾਂ ਅੰਦਰ ਆਪਣੀ ਵਿਰਾਸਤ ਨੂੰ ਸੰਭਾਲਣ ਦੇ ਯਤਨ ਵੀ ਸ਼ਲਾਘਾਯੋਗ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਜਿਥੇ ਦੇਸ਼ ਦੇ ਵੱਖ-ਵੱਖ ਸੂਬਿਆਂ ਅੰਦਰ ਸਿੱਖ ਮਿਸ਼ਨ ਕਾਰਜਸ਼ੀਲ ਹਨ, ਉਥੇ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਵਿਦੇਸ਼ਾਂ ਅੰਦਰ ਵੱਸਦੇ ਸਿੱਖਾਂ ਅਤੇ ਖ਼ਾਸਕਰ ਨੌਜਵਾਨ ਪੀੜ੍ਹੀ ਨੂੰ ਗੁਰਮਤਿ, ਸਿੱਖ ਇਤਿਹਾਸ ਤੇ ਆਪਣੇ ਵਿਰਸੇ ਨਾਲ ਜੋੜਨ ਲਈ ਅਮਰੀਕਾ ਦੇ ਯੂਬਾ ਸਿਟੀ ਵਿਖੇ ਸਿੱਖ ਸੈਂਟਰ ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਕਾਰਜ ਲਈ ਸਵਰਗੀ ਸ. ਦੀਦਾਰ ਸਿੰਘ ਬੈਂਸ ਨੇ ਆਪਣੇ ਵੱਲੋਂ 14.5 ਏਕੜ ਜ਼ਮੀਨ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸਿੱਖ ਮਿਸ਼ਨ, ਪ੍ਰੈੱਸ ਤੇ ਗੁਰਮਤਿ ਵਿਦਿਆਲਾ ਖੋਲ੍ਹੇ ਜਾਣ ਦੇ ਕਾਰਜ ਲਈ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਕਰ ਲਈਆਂ ਗਈਆਂ ਹਨ ਅਤੇ ਆਰਕੀਟੈਕਟਾਂ ਤੋਂ ਨਕਸ਼ੇ ਤਿਆਰ ਕਰਵਾਏ ਜਾ ਰਹੇ ਹਨ ਤੇ ਸੰਗਤਾਂ ਦੇ ਸਹਿਯੋਗ ਨਾਲ ਜਲਦ ਇਸ ਕਾਰਜ ਦੀ ਆਰੰਭਤਾ ਕਰ ਦਿੱਤੀ ਜਾਵੇਗੀ। ਇਸ ਕਾਰਜ ਨੂੰ ਪਹਿਲ ਦੇ ਆਧਾਰ 'ਤੇ ਮੁਕੰਮਲ ਕੀਤਾ ਜਾਵੇਗਾ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਸੰਸਥਾ ਹੋਣ ਦੇ ਨਾਤੇ ਵਿਸ਼ਵ ਭਰ 'ਚ ਵਸਦੀਆਂ ਸਿੱਖ ਸੰਗਤਾਂ ਨਾਲ ਮਜ਼ਬੂਤ ਰਾਬਤਾ ਬਣਾਉਣ ਲਈ ਵਚਨਬੱਧ ਹੈ ਅਤੇ ਅਮਰੀਕਾ ਵਿਚ ਖੋਲ੍ਹਿਆ ਜਾਣ ਵਾਲਾ ਸਿੱਖ ਮਿਸ਼ਨ ਧਰਮ ਦੇ ਪ੍ਰਚਾਰ ਪ੍ਰਸਾਰ ਦੇ ਨਾਲ-ਨਾਲ ਸਥਾਨਕ ਸਿੱਖ ਸੰਗਤਾਂ ਅਤੇ ਸ਼੍ਰੋਮਣੀ ਕਮੇਟੀ ਦਰਮਿਆਨ ਮਜ਼ਬੂਤ ਪੁੱਲ ਦਾ ਕੰਮ ਕਰੇਗਾ। ਉਨ੍ਹਾਂ ਸਥਾਨਕ ਸੰਗਤਾਂ ਤੋਂ ਭਰਵੇਂ ਸਹਿਯੋਗ ਦੀ ਆਸ ਪ੍ਰਗਟਾਈ। ਸਥਾਨਕ ਸਿੱਖ ਆਗੂਆਂ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਪੰਥਕ ਅਤੇ ਲੋਕ ਭਲਾਈ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਸ਼੍ਰੋਮਣੀ ਕਮੇਟੀ ਨੂੰ ਪੂਰਨ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓ.ਐੱਸ.ਡੀ. ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਕਰਮਦੀਪ ਸਿੰਘ ਬੈਂਸ (ਕਾਊਂਟੀ ਸੁਪਰਵਾਈਜ਼ਰ), ਅਮਰੀਕਾ ਨਿਵਾਸੀ ਦਿਲਬਾਗ ਸਿੰਘ ਬੈਂਸ, ਅਜੀਤ ਸਿੰਘ ਬੈਂਸ, ਕੇਵਲ ਸਿੰਘ ਨਾਗਰਾ, ਲਖਬੀਰ ਸਿੰਘ ਨਾਗਰਾ, ਹਰਜੀਤ ਸਿੰਘ, ਬਲਜਿੰਦਰ ਸਿੰਘ ਢਿੱਲੋਂ, ਨਰਿੰਦਰ ਸਿੰਘ ਅਟਵਾਲ, ਕੁਲਦੀਪ ਸਿੰਘ ਅਟਵਾਲ, ਅਮਰਜੀਤ ਸਿੰਘ ਸੰਘਾ, ਕੁਲਤਾਰ ਸਿੰਘ ਅਟਵਾਲ, ਹਰਭਜਨ ਸਿੰਘ ਸੰਧੂ, ਦਲਬੀਰ ਸਿੰਘ ਗਿੱਲ, ਰੁਪਿੰਦਰ ਸਿੰਘ ਗਿੱਲ, ਰਮਿੰਦਰ ਸਿੰਘ ਬਿਹਲਾ, ਸੁਖਜੀਵਨ ਸਿੰਘ ਬਿਹਲਾ, ਜੋਗਿੰਦਰ ਸਿੰਘ ਨਿੱਜਰ, ਰੇਸ਼ਮ ਸਿੰਘ ਪੁਰੇਵਾਲ, ਦਲਬੀਰ ਸਿੰਘ ਗਿੱਲ, ਸੁਰਜੀਤ ਸਿੰਘ ਸੰਘਾ, ਕਮਲ ਸਿੰਘ ਧਾਰੀਵਾਲ, ਇੰਦਰਜੀਤ ਸਿੰਘ ਕਲਣ, ਅਜੀਤ ਸਿੰਘ ਬੈਂਸ, ਪਾਉਲ ਸਿੰਘ ਬੱਲ, ਸੁਰਿੰਦਰ ਸਿੰਘ ਧਾਮੀ, ਬਿੱਕਰ ਸਿੰਘ ਧਾਮੀ ਅਤੇ ਹੋਰ ਮੌਜੂਦ ਸਨ।

# ਪੰਜ ਸਿੰਘ ਸਾਹਿਬਾਨ ਦੀ ਮੀਟਿੰਗ 'ਚ ਭਾਈ ਰਾਜੋਆਣਾ ਦਾ ਮਾਮਲਾ ਪਛੜਿਆ



ਅੰਮ੍ਰਿਤਸਰ, (ਪੰਜਾਬ ਮੇਲ)- ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ 'ਚ ਭਾਈ ਬਲਵੰਤ ਸਿੰਘ ਰਾਜੋਆਣਾ ਦਾ ਮਾਮਲਾ ਪਛੜ ਗਿਆ ਹੈ, ਜਦੋਂਕਿ ਇਹ ਮਾਮਲਾ ਇਸ ਤੋਂ ਪਹਿਲਾਂ ਹੋਈ ਸਿੱਖ ਜਥੇਬੰਦੀਆਂ ਦੀ ਮੀਟਿੰਗ ਵਿਚ ਵੱਡੇ ਪੱਧਰ 'ਤੇ ਵਿਚਾਰਿਆ ਗਿਆ ਸੀ।

ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਆਖਿਆ ਜਾ ਰਿਹਾ ਹੈ ਕਿ ਉਸਦੀ ਫਾਂਸੀ ਦੀ ਸਜ਼ਾ ਮੁਆਫੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਾਇਰ ਕੀਤੀ ਹੋਈ ਪਟੀਸ਼ਨ ਨੂੰ ਵਾਪਸ ਲੈ ਲਿਆ ਜਾਵੇ ਕਿਉਂਕਿ ਇਸ ਮਾਮਲੇ ਵਿਚ ਇੱਕ ਦਹਾਕੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਅਤੇ ਸਰਕਾਰ ਵੱਲੋਂ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ। ਦੱਸਣਯੋਗ ਹੈ ਇਹ ਮਾਮਲਾ ਇਸ ਵੇਲੇ ਅਦਾਲਤ ਦੇ ਵਿਚਾਰ ਅਧੀਨ ਵੀ ਹੈ।

ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ 'ਚ ਵਿਚਾਰਿਆ ਜਾਣਾ ਸੀ। ਪਰ ਸਿਆਸੀ ਘਟਨਾਕ੍ਰਮ ਦੇ ਚੱਲਦਿਆਂ ਇਹ ਮਾਮਲਾ ਪਿੱਛੇ ਪੈ ਗਿਆ ਹੈ। ਸ੍ਰੀ ਅਕਾਲ ਤਖ਼ਤ ਦੇ ਸੂਤਰਾਂ ਦੇ ਮੁਤਾਬਿਕ ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵੀ ਸੰਬੰਧਿਤ ਹੈ ਅਤੇ ਸਿੱਖ ਜਥੇਬੰਦੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਿਦੇਸ਼ ਯਾਤਰਾ ਤੇ ਹਨ। ਇਸ ਮਾਮਲੇ ਵਿਚ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਜਰੂਰੀ ਸੀ। ਜਿਸ ਕਾਰਨ ਇਹ ਮਾਮਲਾ ਮੁੜ ਵਿਚਾਰਿਆ ਜਾਵੇਗਾ।

ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸਿੱਖ ਜਥੇਬੰਦੀਆਂ ਨਾਲ ਕੀਤੀ ਗਈ ਮੀਟਿੰਗ ਵਿਚ ਇਹ ਮਾਮਲਾ ਏਜੰਡੇ ਵਿਚ ਸ਼ਾਮਲ ਸੀ। ਮੀਟਿੰਗ ਵਿਚ ਬੇਅਦਬੀ ਐਕਟ, ਭਗਵੰਤ ਮਾਨ ਦੀ ਕਥਿਤ ਇਤਰਾਯੋਗ ਵੀਡੀਓ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਸਬੰਧੀ ਪਟੀਸ਼ਨ ਸਬੰਧੀ ਮਾਮਲਾ ਸ਼ਾਮਲ ਸੀ। ਮੀਟਿੰਗ 'ਚ ਸਿੱਖ ਜਥੇਬੰਦੀਆਂ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਦੇ ਮਾਮਲੇ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਦੱਸਿਆ ਗਿਆ ਸੀ, ਜਿਸ ਵਿਚ ਕਈ ਵਿਦਵਾਨਾਂ ਨੇ ਇਸ ਮਾਮਲੇ ਵਿਚ ਕੇਂਦਰ ਸਰਕਾਰ ਨੂੰ ਵੀ ਆੜੇ ਹੱਥੀ ਲਿਆ ਸੀ। ਇੱਕ ਜਥੇਬੰਦੀ ਦੇ ਆਗੂ ਵੱਲੋਂ ਆਖਿਆ ਗਿਆ ਸੀ ਕਿ ਇਸ ਮਾਮਲੇ ਵਿਚ ਰਾਜੋਆਣਾ ਦੀ ਮੰਗ ਦਾ ਸਮਰਥਨ ਕਰਨਾ ਚਾਹੀਦਾ ਹੈ ਅਤੇ ਇਸ ਪਟੀਸ਼ਨ ਨੂੰ ਵਾਪਸ ਲੈ ਲੈਣਾ ਚਾਹੀਦਾ ਹੈ। ਇੱਕ ਸਿੱਖ ਆਗੂ ਨੇ ਇਸ ਮਾਮਲੇ ਵਿਚ ਦਲੀਲ ਦਿੱਤੀ ਸੀ ਕਿ ਆਉਂਦੇ ਸਮੇਂ ਵਿਚ ਭਾਜਪਾ ਪੰਜਾਬ 'ਚ ਪੈਰ ਪਸਾਰਨ ਦਾ ਯਤਨ ਕਰ ਰਹੀ ਹੈ ਅਤੇ ਉਹ ਅਜਿਹੇ ਸਮੇਂ ਵਿਚ ਸਿੱਖਾਂ ਦਾ ਦਿਲ ਜਿੱਤਣ ਲਈ ਬੰਦੀ ਸਿੱਖਾਂ ਨੂੰ ਰਿਹਾਅ ਕਰ ਸਕਦੀ ਹੈ। ਇਸ ਲਈ ਉਡੀਕ ਕਰਨੀ ਚਾਹੀਦੀ ਹੈ ਅਤੇ ਇਸ ਮੌਕੇ ਦਾ ਲਾਹਾ ਲੈਣਾ ਚਾਹੀਦਾ ਹੈ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ:
www.punjabmailusa.com

# ਬਿਕਰਮ ਸਿੰਘ ਮਜੀਠੀਆ ਨੂੰ ਮਿਲੀ ਅੰਤਰਿਮ ਜ਼ਮਾਨਤ



ਅੰਮ੍ਰਿਤਸਰ, (ਪੰਜਾਬ ਮੇਲ)- ਅੰਮ੍ਰਿਤਸਰ ਦੀ ਅਦਾਲਤ ਨੇ ਵੱਡਾ ਫ਼ੈਸਲਾ ਸੁਣਾਉਂਦਿਆਂ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਪਿਛਲੇ ਕਈ ਦਿਨਾਂ ਤੋਂ ਅੰਡਰਗਰਾਊਂਡ ਚੱਲ ਰਹੇ ਮਜੀਠੀਆ ਲਈ ਇਹ ਵੱਡੀ ਰਾਹਤ ਹੈ। ਅੰਮ੍ਰਿਤਸਰ ਦੀ ਅਦਾਲਤ 'ਚ ਮਜੀਠੀਆ ਤੇ ਹੋਰ ਅਕਾਲੀ ਵਰਕਰਾਂ ਖ਼ਿਲਾਫ਼ ਦਰਜ ਐੱਫ.ਆਈ.ਆਰ. ਨੰਬਰ 91 ਸਬੰਧੀ ਅਹਿਮ ਫ਼ੈਸਲਾ ਸੁਣਾਇਆ ਗਿਆ। ਇਸ ਤੋਂ ਪਹਿਲਾਂ ਅਦਾਲਤ ਨੇ 11 ਜੂਨ ਨੂੰ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫ਼ੈਸਲਾ ਰਾਖਵਾਂ ਰੱਖ ਲਿਆ ਸੀ।

ਸੁਣਵਾਈ ਦੌਰਾਨ ਅਦਾਲਤ ਵੱਲੋਂ ਮਜੀਠੀਆ ਨੂੰ ਅੰਤਰਿਮ ਜ਼ਮਾਨਤ ਦੇਣ ਦਾ ਫ਼ੈਸਲਾ ਸੁਣਾਇਆ ਗਿਆ। ਹਾਲਾਂਕਿ ਪੁਲਿਸ ਨੂੰ ਥਾਣਾ ਮਜੀਠਾ ਦੇ ਸੀ.ਸੀ.ਟੀ.ਵੀ. ਫੁਟੇਜ ਪੇਸ਼ ਕਰਨ ਲਈ ਵੀ ਸਖ਼ਤ ਟਿੱਪਣੀਆਂ ਕੀਤੀਆਂ ਗਈਆਂ ਸਨ। ਇਸ ਮਾਮਲੇ ਵਿਚ ਦੋਸ਼ ਹੈ ਕਿ ਬਿਕਰਮ ਸਿੰਘ ਮਜੀਠੀਆ ਤੇ ਉਨ੍ਹਾਂ ਦੇ 50 ਤੋਂ ਵੱਧ ਸਮਰਥਕਾਂ ਨੇ ਥਾਣਾ ਮਜੀਠਾ ਅੰਦਰ ਪੁਲਿਸ ਦੇ ਦਸਤਾਵੇਜ਼ ਪਾੜੇ ਤੇ ਸਰਕਾਰੀ ਕੰਮ ਵਿਚ ਰੁਕਾਵਟ ਪਾਈ ਸੀ। ਇਸ ਸਬੰਧੀ ਦਰਜ ਐੱਫ.ਆਈ.ਆਰ. 'ਤੇ ਬੀਤੇ ਵੀਰਵਾਰ ਨੂੰ ਅਦਾਲਤ ਵਿਚ ਲੰਬੀ ਬਹਿਸ ਹੋਈ, ਜਿਸ ਵਿਚ ਪੁਲਿਸ ਅਤੇ ਬਚਾਅ ਪੱਖ ਦੋਵੇਂ ਆਪੋ-ਆਪਣੀਆਂ ਦਲੀਲਾਂ ਰੱਖੀਆਂ ਸਨ।

ਦੱਸਣਯੋਗ ਹੈ ਕਿ ਮਜੀਠਾ ਪੁਲਿਸ ਥਾਣੇ ਵਿਚ 31 ਮਈ ਨੂੰ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿਚ ਬਿਕਰਮ ਸਿੰਘ ਮਜੀਠੀਆ ਤੋਂ ਇਲਾਵਾ ਉਨ੍ਹਾਂ ਦੇ ਕਈ ਨਜ਼ਦੀਕੀਆਂ ਅਤੇ ਸਮਰਥਕਾਂ ਜਿਨ੍ਹਾਂ ਵਿਚ ਬਿਕਰਮ ਸਿੰਘ ਬਾਠ, ਸਾਹਿਬ ਹਮਜ਼ਾ, ਰਾਜਾ ਲਾਡੇਹ ਅਤੇ ਜੋਧ ਸਿੰਘ ਸਮਰਾ ਸਣੇ ਕਈ ਹੋਰ ਅਣਪਛਾਤੇ ਵਿਅਕਤੀਆਂ ਨੂੰ ਕੇਸ ਵਿਚ ਨਾਮਜ਼ਦ ਕੀਤਾ ਗਿਆ ਸੀ। ਹੋਰ ਵੀ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ। ਹਾਲਾਂਕਿ ਬਾਅਦ ਵਿਚ ਪੁਲਿਸ ਦੀ ਸਿੱਟ ਨੇ ਬਿਕਰਮ ਸਿੰਘ ਬਾਠ ਨੂੰ ਬੇਕਸੂਰ ਕਰਾਰ ਦਿੰਦੇ ਹੋਏ ਐੱਫ.ਆਈ.ਆਰ. ਵਿਚੋਂ ਉਨ੍ਹਾਂ ਦਾ ਕੱਟ ਦਿੱਤਾ ਸੀ।

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਰਵਾਨਾ



ਅੰਮ੍ਰਿਤਸਰ, (ਪੰਜਾਬ ਮੇਲ)- ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 541 ਸ਼ਰਧਾਲੂਆਂ ਦਾ ਜਥਾ ਸ਼੍ਰੋਮਣੀ ਕਮੇਟੀ ਮੈਂਬਰ ਸ. ਭੁਪਿੰਦਰ ਸਿੰਘ ਭਲਵਾਨ ਤੇ ਸ. ਗੁਰਮੀਤ ਸਿੰਘ ਬੂਹ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜੈਕਾਰਿਆਂ ਦੀ ਗੂੰਜ 'ਚ ਰਵਾਨਾ ਹੋਇਆ।

ਰਵਾਨਗੀ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਸ. ਜਸਵਿੰਦਰ ਸਿੰਘ ਜੱਸੀ, ਸ. ਪ੍ਰੀਤਪਾਲ ਸਿੰਘ, ਸ. ਭਗਵੰਤ ਸਿੰਘ ਧੰਗੇੜਾ ਨੇ ਜਥੇ ਦੇ ਆਗੂਆਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ। ਇਹ ਜਥਾ 18 ਜੂਨ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਸ਼ਹੀਦੀ ਪੁਰਬ ਮਨਾਉਣ ਮਗਰੋਂ 19 ਜੂਨ ਨੂੰ ਦੇਸ਼ ਵਾਪਸ ਪਰਤੇਗਾ।

ਇਸ ਮੌਕੇ ਜਥੇ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰ ਸ. ਭੁਪਿੰਦਰ ਸਿੰਘ ਭਲਵਾਨ ਨੇ ਕਿਹਾ ਕਿ ਸਿੱਖ ਸ਼ਰਧਾਲੂਆਂ ਦੀ ਭਾਵਨਾ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਉਨ੍ਹਾਂ ਦੇ ਸ਼ਹੀਦੀ ਅਸਥਾਨ 'ਤੇ ਨਤਮਸਤਕ ਹੋਵੇ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਸ਼ਹੀਦੀ ਪੁਰਬ ਮੌਕੇ ਜਥਾ ਨਹੀਂ ਜਾ ਸਕਿਆ ਸੀ, ਪਰ ਗੁਰੂ ਸਾਹਿਬ ਦੀ ਰਹਿਮਤ ਨਾਲ ਇਸ ਵਾਰ ਜਥੇ ਨੂੰ ਪ੍ਰਵਾਨਗੀ ਮਿਲੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਇਹ ਜਥਾ ਹਰ ਸਾਲ ਭੇਜੇ ਜਾਣ ਨੂੰ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਯਕੀਨੀ ਬਨਾਉਣ।

ਇਸੇ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ ਨੇ ਦੱਸਿਆ ਕਿ ਇਹ ਜਥਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪੁੱਜੇਗਾ, ਜਿਥੋਂ 11 ਜੂਨ ਨੂੰ ਗੁਰਦੁਆਰਾ ਸੱਚਾ ਸੌਦਾ ਸਾਹਿਬ, ਸ਼ੇਖੂਪੁਰਾ ਜਾਵੇਗਾ। 12 ਜੂਨ ਨੂੰ ਇਹ ਜਥਾ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ ਹੋਵੇਗਾ, ਜਿਥੋਂ 14 ਜੂਨ ਨੂੰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪੁੱਜੇਗਾ। 15 ਜੂਨ ਨੂੰ ਜਥਾ ਗੁਰਦੁਆਰਾ ਸ੍ਰੀ ਰੋੜੀ ਸਾਹਿਬ ਐਮਨਾਬਾਦ ਦੇ ਦਰਸ਼ਨ ਦੀਦਾਰ ਕਰਨ ਉਪਰੰਤ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਲਾਹੌਰ ਵਿਖੇ ਪੁੱਜੇਗਾ, ਜਿਥੇ 16 ਜੂਨ ਨੂੰ ਸ਼ਹੀਦੀ ਸਮਾਗਮਾਂ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹਵੇਗੀ। 18 ਜੂਨ ਨੂੰ ਜਥਾ ਸ਼ਹੀਦੀ ਸਮਾਗਮਾਂ ਵਿਚ ਸ਼ਮੂਲੀਅਤ ਕਰੇਗਾ ਅਤੇ 19 ਜੂਨ ਨੂੰ ਜਥੇ ਦੀ ਦੇਸ਼ ਵਾਪਸੀ ਹੋਵੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ. ਜਗਜੀਤ ਸਿੰਘ, ਸ/ਸੁਪਰਵਾਈਜ਼ਰ ਸ. ਕਰਮਜੀਤ ਸਿੰਘ ਸਮੇਤ ਹੋਰ ਹਾਜ਼ਰ ਸਨ।

# ਸ਼ਾਂਤੀ ਸਮਝੌਤੇ ਤਹਿਤ ਅਮਰੀਕਾ ਈਰਾਨ ਨੂੰ ਦੇਵੇਗਾ 12 ਬਿਲੀਅਨ ਡਾਲਰ !

**ਤੇਹਰਾਨ, (ਪੰਜਾਬ ਮੇਲ)-** ਅਮਰੀਕਾ ਅਤੇ ਈਰਾਨ ਵਿਚਾਲੇ ਸਹਿਮਤੀ ਬਣੀ ਗਈ ਹੈ। ਜੇਨੇਵਾ 'ਚ ਸ਼ੁੱਕਰਵਾਰ ਨੂੰ ਹੋਣ ਵਾਲੇ ਇੱਕ ਇਤਿਹਾਸਕ ਸ਼ਾਂਤੀ ਸਮਝੌਤੇ ਦੇ ਤਹਿਤ ਗੱਲਬਾਤ ਤੋਂ ਪਹਿਲਾਂ ਅਮਰੀਕਾ ਈਰਾਨ ਦੀ ਫ੍ਰੀਜ਼ ਕੀਤੀ ਗਈ 12 ਅਰਬ ਅਮਰੀਕੀ ਡਾਲਰ ਦੀ ਜਾਇਦਾਦ ਰਿਲੀਜ਼ ਕਰਨ ਲਈ ਤਿਆਰ ਹੋ ਗਿਆ ਹੈ। ਇਸ ਕਦਮ ਨੂੰ ਖੇਤਰੀ ਸ਼ਾਂਤੀ ਅਤੇ ਆਰਥਿਕ ਸਥਿਰਤਾ ਲਈ ਇੱਕ ਵੱਡੀ ਸਫ਼ਲਤਾ ਵਜੋਂ ਦੇਖਿਆ ਜਾ ਰਿਹਾ ਹੈ।

ਸੂਤਰਾਂ ਅਨੁਸਾਰ ਈਰਾਨੀ ਮੀਡੀਆ ਵੱਲੋਂ ਪ੍ਰਕਾਸ਼ਿਤ 14-ਨੁਕਾਤੀ ਸਮਝੌਤੇ ਦੇ ਦਸਤਾਵੇਜ਼ਾਂ ਵਿਚ ਕਿਹਾ ਗਿਆ ਹੈ ਕਿ 60 ਦਿਨਾਂ ਦੀ ਗੱਲਬਾਤ ਦੀ ਮਿਆਦ ਦੌਰਾਨ ਕੁੱਲ 24 ਅਰਬ ਡਾਲਰ ਦੀ ਰਾਸ਼ੀ ਜਾਰੀ ਕੀਤੀ ਜਾਵੇਗੀ। ਇਸ



ਵਿਚੋਂ ਅੱਧੀ ਰਾਸ਼ੀ ਯਾਨੀ 12 ਅਰਬ ਡਾਲਰ ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਈਰਾਨ ਨੂੰ ਮੁਹੱਈਆ ਕਰਵਾਈ ਜਾਣੀ ਹੈ। ਹਾਲਾਂਕਿ ਅਮਰੀਕਾ ਨੇ ਸਪੱਸ਼ਟ ਕੀਤਾ ਹੈ ਕਿ ਇਹ "ਪੇਅ-ਫਾਰ-ਪਰਫਾਰਮੈਂਸ" ਡੀਲ ਹੈ, ਯਾਨੀ ਜਦੋਂ ਤੱਕ ਈਰਾਨ ਆਪਣੀਆਂ ਵਚਨਬੱਧਤਾਵਾਂ ਪੂਰੀਆਂ ਨਹੀਂ ਕਰਦਾ, ਪੈਸਾ ਜਾਰੀ ਨਹੀਂ ਕੀਤਾ ਜਾਵੇਗਾ।



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਸਮਝੌਤੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਜੰਗ ਕਾਰਨ ਮਹੀਨਿਆਂ ਤੋਂ ਬੰਦ ਪਿਆ ਮਹੱਤਵਪੂਰਨ ਸਮੁੰਦਰੀ ਰਸਤਾ 'ਸਟ੍ਰੇਟ ਆਫ ਹੋਰਮੁਜ਼' ਹੁਣ ਮੁੜ ਖੋਲ੍ਹਿਆ ਜਾਵੇਗਾ। ਵਾਈਟ ਹਾਊਸ ਤੋਂ ਆਏ ਇਸ ਐਲਾਨ ਨੇ ਵਿਸ਼ਵ ਪੱਧਰ 'ਤੇ ਤੇਲ ਦੀ ਸਪਲਾਈ ਨੂੰ ਲੈ ਕੇ ਚਿੰਤਾਵਾਂ ਘੱਟ ਕਰ ਦਿੱਤੀਆਂ ਹਨ।

ਈਰਾਨੀ ਉਪ ਵਿਦੇਸ਼ ਮੰਤਰੀ ਕਾਜ਼ੇਮ ਗ਼ਰੀਬਾਬਾਦੀ ਅਨੁਸਾਰ ਇਸ ਸਮਝੌਤੇ ਵਿਚ ਲੇਬਨਾਨ ਵਿਚ ਜੰਗਬੰਦੀ ਅਤੇ ਈਰਾਨ ਤੋਂ ਆਰਥਿਕ ਨਾਕਾਬੰਦੀ ਹਟਾਉਣ ਵਰਗੀਆਂ ਸ਼ਰਤਾਂ ਵੀ ਸ਼ਾਮਲ ਹਨ। ਬ੍ਰਿਟੇਨ, ਜਰਮਨੀ, ਇਟਲੀ ਅਤੇ ਫਰਾਂਸ ਵਰਗੇ ਸ਼ਕਤੀਸ਼ਾਲੀ ਦੇਸ਼ਾਂ ਨੇ ਇਸ ਪਹਿਲਕਦਮੀ ਦਾ ਸਵਾਗਤ ਕੀਤਾ ਹੈ ਅਤੇ ਈਰਾਨ 'ਤੇ ਲੱਗੀਆਂ ਪਾਬੰਦੀਆਂ ਹਟਾਉਣ ਦੀ ਇੱਛਾ ਜਤਾਈ ਹੈ। ਜਿੱਥੇ ਪੂਰੀ ਦੁਨੀਆਂ ਇਸ ਸ਼ਾਂਤੀ ਸਮਝੌਤੇ ਦਾ ਜਸ਼ਨ ਮਨਾ ਰਹੀ ਹੈ, ਉੱਥੇ ਹੀ ਇਜ਼ਰਾਈਲ ਨੇ ਇਸ 'ਤੇ ਫਿਲਹਾਲ ਚੁੱਪੀ ਧਾਰੀ ਹੋਈ ਹੈ। ਇਜ਼ਰਾਈਲ ਲਗਾਤਾਰ ਦੱਖਣੀ ਲੇਬਨਾਨ ਵਿਚ ਹਿਜ਼ਬੁੱਲਾ ਵਿਰੁੱਧ ਆਪਣੀਆਂ ਫੌਜੀ ਕਾਰਵਾਈਆਂ ਤੇਜ਼ ਕਰ ਰਿਹਾ ਹੈ, ਜਿਸ ਕਾਰਨ ਖੇਤਰ ਵਿਚ ਤਣਾਅ ਅਜੇ ਵੀ ਬਣਿਆ ਹੋਇਆ ਹੈ।

# ਅਮਰੀਕਾ ਤੇ ਇਰਾਨ ਵਿਚਾਲੇ ਇਤਿਹਾਸਕ ਸ਼ਾਂਤੀ ਸਮਝੌਤੇ 'ਤੇ ਬਣੀ ਸਹਿਮਤੀ

**ਤੇਹਰਾਨ, (ਪੰਜਾਬ ਮੇਲ)-** ਮਿਡਲ ਈਸਟ 'ਚ ਚੱਲ ਰਹੀ ਭਿਆਨਕ ਜੰਗ ਨੂੰ ਖ਼ਤਮ ਕਰਨ ਅਤੇ ਇਲਾਕੇ 'ਚ ਸ਼ਾਂਤੀ ਬਹਾਲ ਕਰਨ ਲਈ ਅਮਰੀਕਾ ਤੇ ਇਰਾਨ ਵਿਚਾਲੇ ਐਤਵਾਰ ਨੂੰ ਇਤਿਹਾਸਕ ਸ਼ਾਂਤੀ ਸਮਝੌਤੇ 'ਤੇ ਸਹਿਮਤੀ ਬਣ ਗਈ ਹੈ। ਇਸ ਸਮਝੌਤੇ ਤਹਿਤ ਇਰਾਨ ਸਣੇ ਲਿਬਨਾਨ 'ਤੇ ਫ਼ੌਜੀ ਕਾਰਵਾਈਆਂ ਨੂੰ ਤੁਰੰਤ ਰੋਕ ਦਿੱਤਾ ਜਾਵੇਗਾ। ਇਸ ਇਤਿਹਾਸਕ ਸਮਝੌਤੇ 'ਤੇ 19 ਜੂਨ ਨੂੰ ਸਵਿਟਜ਼ਲੈਂਡ 'ਚ ਅਧਿਕਾਰਤ ਤੌਰ 'ਤੇ ਦਸਤਖਤ ਕੀਤੇ ਜਾਣਗੇ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇਸ ਦੀ ਜਾਣਕਾਰੀ ਦਿੰਦੇ ਹੋਏ ਲਿਖਿਆ, "ਇਰਾਨ ਦੇ ਨਾਲ ਸਮਝੌਤਾ ਹੁਣ ਪੂਰਾ ਹੋ ਗਿਆ ਹੈ। ਸਭ ਨੂੰ ਵਧਾਈਆਂ! ਮੈਂ ਹੋਰਮੂਜ਼ ਨੂੰ ਬਿਨਾਂ ਕਿਸੇ ਫ਼ੀਸ ਦੇ ਖੋਲ੍ਹਣ ਅਤੇ ਅਮਰੀਕੀ ਜਲ ਸੈਨਾ ਦੀ ਨਾਕਾਬੰਦੀ ਨੂੰ ਤੁਰੰਤ ਹਟਾਉਣ ਦੀ ਮਨਜ਼ੂਰੀ ਦਿੰਦਾ ਹਾਂ। ਜਹਾਜ਼ ਆਪਣੇ ਇੰਜਣ ਸਟਾਰਟ ਕਰਨ। ਤੇਲ ਦੀ ਸਪਲਾਈ ਸ਼ੁਰੂ ਕਰੋ।"

ਟਰੰਪ ਤੋਂ ਬਾਅਦ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਵੀ ਸੋਸ਼ਲ ਮੀਡੀਆ 'ਐਕਸ' 'ਤੇ ਪੋਸਟ ਸਾਂਝੀ ਕਰਦਿਆਂ ਲਿਖਿਆ ਕਿ ਦੋਵਾਂ ਧਿਰਾਂ ਨੇ ਲਿਬਨਾਨ ਸਣੇ ਸਾਰੇ ਮੋਰਚਿਆਂ 'ਤੇ ਫ਼ੌਜੀ ਕਾਰਵਾਈ ਨੂੰ ਤੁਰੰਤ ਅਤੇ ਹਮੇਸ਼ਾ ਲਈ ਰੋਕਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਮਸਲੇ ਦਾ ਗੱਲਬਾਤ ਰਾਹੀਂ ਹੱਲ ਲੱਭਣ ਲਈ ਅਮਰੀਕਾ ਅਤੇ ਇਰਾਨ ਦੀ ਵਚਨਬੱਧਤਾ ਦਾ ਧੰਨਵਾਦ ਕੀਤਾ।

ਸ਼ਹਿਬਾਜ਼ ਸ਼ਰੀਫ਼ ਨੇ ਇਸ ਸਮਝੌਤੇ ਨੂੰ ਨੇਪਰੇ ਚਾੜ੍ਹਨ 'ਚ ਵਿਚੋਲਿਆਂ ਦੀ ਅਹਿਮ ਭੂਮਿਕਾ ਨਿਭਾਉਣ ਲਈ ਕਤਰ ਦੀ ਲੀਡਰਸ਼ਿਪ ਦਾ ਦਿਲੋਂ ਧੰਨਵਾਦ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਸਾਊਦੀ ਅਰਬ ਅਤੇ ਤੁਰਕੀ ਦੀ ਲੀਡਰਸ਼ਿਪ ਦੀ ਵੀ ਖ਼ਾਸ ਤੌਰ 'ਤੇ ਸ਼ਲਾਘਾ ਕੀਤੀ, ਜਿਨ੍ਹਾਂ ਨੇ ਇਸ ਦਿਸ਼ਾ 'ਚ ਵੱਡਾ ਯੋਗਦਾਨ ਪਾਇਆ ਹੈ।

ਸਮਝੌਤੇ 'ਤੇ ਸਹਿਮਤੀ ਬਣਨ ਤੋਂ ਬਾਅਦ, ਇਸ ਗੱਲਬਾਤ 'ਚ ਵਿਚੋਲਗੀ ਕਰਨ ਵਾਲੇ ਦੇਸ਼ ਇਸ ਹਫ਼ਤੇ ਕਈ ਮੀਟਿੰਗਾਂ ਦਾ ਆਯੋਜਨ ਕਰਨਗੇ। ਇਨ੍ਹਾਂ ਮੀਟਿੰਗਾਂ 'ਚ 19 ਜੂਨ ਨੂੰ ਹੋਣ ਵਾਲੇ ਸਾਈਨਿੰਗ ਪ੍ਰੋਗਰਾਮ ਤੋਂ ਪਹਿਲਾਂ, ਸਮਝੌਤੇ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਤਕਨੀਕੀ ਅਤੇ ਅਧਿਕਾਰਤ ਚਰਚਾਵਾਂ ਦਾ ਆਧਾਰ ਤਿਆਰ ਕੀਤਾ ਜਾਵੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਟਰੰਪ ਪ੍ਰਸ਼ਾਸਨ ਵੱਲੋਂ ਹੈਬੀਅਸ ਕਾਰਪਸ ਮੁਅੱਤਲ ਕਰਨ 'ਤੇ ਗੰਭੀਰ ਵਿਚਾਰ; ਰਿਪੋਰਟ 'ਚ ਵੱਡਾ ਖੁਲਾਸਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਸਿਆਸਤ ਅਤੇ ਇਮੀਗ੍ਰੇਸ਼ਨ ਨੀਤੀ ਨੂੰ ਲੈ ਕੇ ਇੱਕ ਵੱਡੀ ਰਿਪੋਰਟ ਸਾਹਮਣੇ ਆਈ ਹੈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੇ ਸ਼ੁਰੂਆਤੀ ਮਹੀਨਿਆਂ ਵਿਚ ਵਾਈਟ ਹਾਊਸ ਅਧਿਕਾਰੀਆਂ ਨੇ ਗੈਰ-ਦਸਤਾਵੇਜ਼ੀ ਇਮੀਗ੍ਰੈਂਟਸ ਲਈ ਹੈਬੀਅਸ ਕਾਰਪਸ ਦੇ ਹੱਕ ਨੂੰ ਮੁਅੱਤਲ ਕਰਨ 'ਤੇ ਗੰਭੀਰ ਵਿਚਾਰ ਕੀਤਾ।

ਹੈਬੀਅਸ ਕਾਰਪਸ ਉਹ ਕਾਨੂੰਨੀ ਹੱਕ ਹੈ, ਜਿਸ ਰਾਹੀਂ ਕੋਈ ਵੀ ਵਿਅਕਤੀ ਆਪਣੀ ਗ੍ਰਿਫਤਾਰੀ ਜਾਂ ਹਿਰਾਸਤ ਨੂੰ ਅਦਾਲਤ 'ਚ ਚੁਣੌਤੀ ਦੇ ਸਕਦਾ ਹੈ। ਰਿਪੋਰਟ ਅਨੁਸਾਰ ਵਾਈਟ ਹਾਊਸ ਦੇ ਡਿਪਟੀ ਚੀਫ਼ ਆਫ਼ ਸਟਾਫ਼ ਸਟੀਫਨ ਮਿਲਰ ਇਸ ਕਦਮ ਦੇ ਸਭ ਤੋਂ ਵੱਡੇ ਸਮਰਥਕਾਂ ਵਿਚੋਂ ਇੱਕ ਸਨ, ਤਾਂ ਜੋ ਡਿਪੋਰਟੇਸ਼ਨ ਦੀ ਕਾਰਵਾਈ ਤੇਜ਼ ਕੀਤੀ ਜਾ ਸਕੇ। ਰਿਪੋਰਟ 'ਚ ਕਿਹਾ ਗਿਆ ਹੈ ਕਿ ਵਾਈਟ ਹਾਊਸ ਸਟਾਫ਼ ਸਕੱਤਰ ਵਿਲ ਸ਼ਾਰਫ਼ ਨੇ ਚੀਫ਼ ਆਫ਼ ਸਟਾਫ਼ ਸੂਜ਼ੀ ਵਾਈਲਜ਼ ਨੂੰ ਇੱਕ ਗੁਪਤ ਮੈਮੋ ਲਿਖ ਕੇ ਚੇਤਾਵਨੀ ਦਿੱਤੀ ਕਿ ਇਹ ਕਦਮ ਕਾਨੂੰਨੀ ਅਤੇ ਸਿਆਸੀ ਤੌਰ 'ਤੇ ਉਲਟਾ ਪੈ ਸਕਦਾ ਹੈ। ਇਸ ਤੋਂ ਬਾਅਦ ਪ੍ਰਸ਼ਾਸਨ ਨੇ **Insurrection Act** ਲਾਗੂ ਕਰਨ 'ਤੇ ਵੀ ਵਿਚਾਰ ਕੀਤਾ, ਜਿਸ ਰਾਹੀਂ ਰਾਸ਼ਟਰਪਤੀ ਘਰੇਲੂ ਅਸ਼ਾਂਤੀ ਜਾਂ ਬਗਾਵਤ ਵਰਗੀ ਸਥਿਤੀ 'ਚ ਫੌਜੀ ਤਾਕਤ ਵਰਤ ਸਕਦਾ ਹੈ। ਰਿਪੋਰਟ ਮੁਤਾਬਕ ਮਿਨੀਸੋਟਾ 'ਚ ICE ਕਾਰਵਾਈਆਂ ਦੇ ਵਿਰੋਧ ਅਤੇ ਐਲੈਕਸ ਪ੍ਰੈਟੀ ਦੀ ਮੌਤ ਤੋਂ ਬਾਅਦ ਵਾਈਸ ਪ੍ਰੈਜ਼ੀਡੈਂਟ ਜੇ.ਡੀ. ਵੈਂਸ ਨੇ ਵੀ ਇਸ ਕਾਨੂੰਨ ਦੀ ਵਰਤੋਂ ਕਰਨ ਦੀ ਗੱਲ ਕੀਤੀ ਸੀ। ਪਰ ਕਈ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਇਹ ਕਦਮ ਅਦਾਲਤਾਂ 'ਚ ਤੁਰੰਤ ਚੁਣੌਤੀ ਬਣ ਸਕਦਾ ਹੈ ਅਤੇ ਪ੍ਰਸ਼ਾਸਨ ਲਈ ਵੱਡੀ ਕਾਨੂੰਨੀ ਮੁਸ਼ਕਲ ਪੈਦਾ ਕਰ ਸਕਦਾ ਹੈ।






Designed By Punjab Mail USA

# ਪਰਿਵਾਰਕ ਗ੍ਰੀਨ ਕਾਰਡਾਂ ਲਈ ਵਧਦੀ ਉਡੀਕ: ਰਿਕਾਰਡ ਮਨਜ਼ੂਰੀਆਂ ਦੇ ਬਾਵਜੂਦ ਲੱਖਾਂ ਪਰਿਵਾਰ ਅਜੇ ਵੀ ਇੰਤਜ਼ਾਰ ਵਿਚ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਪਰਿਵਾਰਕ ਆਧਾਰ 'ਤੇ ਗ੍ਰੀਨ ਕਾਰਡ ਹਾਸਲ ਕਰਨ ਦੀ ਉਮੀਦ ਰੱਖਣ ਵਾਲੇ ਲੱਖਾਂ ਪਰਿਵਾਰਾਂ ਲਈ 2025 ਇੱਕ ਇਤਿਹਾਸਕ ਪਰ ਚਿੰਤਾਜਨਕ ਸਾਲ ਸਾਬਤ ਹੋਇਆ ਹੈ। ਅਮਰੀਕੀ ਇਮੀਗ੍ਰੇਸ਼ਨ ਏਜੰਸੀ ਯੂ.ਐੱਸ.ਸੀ.ਆਈ.ਐੱਸ. ਨੇ ਵਿੱਤੀ ਸਾਲ 2025 ਦੌਰਾਨ ਰਿਕਾਰਡ 4,33,071 ਪਰਿਵਾਰਕ ਗ੍ਰੀਨ ਕਾਰਡ ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ, ਜੋ ਏਜੰਸੀ ਦੇ ਇਤਿਹਾਸ ਵਿਚ ਸਭ ਤੋਂ ਵੱਧ ਗਿਣਤੀ ਹੈ। ਇਸ ਦੇ ਨਾਲ ਹੀ 62,389 ਅਰਜ਼ੀਆਂ ਰੱਦ ਕੀਤੀਆਂ ਗਈਆਂ, ਜਿਸ ਤੋਂ ਪਤਾ ਲੱਗਦਾ ਹੈ ਕਿ ਯੂ.ਐੱਸ.ਸੀ.ਆਈ.ਐੱਸ. ਨੇ ਪਹਿਲਾਂ ਨਾਲੋਂ ਕਾਫ਼ੀ ਵੱਧ ਕੇਸਾਂ ਨੂੰ ਅੰਤਿਮ ਫੈਸਲੇ ਤੱਕ ਪਹੁੰਚਾਇਆ।

ਪਰ ਇਸ ਸਫਲਤਾ ਦੇ ਨਾਲ ਇੱਕ ਵੱਡੀ ਸਮੱਸਿਆ ਵੀ ਸਾਹਮਣੇ ਆਈ ਹੈ। ਸਤੰਬਰ 2025 ਦੇ ਅੰਤ ਤੱਕ ਪਰਿਵਾਰਕ ਆਧਾਰ ਵਾਲੇ 5,43,486 ਗ੍ਰੀਨ ਕਾਰਡ ਕੇਸ ਲੰਬਿਤ ਸਨ, ਜੋ ਹੁਣ ਤੱਕ ਦਾ ਸਭ ਤੋਂ ਵੱਡਾ ਬੈਕਲਾਗ ਮੰਨਿਆ ਜਾ ਰਿਹਾ ਹੈ। 2015 ਦੇ ਮੁਕਾਬਲੇ ਇਹ ਵਾਧਾ ਲਗਭਗ 180 ਫ਼ੀਸਦੀ ਹੈ। ਅਰਥਾਤ ਯੂ.ਐੱਸ.ਸੀ.ਆਈ.ਐੱਸ. ਜਿੰਨੇ ਕੇਸ ਨਿਪਟਾ ਰਹੀ ਹੈ, ਉਸ ਤੋਂ ਵੀ ਵੱਧ ਨਵੀਆਂ ਅਰਜ਼ੀਆਂ ਪ੍ਰਣਾਲੀ ਵਿਚ



ਦਾਖ਼ਲ ਹੋ ਰਹੀਆਂ ਹਨ।

ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਅਨੁਸਾਰ ਪਰਿਵਾਰਕ ਗ੍ਰੀਨ ਕਾਰਡ ਦੋ ਵੱਡੀਆਂ ਸ਼੍ਰੇਣੀਆਂ ਵਿਚ ਵੰਡੇ ਜਾਂਦੇ ਹਨ। ਪਹਿਲੀ ਸ਼੍ਰੇਣੀ "ਨਜ਼ਦੀਕੀ ਰਿਸ਼ਤੇਦਾਰ" ਦੀ ਹੈ, ਜਿਸ ਵਿਚ ਅਮਰੀਕੀ ਨਾਗਰਿਕ ਦੇ ਜੀਵਨ ਸਾਥੀ, 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ ਅਤੇ ਮਾਪੇ ਸ਼ਾਮਲ ਹਨ। ਇਸ ਸ਼੍ਰੇਣੀ ਲਈ ਕੋਈ ਸਾਲਾਨਾ ਵੀਜ਼ਾ ਸੀਮਾ ਨਹੀਂ ਹੈ, ਇਸ ਲਈ ਇਨ੍ਹਾਂ ਕੇਸਾਂ ਦੀ ਪ੍ਰਕਿਰਿਆ ਆਮ ਤੌਰ 'ਤੇ ਹੋਰ ਸ਼੍ਰੇਣੀਆਂ ਨਾਲੋਂ ਤੇਜ਼ ਹੁੰਦੀ ਹੈ।

ਦੂਜੀ ਸ਼੍ਰੇਣੀ ਪਰਿਵਾਰਕ ਤਰਜੀਹ ਸ਼੍ਰੇਣੀਆਂ ਦੀ ਹੈ, ਜਿੱਥੇ ਹਰ ਸਾਲ ਵੀਜ਼ਿਆਂ ਦੀ ਗਿਣਤੀ ਕਾਨੂੰਨੀ ਤੌਰ 'ਤੇ ਸੀਮਤ ਕੀਤੀ ਗਈ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਅਨੁਸਾਰ ਵਿੱਤੀ ਸਾਲ 2026 ਲਈ ਪਰਿਵਾਰਕ ਪ੍ਰੈਫਰੈਂਸ ਸ਼੍ਰੇਣੀਆਂ ਲਈ ਕੁੱਲ 2,26,000 ਵੀਜ਼ੇ ਉਪਲਬਧ ਹਨ। ਇਨ੍ਹਾਂ ਵਿਚ **F1** (ਅਵਿਵਾਹਿਤ ਬਾਲਗ ਪੁੱਤਰ-ਧੀਆਂ), **F2A** (ਗ੍ਰੀਨ ਕਾਰਡ ਹੋਲਡਰ ਦੇ ਜੀਵਨ ਸਾਥੀ ਅਤੇ ਬੱਚੇ), **F2B** (ਗ੍ਰੀਨ ਕਾਰਡ ਹੋਲਡਰ ਦੇ ਬਾਲਗ ਅਣਵਿਆਹੇ ਪੁੱਤਰ-ਧੀਆਂ), **F3** (ਵਿਆਹੇ ਪੁੱਤਰ-ਧੀਆਂ) ਅਤੇ **F4** (ਭੈਣ-ਭਰਾ) ਸ਼ਾਮਲ ਹਨ।

ਸਰਕਾਰੀ ਅੰਕੜਿਆਂ ਅਨੁਸਾਰ ਹਰ ਸਾਲ **F1** ਅਤੇ **F3** ਲਈ ਲਗਭਗ 23,400-23,400 ਵੀਜ਼ੇ, ਜਦਕਿ F4 ਭੈਣ-ਭਰਾ ਸ਼੍ਰੇਣੀ ਲਈ ਲਗਭਗ 65,000 ਵੀਜ਼ੇ ਨਿਰਧਾਰਤ ਕੀਤੇ ਜਾਂਦੇ ਹਨ। **F2** ਸ਼੍ਰੇਣੀ ਲਈ ਲਗਭਗ 1,14,200 ਵੀਜ਼ੇ ਰੱਖੇ ਜਾਂਦੇ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ **F2A** ਲਈ ਹੁੰਦੇ ਹਨ।

ਇਨ੍ਹਾਂ ਸੀਮਾਵਾਂ ਕਾਰਨ ਕਈ ਪਰਿਵਾਰਾਂ ਨੂੰ ਦਹਾਕਿਆਂ ਤੱਕ ਉਡੀਕ ਕਰਨੀ ਪੈਂਦੀ ਹੈ। ਨਵੰਬਰ 2025 ਦੇ ਵੀਜ਼ਾ ਬੁਲੇਟਿਨ ਅਨੁਸਾਰ **F4** ਸ਼੍ਰੇਣੀ ਵਿਚ ਭਾਰਤ ਲਈ ਅੰਤਿਮ ਕਾਰਵਾਈ ਤਾਰੀਖ ਨਵੰਬਰ 2006 ਦੇ ਆਸ-ਪਾਸ ਚੱਲ ਰਹੀ ਸੀ। ਇਸਦਾ ਮਤਲਬ ਹੈ ਕਿ ਕਈ ਭਾਰਤੀ ਪਰਿਵਾਰ ਲਗਭਗ 19 ਤੋਂ 20 ਸਾਲ ਪੁਰਾਣੀਆਂ ਅਰਜ਼ੀਆਂ ਦੇ ਨਿਪਟਾਰੇ ਦੀ ਉਡੀਕ ਕਰ ਰਹੇ ਹਨ। **F3** ਸ਼੍ਰੇਣੀ ਵਿਚ ਵੀ ਭਾਰਤ ਲਈ ਉਡੀਕ 14 ਸਾਲ ਤੋਂ ਵੱਧ ਪਹੁੰਚ ਚੁੱਕੀ ਹੈ।

ਪੰਜਾਬੀ ਭਾਈਚਾਰੇ ਲਈ ਸਭ ਤੋਂ ਵੱਧ ਪ੍ਰਭਾਵਿਤ ਸ਼੍ਰੇਣੀਆਂ **F4** ਅਤੇ **F3** ਹਨ। ਅਮਰੀਕਾ ਵਿਚ ਰਹਿ ਰਹੇ ਹਜ਼ਾਰਾਂ ਪੰਜਾਬੀ ਪਰਿਵਾਰਾਂ ਨੇ ਆਪਣੇ ਭੈਣ-ਭਰਾਵਾਂ, ਵਿਆਹੇ ਪੁੱਤਰਾਂ ਅਤੇ ਧੀਆਂ ਲਈ ਸਾਲਾਂ ਪਹਿਲਾਂ ਪਟੀਸ਼ਨਾਂ ਦਾਇਰ ਕੀਤੀਆਂ ਹੋਈਆਂ ਹਨ। ਕਈ ਮਾਮਲਿਆਂ ਵਿਚ ਅਰਜ਼ੀ ਦਾਇਰ ਕਰਨ ਵੇਲੇ ਛੋਟੇ ਬੱਚੇ ਹੁਣ ਵਿਆਹੇ ਹੋ ਚੁੱਕੇ ਹਨ, ਪਰ ਪਰਿਵਾਰ ਅਜੇ ਵੀ ਵੀਜ਼ਾ ਨੰਬਰ ਉਪਲਬਧ ਹੋਣ ਦੀ ਉਡੀਕ ਕਰ ਰਹੇ ਹਨ।

ਇਸ ਤੋਂ ਇਲਾਵਾ, ਅਮਰੀਕੀ ਕਾਨੂੰਨ ਹਰ ਦੇਸ਼ ਲਈ ਲਗਭਗ 7 ਫ਼ੀਸਦੀ ਦੀ ਸੀਮਾ ਵੀ ਲਗਾਉਂਦਾ ਹੈ। ਇਸ ਕਰਕੇ ਭਾਰਤ, ਚੀਨ, ਮੈਕਸੀਕੋ ਅਤੇ ਫਿਲੀਪੀਨਜ਼ ਵਰਗੇ ਦੇਸ਼ਾਂ ਦੇ ਅਰਜ਼ੀਦਾਰਾਂ ਨੂੰ ਹੋਰ ਲੰਬੀ ਉਡੀਕ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਵੇਂ ਕਿਸੇ ਸ਼੍ਰੇਣੀ ਵਿਚ ਵਿਸ਼ਵ ਪੱਧਰ 'ਤੇ ਵੀਜ਼ੇ ਉਪਲਬਧ ਹੋਣ, ਪਰ ਦੇਸ਼ਵਾਰ ਸੀਮਾ ਕਾਰਨ ਭਾਰਤੀ ਅਰਜ਼ੀਦਾਰਾਂ ਦੀ ਲਾਈਨ ਕਾਫ਼ੀ ਲੰਬੀ ਰਹਿੰਦੀ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਕੋਵਿਡ-19 ਦੌਰਾਨ ਕੌਂਸਲੇਟਾਂ ਅਤੇ ਦੂਤਾਵਾਸਾਂ ਵਿਚ ਆਈਆਂ ਰੁਕਾਵਟਾਂ, ਵਧਦੀ ਸਪਾਂਸਰਸ਼ਿਪ ਮੰਗ, ਸੀਮਤ ਵੀਜ਼ਾ ਕੋਟੇ ਅਤੇ ਪ੍ਰਤੀ-ਦੇਸ਼ ਸੀਮਾਵਾਂ ਬੈਕਲਾਗ ਦੇ ਮੁੱਖ ਕਾਰਨ ਹਨ। ਹਾਲਾਂਕਿ ਯੂ.ਐੱਸ.ਸੀ.ਆਈ.ਐੱਸ. ਨੇ ਨਵੇਂ ਅਧਿਕਾਰੀ ਭਰਤੀ ਕੀਤੇ ਹਨ, ਡਿਜ਼ੀਟਲ ਪ੍ਰੋਸੈਸਿੰਗ ਵਧਾਈ ਹੈ ਅਤੇ ਕੇਸ ਨਿਪਟਾਰੇ ਦੀ ਰਫ਼ਤਾਰ ਤੇਜ਼ ਕੀਤੀ ਹੈ, ਪਰ ਮੰਗ ਦੇ ਮੁਕਾਬਲੇ ਇਹ ਕਦਮ ਅਜੇ ਵੀ ਨਾਕਾਫ਼ੀ ਸਾਬਤ ਹੋ ਰਹੇ ਹਨ।

# ਗ੍ਰੀਨ ਕਾਰਡ ਅਤੇ ਵਰਕ ਪਰਮਿਟ ਫ੍ਰੀਜ਼ 'ਤੇ ਅਦਾਲਤ ਦੀ ਸਖਤੀ

**ਯੂ.ਐੱਸ.ਸੀ.ਆਈ.ਐੱਸ. ਨੂੰ ਸੰਬੰਧਿਤ ਅਰਜ਼ੀਆਂ 'ਤੇ ਲਗਾਈ ਰੋਕ ਨੂੰ ਤੁਰੰਤ ਹਟਾਉਣ ਦੇ ਆਦੇਸ਼**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਇਮੀਗ੍ਰੇਸ਼ਨ ਨਾਲ ਜੁੜੇ ਲੱਖਾਂ ਲੋਕਾਂ ਲਈ ਇੱਕ ਮਹੱਤਵਪੂਰਨ ਘਟਨਾਕ੍ਰਮ ਸਾਹਮਣੇ ਆਇਆ ਹੈ। ਰੋਡ ਆਈਲੈਂਡ ਦੀ ਇੱਕ ਫੈਡਰਲ ਅਦਾਲਤ ਨੇ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਜ਼ (ਯੂ.ਐੱਸ.ਸੀ.ਆਈ.ਐੱਸ.) ਨੂੰ ਸਖ਼ਤ ਸ਼ਬਦਾਂ ਵਿਚ ਆਦੇਸ਼ ਦਿੱਤਾ ਹੈ ਕਿ ਉਹ ਗ੍ਰੀਨ ਕਾਰਡ, ਵਰਕ ਪਰਮਿਟ, ਨਾਗਰਿਕਤਾ ਅਤੇ ਅਸਾਇਲਮ ਨਾਲ ਸੰਬੰਧਿਤ ਅਰਜ਼ੀਆਂ ਉੱਤੇ ਲਗਾਈ ਗਈ ਰੋਕ ਨੂੰ ਤੁਰੰਤ ਹਟਾ ਕੇ ਅਦਾਲਤੀ ਫ਼ੈਸਲੇ ਦੀ ਪਾਲਣਾ ਕਰੇ। ਅਦਾਲਤ ਨੇ ਯੂ.ਐੱਸ.ਸੀ.ਆਈ.ਐੱਸ. ਨੂੰ ਲਿਖਤੀ ਰਿਪੋਰਟ ਦੇਣ ਲਈ ਕਿਹਾ ਹੈ ਕਿ ਉਹ ਹੁਕਮਾਂ ਦੀ ਪਾਲਣਾ ਕਿਵੇਂ ਕਰ ਰਹੀ ਹੈ।

ਇਹ ਮਾਮਲਾ ਉਸ ਵੇਲੇ ਉੱਭਰਿਆ, ਜਦੋਂ 5 ਜੂਨ 2026 ਨੂੰ ਮੁੱਖ ਜੱਜ ਜੌਨ ਜੇ. ਮੈਕਕੋਨੇਲ ਜੂਨੀਅਰ. ਨੇ ਯੂ.ਐੱਸ.ਸੀ.ਆਈ.ਐੱਸ. ਦੀਆਂ ਚਾਰ ਨੀਤੀਆਂ ਨੂੰ ਗੈਰਕਾਨੂੰਨੀ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਸੀ। ਅਦਾਲਤ ਨੇ ਕਿਹਾ ਸੀ ਕਿ ਏਜੰਸੀ ਨੇ ਕਾਨੂੰਨੀ ਅਧਿਕਾਰ ਤੋਂ ਬਿਨਾਂ 39 ਦੇਸ਼ਾਂ ਦੇ ਨਾਗਰਿਕਾਂ ਲਈ ਗ੍ਰੀਨ ਕਾਰਡ, ਵਰਕ ਪਰਮਿਟ, ਨੈਚੁਰਲਾਈਜ਼ੇਸ਼ਨ ਅਤੇ ਅਸਾਇਲਮ ਅਰਜ਼ੀਆਂ ਨੂੰ ਅਣਮਿੱਥੇ ਸਮੇਂ ਲਈ ਰੋਕ ਦਿੱਤਾ ਸੀ। ਪਰ ਇਮੀਗ੍ਰੈਂਟ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਦੋਸ਼ ਲਾਇਆ ਕਿ ਫ਼ੈਸਲੇ ਤੋਂ ਬਾਅਦ ਵੀ ਯੂ.ਐੱਸ.ਸੀ.ਆਈ.ਐੱਸ. ਨੇ ਇੱਕ ਹਫ਼ਤੇ ਤੱਕ ਆਪਣੀ ਨੀਤੀ ਵਿਚ ਕੋਈ ਤਬਦੀਲੀ ਨਹੀਂ ਕੀਤੀ ਅਤੇ ਅਰਜ਼ੀਆਂ ਉੱਤੇ ਰੋਕ ਜਾਰੀ ਰੱਖੀ। ਇਸ ਤੋਂ ਬਾਅਦ ਅਦਾਲਤ ਨੂੰ ਦੁਬਾਰਾ ਦਖ਼ਲ ਦੇਣਾ ਪਿਆ।

ਅਦਾਲਤ ਨੇ ਆਪਣੇ ਹੁਕਮ ਵਿਚ ਸਪੱਸ਼ਟ ਕੀਤਾ ਕਿ ਜਦੋਂ ਕੋਈ ਨੀਤੀ ਐਡਮਿਨਿਸਟ੍ਰੇਟਿਵ ਪ੍ਰੋਸੀਜ਼ਰ ਐਕਟ (ਏ.ਪੀ.ਏ.) ਅਧੀਨ ਰੱਦ ਕਰ ਦਿੱਤੀ ਜਾਂਦੀ ਹੈ, ਤਾਂ ਉਹ ਤੁਰੰਤ ਪ੍ਰਭਾਵ ਨਾਲ ਬੇਅਸਰ ਹੋ ਜਾਂਦੀ ਹੈ। ਸਰਕਾਰ ਕੇਵਲ ਅਪੀਲ ਦਾਇਰ ਕਰਕੇ ਉਸ ਨੀਤੀ ਨੂੰ ਲਾਗੂ ਨਹੀਂ ਰੱਖ ਸਕਦੀ। ਇਸ ਲਈ ਯੂ.ਐੱਸ.ਸੀ.ਆਈ.ਐੱਸ. ਕੋਲ ਇਹ ਚੋਣ ਨਹੀਂ ਸੀ ਕਿ ਉਹ ਅਪੀਲ ਦੇ ਨਤੀਜੇ ਦੀ ਉਡੀਕ ਕਰਦਿਆਂ ਫ੍ਰੀਜ਼ ਜਾਰੀ ਰੱਖੇ।



# ਅਦਾਲਤ ਵੱਲੋਂ ਟਰੰਪ ਪ੍ਰਸ਼ਾਸਨ ਨੂੰ ਫਟਕਾਰ; ਅਸਾਇਲਮ ਤੇ ਇਮੀਗ੍ਰੇਸ਼ਨ ਕੇਸ ਤੁਰੰਤ ਸ਼ੁਰੂ ਕਰਨ ਦੇ ਹੁਕਮ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਨੂੰ ਇੱਕ ਹੋਰ ਵੱਡਾ ਕਾਨੂੰਨੀ ਝਟਕਾ ਲੱਗਿਆ ਹੈ। ਰੋਡ ਆਈਲੈਂਡ ਦੀ ਫੈਡਰਲ ਅਦਾਲਤ ਦੇ ਜੱਜ ਜੌਨ ਜੇ. ਮੈਕਕੋਨੇਲ ਜੂਨੀਅਰ ਨੇ ਟਰੰਪ ਪ੍ਰਸ਼ਾਸਨ ਨੂੰ ਸਖ਼ਤ ਸ਼ਬਦਾਂ ਵਿਚ ਫਟਕਾਰ ਲਾਉਂਦਿਆਂ ਕਿਹਾ ਹੈ ਕਿ ਸਰਕਾਰ ਅਦਾਲਤੀ ਹੁਕਮਾਂ ਦੀ ਅਣਦੇਖੀ ਨਹੀਂ ਕਰ ਸਕਦੀ ਅਤੇ ਉਸ ਨੂੰ ਤੁਰੰਤ ਅਸਾਇਲਮ, ਗ੍ਰੀਨ ਕਾਰਡ, ਨਾਗਰਿਕਤਾ ਅਤੇ ਹੋਰ ਇਮੀਗ੍ਰੇਸ਼ਨ ਅਰਜ਼ੀਆਂ ਦੀ ਪ੍ਰਕਿਰਿਆ ਮੁੜ ਸ਼ੁਰੂ ਕਰਨੀ ਪਵੇਗੀ।

ਪਿਛਲੇ ਹਫ਼ਤੇ ਜੱਜ ਮੈਕਕੌਨਲ ਨੇ ਇਹ ਫ਼ੈਸਲਾ ਦਿੱਤਾ ਸੀ ਕਿ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਵੱਲੋਂ ਕੁਝ ਦੇਸ਼ਾਂ ਦੇ ਨਾਗਰਿਕਾਂ ਲਈ ਇਮੀਗ੍ਰੇਸ਼ਨ ਅਰਜ਼ੀਆਂ ਨੂੰ ਰੋਕਣਾ ਕਾਨੂੰਨ ਦੇ ਖ਼ਿਲਾਫ਼ ਹੈ। ਇਸ ਨੀਤੀ ਕਾਰਨ ਹਜ਼ਾਰਾਂ ਲੋਕਾਂ ਦੇ ਗ੍ਰੀਨ ਕਾਰਡ, ਵਰਕ ਪਰਮਿਟ, ਨੈਚੁਰਲਾਈਜ਼ੇਸ਼ਨ ਅਤੇ ਅਸਾਇਲਮ ਨਾਲ ਸੰਬੰਧਿਤ ਕੇਸ ਅਣਮਿੱਥੇ ਸਮੇਂ ਲਈ ਲਟਕ ਗਏ ਸਨ।

ਅਦਾਲਤ ਨੇ 5 ਜੂਨ ਨੂੰ ਇਹ ਨੀਤੀਆਂ ਰੱਦ ਕਰ ਦਿੱਤੀਆਂ ਸਨ, ਪਰ ਇਮੀਗ੍ਰੈਂਟ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਮੁੜ ਅਦਾਲਤ ਦਾ ਦਰਵਾਜ਼ਾ ਖੜਕਾਇਆ ਅਤੇ ਦੋਸ਼ ਲਾਇਆ ਕਿ ਡੀ.ਐੱਚ.ਐੱਸ. ਨੇ ਫ਼ੈਸਲੇ ਤੋਂ ਬਾਅਦ ਵੀ ਕੇਸਾਂ ਦੀ ਪ੍ਰਕਿਰਿਆ ਮੁੜ ਸ਼ੁਰੂ ਨਹੀਂ ਕੀਤੀ। ਇਸ 'ਤੇ ਜੱਜ ਮੈਕਕੌਨਲ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਅਦਾਲਤ ਦੇ ਹੁਕਮ ਜਾਰੀ ਹੁੰਦੇ ਹੀ ਲਾਗੂ ਹੋ ਜਾਂਦੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ।

ਜੱਜ ਨੇ ਆਪਣੇ ਹੁਕਮ ਵਿਚ ਸਪੱਸ਼ਟ ਲਿਖਿਆ, "ਇਸ ਵਾਰ ਕੋਈ ਬਹਾਨਾ ਨਹੀਂ ਚੱਲੇਗਾ। ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਤੁਰੰਤ ਇਸ ਹੁਕਮ ਦੀ ਪਾਲਣਾ ਕਰੇ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਜਦੋਂ ਅਦਾਲਤ ਕਿਸੇ ਸਰਕਾਰੀ ਨੀਤੀ ਨੂੰ ਰੱਦ ਕਰ ਦਿੰਦੀ ਹੈ, ਤਾਂ ਉਹ ਤੁਰੰਤ ਬੇਅਸਰ ਹੋ ਜਾਂਦੀ ਹੈ ਅਤੇ ਸਰਕਾਰ ਉਸ ਨੂੰ ਲਾਗੂ ਨਹੀਂ ਰੱਖ ਸਕਦੀ।

ਇਹ ਮਾਮਲਾ ਟਰੰਪ ਪ੍ਰਸ਼ਾਸਨ ਅਤੇ ਫੈਡਰਲ ਅਦਾਲਤਾਂ ਵਿਚਕਾਰ ਵਧ ਰਹੇ ਟਕਰਾਅ ਦੀ ਇੱਕ ਹੋਰ ਉਦਾਹਰਨ ਮੰਨਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਮਿਨੀਸੋਟਾ ਦੀ ਇੱਕ ਫੈਡਰਲ ਅਦਾਲਤ ਨੇ ਨੋਟ ਕੀਤਾ ਸੀ ਕਿ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਵੱਲੋਂ ਵੱਖ-ਵੱਖ ਇਮੀਗ੍ਰੇਸ਼ਨ ਕੇਸਾਂ ਵਿਚ 96 ਅਦਾਲਤੀ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਗਈ ਸੀ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਫ਼ੈਸਲਾ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਲਈ ਰਾਹਤ ਲੈ ਕੇ ਆ ਸਕਦਾ ਹੈ ਜਿਨ੍ਹਾਂ ਦੇ ਕੇਸ ਮਹੀਨਿਆਂ ਤੋਂ ਰੁਕੇ ਹੋਏ ਹਨ। ਹਾਲਾਂਕਿ ਇਸ ਦਾ ਇਹ ਮਤਲਬ ਨਹੀਂ ਕਿ ਸਾਰੇ ਕੇਸ ਆਪਣੇ ਆਪ ਮਨਜ਼ੂਰ ਹੋ ਜਾਣਗੇ। ਯੂ.ਐੱਸ.ਸੀ.ਆਈ.ਐੱਸ. ਅਤੇ ਡੀ.ਐੱਚ.ਐੱਸ. ਨੂੰ ਕੇਸਾਂ ਦੀ ਜਾਂਚ ਅਤੇ ਫ਼ੈਸਲਾ ਕਰਨਾ ਪਵੇਗਾ, ਪਰ ਹੁਣ ਉਹ ਕੇਸਾਂ ਨੂੰ ਬਿਨਾਂ ਕਾਰਨ ਅਣਮਿੱਥੇ ਸਮੇਂ ਲਈ ਰੋਕ ਕੇ ਨਹੀਂ ਰੱਖ ਸਕਣਗੇ।

ਇਸ ਤਾਜ਼ਾ ਘਟਨਾਕ੍ਰਮ ਨਾਲ ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਅਮਰੀਕੀ ਅਦਾਲਤਾਂ ਇਮੀਗ੍ਰੇਸ਼ਨ ਨੀਤੀਆਂ ਉੱਤੇ ਸਰਕਾਰੀ ਏਜੰਸੀਆਂ ਦੀ ਕਾਰਵਾਈ ਦੀ ਕੜੀ ਨਿਗਰਾਨੀ ਕਰ ਰਹੀਆਂ ਹਨ ਅਤੇ ਜਿੱਥੇ ਕਾਨੂੰਨੀ ਹੱਦਾਂ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉੱਥੇ ਅਦਾਲਤਾਂ ਦਖ਼ਲ ਦੇਣ ਲਈ ਤਿਆਰ ਹਨ। ਅਗਲੇ ਕੁਝ ਹਫ਼ਤਿਆਂ ਵਿਚ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਡੀ.ਐੱਚ.ਐੱਸ. ਅਤੇ ਯੂ.ਐੱਸ.ਸੀ.ਆਈ.ਐੱਸ. ਅਦਾਲਤ ਦੇ ਹੁਕਮਾਂ ਦੀ ਪਾਲਣਾ ਕਿਵੇਂ ਕਰਦੇ ਹਨ ਅਤੇ ਇਸ ਦਾ ਪ੍ਰਭਾਵ ਲੱਖਾਂ ਇਮੀਗ੍ਰੇਸ਼ਨ ਅਰਜ਼ੀਦਾਤਾਵਾਂ ਉੱਤੇ ਕੀ ਪੈਂਦਾ ਹੈ।

# ICE ਵੱਲੋਂ ਨਵੇਂ ਏਜੰਟਾਂ ਦੀ ਟ੍ਰੇਨਿੰਗ ਪ੍ਰਣਾਲੀ 'ਚ ਵੱਡਾ ਬਦਲਾਅ

- **ਲੰਬੀ ਅਤੇ ਵਧੇਰੇ ਸਖ਼ਤ ਟ੍ਰੇਨਿੰਗ ਕੀਤੀ ਲਾਜ਼ਮੀ**
- **ਟਰੰਪ ਦੀ ਤੇਜ਼ ਭਰਤੀ ਯੋਜਨਾ ਖਤਮ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਇਮੀਗ੍ਰੇਸ਼ਨ ਐਨਫੋਰਸਮੈਂਟ ਏਜੰਸੀ ICE (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਨੇ ਆਪਣੇ ਨਵੇਂ ਏਜੰਟਾਂ ਦੀ ਟ੍ਰੇਨਿੰਗ ਪ੍ਰਣਾਲੀ 'ਚ ਵੱਡਾ ਬਦਲਾਅ ਕਰਨ ਦਾ ਫੈਸਲਾ ਕੀਤਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੀ ਗਈ ਤੇਜ਼-ਰਫ਼ਤਾਰ ਭਰਤੀ ਅਤੇ ਛੋਟੀ ਟ੍ਰੇਨਿੰਗ ਯੋਜਨਾ ਨੂੰ ਖਤਮ ਕਰਦਿਆਂ ਹੁਣ ਨਵੇਂ ਅਧਿਕਾਰੀਆਂ ਲਈ ਲੰਬੀ ਅਤੇ ਵਧੇਰੇ ਸਖ਼ਤ ਟ੍ਰੇਨਿੰਗ ਲਾਜ਼ਮੀ ਕਰ ਦਿੱਤੀ ਗਈ ਹੈ।

ਮੀਡੀਆ ਰਿਪੋਰਟਾਂ ਅਨੁਸਾਰ ICE ਨੇ ਆਪਣੇ ਅੰਦਰੂਨੀ ਮੈਮੋ ਵਿਚ ਐਲਾਨ ਕੀਤਾ ਹੈ ਕਿ ਅਧਿਕਾਰੀਆਂ ਦੀ ਮੁੱਢਲੀ ਟ੍ਰੇਨਿੰਗ ਹੁਣ 42 ਦਿਨਾਂ ਤੋਂ ਵਧਾ ਕੇ ਲਗਭਗ 71 ਦਿਨ ਕਰ ਦਿੱਤੀ ਜਾਵੇਗੀ। ਇਹ ਨਵਾਂ ਪ੍ਰੋਗਰਾਮ ਜੁਲਾਈ ਤੋਂ ਜਾਰਜੀਆ ਸਥਿਤ ਫੈਡਰਲ ਲਾਅ ਇਨਫੋਰਸਮੈਂਟ ਟ੍ਰੇਨਿੰਗ ਸੈਂਟਰ (ਐੱਫ.ਐੱਲ.ਈ.ਟੀ.ਸੀ.) ਵਿਚ ਸ਼ੁਰੂ ਹੋਵੇਗਾ, ਜਿੱਥੇ ICE ਅਧਿਕਾਰੀਆਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ।

ਇਸ ਤੋਂ ਇਲਾਵਾ ਉਹ ਅਧਿਕਾਰੀ ਜਿਨ੍ਹਾਂ ਨੇ ਪਹਿਲਾਂ 42 ਦਿਨਾਂ ਵਾਲੀ ਤੇਜ਼ ਟ੍ਰੇਨਿੰਗ ਪੂਰੀ ਕੀਤੀ ਸੀ, ਹੁਣ ਉਨ੍ਹਾਂ ਨੂੰ ਵੀ ਇੱਕ ਵਾਧੂ ਪ੍ਰੋਗਰਾਮ ਐਡਵਾਂਸਡ ਫੀਲਡ ਅਫਸਰ ਟ੍ਰੇਨਿੰਗ ਪ੍ਰੋਗਰਾਮ ਵਿਚ ਹਿੱਸਾ ਲੈਣਾ ਪਵੇਗਾ। ਇਸ ਵਾਧੂ ਟ੍ਰੇਨਿੰਗ ਦਾ ਉਦੇਸ਼ ਅਧਿਕਾਰੀਆਂ ਦੀ ਮੈਦਾਨੀ ਸਮਰੱਥਾ, ਕਾਨੂੰਨੀ ਜਾਣਕਾਰੀ ਅਤੇ ਸੁਰੱਖਿਆ ਯੋਗਤਾਵਾਂ ਨੂੰ ਹੋਰ ਮਜ਼ਬੂਤ ਕਰਨਾ ਹੈ। ICE ਅਤੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਦਾ ਕਹਿਣਾ ਹੈ ਕਿ ਇਹ ਬਦਲਾਅ ਅਧਿਕਾਰੀਆਂ ਦੀ ਸੁਰੱਖਿਆ ਅਤੇ ਕਾਰਗੁਜ਼ਾਰੀ ਨੂੰ ਧਿਆਨ ਵਿਚ ਰੱਖ ਕੇ ਕੀਤੇ ਗਏ ਹਨ। ਏਜੰਸੀ ਮੁਤਾਬਕ ਪਿਛਲੇ ਸਮੇਂ ਦੌਰਾਨ ICE ਅਧਿਕਾਰੀਆਂ ਖ਼ਿਲਾਫ਼ ਹਮਲਿਆਂ ਵਿਚ ਭਾਰੀ ਵਾਧਾ ਹੋਇਆ ਹੈ। ਡੀ.ਐੱਚ.ਐੱਸ. ਦਾ ਦਾਅਵਾ ਹੈ ਕਿ ਏਜੰਟਾਂ ਉੱਤੇ ਹਮਲਿਆਂ ਵਿਚ 1,300 ਫੀਸਦੀ ਤੋਂ ਵੱਧ ਵਾਧਾ ਦਰਜ ਕੀਤਾ ਗਿਆ ਹੈ, ਜਿਸ ਵਿਚ ICE ਸਹੂਲਤਾਂ ਦੇ ਬਾਹਰ ਹਿੰਸਕ ਪ੍ਰਦਰਸ਼ਨ, ਸਨਾਈਪਰ ਹਮਲੇ ਅਤੇ ਹੋਰ ਸੁਰੱਖਿਆ ਖਤਰੇ ਸ਼ਾਮਲ ਹਨ।

# ਮਿਡਟਰਮ ਚੋਣਾਂ ਦੌਰਾਨ ਪੋਲਿੰਗ ਸਟੇਸ਼ਨਾਂ 'ਤੇ ICE ਦੀ ਤਾਇਨਾਤੀ ਤੋਂ ਡੀ.ਐੱਚ.ਐੱਸ. ਨੇ ਨਹੀਂ ਕੀਤਾ ਇਨਕਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਦੇ ਸਕੱਤਰ ਮਾਰਕਵੇਨ ਮੁੱਲਿਨ ਨੇ ਕਿਹਾ ਹੈ ਕਿ ਜੇਕਰ 2026 ਦੀਆਂ ਮਿਡਟਰਮ ਚੋਣਾਂ ਦੌਰਾਨ ਕਿਸੇ ਪੋਲਿੰਗ ਸਟੇਸ਼ਨ 'ਤੇ ਸੁਰੱਖਿਆ ਸੰਬੰਧੀ ਕੋਈ ਖਤਰਾ ਪੈਦਾ ਹੁੰਦਾ ਹੈ, ਤਾਂ ICE (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਏਜੰਟ ਤਾਇਨਾਤ ਕੀਤੇ ਜਾ ਸਕਦੇ ਹਨ।

ਸੀ.ਐੱਨ.ਐੱਨ. ਦੇ ਪ੍ਰੋਗਰਾਮ "ਸਟੇਟ ਆਫ ਯੂਨੀਅਨ" ਵਿਚ ਗੱਲਬਾਤ ਦੌਰਾਨ ਮੁੱਲਿਨ ਤੋਂ ਪੁੱਛਿਆ ਗਿਆ ਕਿ ਕੀ ਉਹ ਮਿਡਟਰਮ ਚੋਣਾਂ ਦੌਰਾਨ ਪੋਲਿੰਗ ਸਟੇਸ਼ਨਾਂ 'ਤੇ ICE ਏਜੰਟ ਭੇਜਣ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹਨ। ਇਸ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ICE ਸਿਰਫ਼ ਉਸ ਸਥਿਤੀ ਵਿਚ ਮੌਜੂਦ ਹੋਵੇਗੀ, ਜੇਕਰ ਕੋਈ ਅਸਲ ਸੁਰੱਖਿਆ ਖਤਰਾ ਸਾਹਮਣੇ ਆਵੇ। ਮੁੱਲਿਨ ਨੇ ਕਿਹਾ ਕਿ ਆਮ ਹਾਲਾਤਾਂ ਵਿਚ ICE ਦਾ ਕੰਮ ਵੋਟਰਾਂ ਦੀ ਪਛਾਣ ਜਾਂ ਇਮੀਗ੍ਰੇਸ਼ਨ ਜਾਂਚ ਕਰਨਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਪੋਲਿੰਗ ਸਟੇਸ਼ਨਾਂ 'ਤੇ ਸਿਰਫ਼ ਅਮਰੀਕੀ ਨਾਗਰਿਕ ਹੀ ਵੋਟ ਪਾ ਸਕਦੇ ਹਨ ਅਤੇ ICE ਦੀ ਮੌਜੂਦਗੀ ਇਮੀਗ੍ਰੇਸ਼ਨ ਕਾਰਵਾਈ ਲਈ ਨਹੀਂ ਹੋਵੇਗੀ। ਉਨ੍ਹਾਂ ਉਦਾਹਰਨ ਦਿੰਦਿਆਂ ਕਿਹਾ ਕਿ ਜੇਕਰ ਕਿਸੇ ਪੋਲਿੰਗ ਸਟੇਸ਼ਨ 'ਤੇ ਬੰਬ ਧਮਕੀ ਵਰਗੀ ਸਥਿਤੀ ਬਣਦੀ ਹੈ, ਤਾਂ ICE ਦੇ ਸਪੈਸ਼ਲ ਰਿਸਪਾਂਸ ਟੀਮ (ਐੱਸ.ਆਰ.ਟੀ.) ਮੈਂਬਰ ਤੁਰੰਤ ਮਦਦ ਲਈ ਤਾਇਨਾਤ ਕੀਤੇ ਜਾ ਸਕਦੇ ਹਨ।



# ਅਮਰੀਕਾ ਦੇ ਮੌਂਟਾਨਾ ਰਾਜ ਦੇ ਟਰੱਕ ਸਟਾਪ 'ਤੇ ਸੁਰੱਖਿਆ ਏਜੰਸੀਆ ਦੀ ਟੀਮ ਵੱਲੋਂ ਛਾਪਾ

## ■ ਡੋਡਿਆਂ ਵਾਲੀ ਚਾਹ ਵੇਚਣ 'ਤੇ 3 ਗ੍ਰਿਫਤਾਰ




**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ ਦੇ ਮੋਂਟਾਨਾ ਰਾਜ ਦੇ ਇਕ ਦਿਹਾਤੀ ਏਰੀਏ 'ਚ ਸਥਿਤ ਇਕ ਟਰੱਕ ਸਟਾਪ 'ਤੇ ਬੀਵਰਹੈੱਡ ਕਾਊਂਟੀ ਸੈਰਿਫ ਦੇ 30 ਦੇ ਕਰੀਬ ਅਫਸਰਾਂ ਨੇ ਛਾਪਾ ਮਾਰਿਆ। ਇਸ ਟਰੱਕ ਸਟਾਪ ਨੂੰ ਡੋਡਿਆਂ ਵਾਲਾ ਟਰੱਕ ਸਟਾਪ ਵੀ ਕਿਹਾ ਜਾਂਦਾ ਸੀ, ਜੋ ਲੰਘਣ ਵਾਲੇ ਟਰੱਕਾਂ ਨੂੰ ਨਸ਼ੀਲੇ ਡੋਡਿਆਂ ਦੀ ਚਾਹ ਵੇਚਦੇ ਸਨ। ਇਹ ਛਾਪਾ ਇੱਕ ਟਰੱਕ ਡਰਾਇਵਰ ਵੱਲੋਂ ਵਿਭਾਗ ਨੂੰ ਸ਼ਿਕਾਇਤ ਕਰਨ 'ਤੇ ਮਾਰਿਆ ਗਿਆ। ਮੌਕੇ 'ਤੇ ਮਾਲਕ ਬੇਸਮੈਂਟ ਵਿਚ ਭੁੱਕੀ (ਡੋਡੇ) ਪੀਸ ਰਿਹਾ ਸੀ। ਮੋਂਟਾਨਾ-ਡਿਲਨ ਦੇ ਦੱਖਣ ਵਿਚ ਇਸ ਪੇਂਡੂ ਟਰੱਕ ਸਟਾਪ 'ਤੇ ਮਲਟੀ-ਏਜੰਸੀ ਦੇ ਛਾਪੇ ਤੋਂ ਬਾਅਦ ਮੌਕੇ 'ਤੇ 3 ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ, ਜਿਨ੍ਹਾਂ ਦੀ ਜ਼ਮਾਨਤ ਲਈ 750,000 ਹਜ਼ਾਰ ਡਾਲਰ ਦਾ ਬਾਂਡ ਰੱਖਿਆ ਗਿਆ ਹੈ। ਮੁਲਜ਼ਮ ਸਲਾਖਾਂ ਦੇ ਪਿੱਛੇ ਬੰਦ ਹਨ। ਉਨ੍ਹਾਂ ਦੇ ਬੇਸਮੈਂਟ ਵਿਚੋਂ 104 ਪੌਂਡ ਤੋਂ ਵੱਧ ਸੁੱਕੇ ਬਿਨਾਂ ਧੋਤੇ (ਡੋਡੇ) ਭੁੱਕੀ ਦਾ ਪਰਦਾਫਾਸ਼ ਕੀਤਾ ਗਿਆ ਹੈ, ਜਿਸ ਨੂੰ ਟਰੱਕ ਡਰਾਈਵਰਾਂ ਨੂੰ ਓਪਟੀਨਾਰ ਦੇ ਤੌਰ 'ਤੇ ਪਾਸ ਕਰਨ ਵਾਲੇ ਟਰੱਕ ਡਰਾਈਵਰਾਂ ਨੂੰ ਵੇਚਿਆ ਵੀ ਜਾਂਦਾ ਸੀ।

ਜਾਂਚਕਰਤਾਵਾਂ ਨੇ ਸਿਰਫ 104 ਪੌਂਡ ਤੋਂ ਵੱਧ ਡੋਡੇ ਜ਼ਬਤ ਕੀਤੇ ਅਤੇ 3 ਲੋਕਾਂ ਨੂੰ ਕਾਬੂ ਕੀਤਾ। ਛਾਪੇਮਾਰੀ ਤੋਂ ਲਗਭਗ ਡੇਢ ਹਫ਼ਤਾ ਪਹਿਲਾਂ ਕਾਰਵਾਈ ਦਾ ਪਰਦਾਫਾਸ਼ ਕੀਤਾ ਗਿਆ ਸੀ, ਜਦੋਂ ਇੱਕ ਟਰੱਕਰ ਲੀਮਾ ਦੇ ਨੇੜੇ ਇੱਕ ਵਜ਼ਨ ਸਟੇਸ਼ਨ 'ਤੇ ਰੁਕਿਆ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਸੂਚਿਤ ਕੀਤਾ।

# ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਕਾਰਵਾਈ ਦੌਰਾਨ 500 ਤੋਂ ਵੱਧ ਨਵਜੰਮੇ ਬੱਚੇ ਹਿਰਾਸਤ 'ਚ!

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ 'ਚ ਟਰੰਪ ਪ੍ਰਸ਼ਾਸਨ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਨੂੰ ਲੈ ਕੇ ਇੱਕ ਨਵੀਂ ਰਿਪੋਰਟ ਸਾਹਮਣੇ ਆਈ ਹੈ, ਜਿਸ ਮੁਤਾਬਕ ਜਨਵਰੀ 2025 ਤੋਂ ਮਾਰਚ 2026 ਦਰਮਿਆਨ 500 ਤੋਂ ਵੱਧ ਨਵਜੰਮੇ ਬੱਚਿਆਂ ਅਤੇ ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇਮੀਗ੍ਰੇਸ਼ਨ ਹਿਰਾਸਤ ਕੇਂਦਰਾਂ ਵਿਚ ਰੱਖਿਆ ਗਿਆ। ਇਹ ਅੰਕੜੇ ਖੋਜ ਸੰਸਥਾਵਾਂ 'ਦ ਮਾਰਸ਼ਲ ਪ੍ਰੋਜੈਕਟ' ਅਤੇ 'ਐੱਮ.ਐੱਸ. ਨਾਓ' ਵੱਲੋਂ ਪ੍ਰਾਪਤ ਸਰਕਾਰੀ ਰਿਕਾਰਡਾਂ ਦੇ ਆਧਾਰ 'ਤੇ ਜਾਰੀ ਕੀਤੇ ਗਏ ਹਨ।

ਰਿਪੋਰਟ ਅਨੁਸਾਰ ਇਸ ਸਮੇਂ ਦੌਰਾਨ ਔਸਤਨ ਹਰ ਰੋਜ਼ 25 ਦੇ ਕਰੀਬ ਅਜਿਹੇ ਬੱਚੇ ICE ਹਿਰਾਸਤ ਵਿਚ ਮੌਜੂਦ ਸਨ। ਇਹ ਗਿਣਤੀ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਆਖ਼ਰੀ ਸਾਲ ਨਾਲੋਂ ਲਗਭਗ 10 ਗੁਣਾ ਵੱਧ ਦੱਸੀ ਗਈ ਹੈ। ਉਸ ਸਮੇਂ ਔਸਤਨ ਤਿੰਨ ਤੋਂ ਵੀ ਘੱਟ ਬੱਚੇ ਹਿਰਾਸਤ ਕੇਂਦਰਾਂ ਵਿਚ ਰੱਖੇ ਜਾਂਦੇ ਸਨ।

ਰਿਪੋਰਟ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਤੋਂ ਮਾਰਚ 2026 ਤੱਕ ਘੱਟੋ-ਘੱਟ 175 ਬੱਚਿਆਂ ਨੂੰ 20 ਦਿਨਾਂ ਦੀ ਅਦਾਲਤੀ ਸੀਮਾ ਤੋਂ ਵੱਧ ਸਮੇਂ ਲਈ ਹਿਰਾਸਤ ਵਿਚ ਰੱਖਿਆ ਗਿਆ। 2015 ਵਿਚ ਇੱਕ ਫੈਡਰਲ ਜੱਜ ਨੇ ਫਲੋਰਸ ਬਨਾਮ ਰੇਨੋ ਸੈਟਲਮੈਂਟ ਨਾਲ ਸੰਬੰਧਿਤ ਫੈਸਲੇ ਵਿਚ ਸਪੱਸ਼ਟ ਕੀਤਾ ਸੀ ਕਿ ਬੱਚਿਆਂ ਨੂੰ ਆਮ ਤੌਰ 'ਤੇ 20 ਦਿਨਾਂ ਤੋਂ ਵੱਧ ਸਮੇਂ ਲਈ ਇਮੀਗ੍ਰੇਸ਼ਨ ਹਿਰਾਸਤ ਵਿਚ ਨਹੀਂ ਰੱਖਿਆ ਜਾਣਾ ਚਾਹੀਦਾ। ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੇ ਗਰੁੱਪਾਂ ਨੇ ਇਨ੍ਹਾਂ ਅੰਕੜਿਆਂ 'ਤੇ ਚਿੰਤਾ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਛੋਟੀ ਉਮਰ ਦੇ ਬੱਚਿਆਂ ਨੂੰ ਲੰਬੇ ਸਮੇਂ ਲਈ ਹਿਰਾਸਤ ਵਿਚ ਰੱਖਣਾ ਉਨ੍ਹਾਂ ਦੀ ਸਿਹਤ ਅਤੇ ਮਾਨਸਿਕ ਵਿਕਾਸ 'ਤੇ ਨਕਾਰਾਤਮਕ ਅਸਰ ਪਾ ਸਕਦਾ ਹੈ। ਦੂਜੇ ਪਾਸੇ, ਟਰੰਪ ਪ੍ਰਸ਼ਾਸਨ ਦੇ ਸਮਰਥਕਾਂ ਦਾ ਤਰਕ ਹੈ ਕਿ ਸਰਕਾਰ ਸਰਹੱਦੀ ਕਾਨੂੰਨਾਂ ਨੂੰ ਲਾਗੂ ਕਰ ਰਹੀ ਹੈ ਅਤੇ ਪਰਿਵਾਰਕ ਹਿਰਾਸਤ ਦੇ ਕਈ ਮਾਮਲਿਆਂ ਵਿਚ ਮਾਪਿਆਂ ਨਾਲ ਬੱਚਿਆਂ ਨੂੰ ਇਕੱਠੇ ਰੱਖਿਆ ਜਾਂਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਕਰਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਇਹ ਰਿਪੋਰਟ ਉਸ ਸਮੇਂ ਸਾਹਮਣੇ ਆਈ ਹੈ, ਜਦੋਂ ਟਰੰਪ ਪ੍ਰਸ਼ਾਸਨ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ, ਡਿਪੋਰਟੇਸ਼ਨ ਅਤੇ ਹਿਰਾਸਤੀ ਕੇਂਦਰਾਂ ਦੇ ਵਿਸਥਾਰ ਨੂੰ ਆਪਣੀ ਮੁੱਖ ਨੀਤੀ ਵਜੋਂ ਅੱਗੇ ਵਧਾ ਰਿਹਾ ਹੈ। ਨਵੇਂ ਅੰਕੜਿਆਂ ਨੇ ਮੁੜ ਇਹ ਬਹਿਸ ਛੇੜ ਦਿੱਤੀ ਹੈ ਕਿ ਅਮਰੀਕਾ ਦੀਆਂ ਇਮੀਗ੍ਰੇਸ਼ਨ ਨੀਤੀਆਂ ਵਿਚ ਸੁਰੱਖਿਆ ਅਤੇ ਮਨੁੱਖੀ ਅਧਿਕਾਰਾਂ ਵਿਚਕਾਰ ਸੰਤੁਲਨ ਕਿਵੇਂ ਬਣਾਇਆ ਜਾਵੇ।

# ਵਰਲਡ ਕੱਪ 2026: ਇਮੀਗ੍ਰੇਸ਼ਨ ਏਜੰਟਾਂ ਵੱਲੋਂ 135,000 ਡਾਲਰ ਦੀ ਜਾਲੀ ਫੀਫਾ ਮਰਚੈਂਡਾਈਜ਼ ਜ਼ਬਤ




**ਨਿਊਯਾਰਕ, (ਪੰਜਾਬ ਮੇਲ)**- ਅਮਰੀਕੀ ਸਰਹੱਦੀ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਫੀਫਾ ਵਰਲਡ ਕੱਪ 2026 ਨਾਲ ਸੰਬੰਧਿਤ ਨਕਲੀ ਮਰਚੈਂਡਾਈਜ਼ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਲਗਭਗ 135,000 ਡਾਲਰ ਮੁੱਲ ਦੇ ਜਾਲੀ ਸਮਾਨ ਨੂੰ ਜ਼ਬਤ ਕੀਤਾ ਹੈ। ਅਧਿਕਾਰੀਆਂ ਮੁਤਾਬਕ ਜ਼ਬਤ ਕੀਤੇ ਸਮਾਨ ਵਿਚ ਸੈਂਕੜੇ ਨਕਲੀ ਜਰਸੀਆਂ, ਬੀਨੀਆਂ (ਟੋਪੀਆਂ), ਟੀ-ਸ਼ਰਟਾਂ ਅਤੇ ਹੋਰ ਸਮਾਨ ਸ਼ਾਮਲ ਸੀ, ਜਿਨ੍ਹਾਂ 'ਤੇ ਫੀਫਾ ਵਰਲਡ ਕੱਪ ਅਤੇ ਮਸ਼ਹੂਰ ਖੇਡ ਬ੍ਰਾਂਡਾਂ ਦੇ ਨਕਲੀ ਲੋਗੋ ਲੱਗੇ ਹੋਏ ਸਨ।

ਜਾਂਚ ਦੌਰਾਨ ਅਧਿਕਾਰੀਆਂ ਨੇ ਕੁੱਲ 1,578 ਨਕਲੀ ਉਤਪਾਦ ਬਰਾਮਦ ਕੀਤੇ। ਇਨ੍ਹਾਂ ਵਿਚ 530 ਜਰਸੀਆਂ, 380 ਬੀਨੀਆਂ ਅਤੇ ਹੋਰ ਕਈ ਕਿਸਮ ਦੇ ਕੱਪੜੇ ਸ਼ਾਮਲ ਸਨ। ਸਮਾਨ 'ਤੇ Puma, Adidas ਅਤੇ ਵਰਲਡ ਕੱਪ ਨਾਲ ਜੁੜੇ ਹੋਰ ਟ੍ਰੇਡਮਾਰਕ ਗੈਰਕਾਨੂੰਨੀ ਤਰੀਕੇ ਨਾਲ ਵਰਤੇ ਗਏ ਸਨ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਵਰਲਡ ਕੱਪ ਦੌਰਾਨ ਨਕਲੀ ਸਮਾਨ ਦੀ ਮੰਗ ਕਾਫ਼ੀ ਵਧ ਜਾਂਦੀ ਹੈ ਅਤੇ ਇਸ ਤਰ੍ਹਾਂ ਦੇ ਉਤਪਾਦ ਨਾ ਸਿਰਫ਼ ਉਪਭੋਗਤਾਵਾਂ ਨੂੰ ਧੋਖਾ ਦਿੰਦੇ ਹਨ, ਸਗੋਂ ਅਸਲ ਬ੍ਰਾਂਡਾਂ ਅਤੇ ਟੂਰਨਾਮੈਂਟ ਦੇ ਅਧਿਕਾਰਕ ਭਾਗੀਦਾਰਾਂ ਨੂੰ ਵੀ ਆਰਥਿਕ ਨੁਕਸਾਨ ਪਹੁੰਚਾਉਂਦੇ ਹਨ। ਇਸ ਲਈ 2026 ਫੀਫਾ ਵਰਲਡ ਕੱਪ ਨੂੰ ਧਿਆਨ ਵਿਚ ਰੱਖਦਿਆਂ ਅਮਰੀਕੀ ਏਜੰਸੀਆਂ ਨੇ ਨਕਲੀ ਸਮਾਨ ਖ਼ਿਲਾਫ਼ ਨਿਗਰਾਨੀ ਅਤੇ ਕਾਰਵਾਈ ਹੋਰ ਤੇਜ਼ ਕਰ ਦਿੱਤੀ ਹੈ।

ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਵਰਲਡ ਕੱਪ ਦਾ ਸਮਾਨ ਖਰੀਦਦੇ ਸਮੇਂ ਸਿਰਫ਼ ਅਧਿਕਾਰਤ ਵਿਕਰੇਤਾਵਾਂ ਤੋਂ ਹੀ ਖਰੀਦਦਾਰੀ ਕੀਤੀ ਜਾਵੇ ਅਤੇ ਬਹੁਤ ਸਸਤੇ ਭਾਅ 'ਤੇ ਮਿਲ ਰਹੇ ਉਤਪਾਦਾਂ ਤੋਂ ਸਾਵਧਾਨ ਰਹਿਣ।

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਟਰੰਪ ਵੱਲੋਂ ਆਪਣੇ ਇੰਪੀਚਮੈਂਟਾਂ ਨੂੰ ਅਮਰੀਕੀ ਰਿਕਾਰਡ ਤੋਂ "ਮਿਟਾਉਣ" ਬਾਰੇ ਪ੍ਰਸਤਾਵ ਪੇਸ਼ ਕਰਨ 'ਤੇ ਵਿਚਾਰ!

## ਨਵੀਂ ਰਾਜਨੀਤਿਕ ਚਰਚਾ ਨੇ ਫੜਿਆ ਜ਼ੋਰ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇੱਕ ਵਾਰ ਫਿਰ ਰਾਜਨੀਤਿਕ ਚਰਚਾ ਦੇ ਕੇਂਦਰ ਵਿਚ ਹਨ। ਤਾਜ਼ਾ ਰਿਪੋਰਟਾਂ ਮੁਤਾਬਕ ਟਰੰਪ ਅਤੇ ਉਨ੍ਹਾਂ ਦੇ ਸਹਿਯੋਗੀ ਕਾਂਗਰਸ ਵਿਚ ਇੱਕ ਅਜਿਹਾ ਪ੍ਰਸਤਾਵ ਲਿਆਉਣ ਬਾਰੇ ਵਿਚਾਰ ਕਰ ਰਹੇ ਹਨ, ਜਿਸ ਰਾਹੀਂ ਉਨ੍ਹਾਂ ਦੇ ਪਹਿਲੇ ਕਾਰਜਕਾਲ ਦੌਰਾਨ ਹੋਏ ਦੋਵੇਂ ਇੰਪੀਚਮੈਂਟਾਂ ਨੂੰ ਅਮਰੀਕੀ ਇਤਿਹਾਸਕ ਰਿਕਾਰਡ ਤੋਂ "ਮਿਟਾਉਣ" ਜਾਂ "ਰੱਦ" ਕਰਨ ਦੀ ਮੰਗ ਕੀਤੀ ਜਾ ਸਕਦੀ ਹੈ।

ਰਿਪੋਰਟ ਅਨੁਸਾਰ ਇਹ ਪ੍ਰਸਤਾਵ ਮੁੱਖ ਤੌਰ 'ਤੇ ਪ੍ਰਤੀਕਾਤਮਕ ਹੋਵੇਗਾ, ਕਿਉਂਕਿ ਅਮਰੀਕੀ ਸੰਵਿਧਾਨ ਵਿਚ ਕੋਈ ਅਜਿਹਾ ਪ੍ਰਬੰਧ ਨਹੀਂ ਹੈ, ਜੋ ਹਾਊਸ ਆਫ ਰਿਪ੍ਰਿਜ਼ੈਂਟੇਟਿਵਜ਼ ਵੱਲੋਂ ਹੋ ਚੁੱਕੇ ਇੰਪੀਚਮੈਂਟ ਨੂੰ ਬਾਅਦ ਵਿਚ ਕਾਨੂੰਨੀ ਤੌਰ 'ਤੇ ਰੱਦ ਕਰ ਸਕੇ। ਸੰਵਿਧਾਨਕ ਮਾਹਿਰਾਂ ਦਾ ਕਹਿਣਾ ਹੈ ਕਿ ਭਾਵੇਂ ਕੋਈ ਪ੍ਰਸਤਾਵ ਪਾਸ ਵੀ ਹੋ ਜਾਵੇ, ਇੰਪੀਚਮੈਂਟ ਦਾ ਇਤਿਹਾਸਕ ਤੱਥ ਨਹੀਂ ਬਦਲੇਗਾ।

ਟਰੰਪ ਨੇ ਇਸ ਮਾਮਲੇ 'ਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਉਨ੍ਹਾਂ ਨਾਲ "ਅਨਿਆਇ" ਹੋਇਆ ਸੀ ਅਤੇ ਉਨ੍ਹਾਂ ਨੇ ਕੋਈ ਗਲਤ ਕੰਮ ਨਹੀਂ ਕੀਤਾ। ਟਰੰਪ ਦੇ ਅਨੁਸਾਰ ਦੋਵੇਂ ਇੰਪੀਚਮੈਂਟ ਰਾਜਨੀਤਿਕ ਮਕਸਦਾਂ ਨਾਲ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਇਤਿਹਾਸ ਵਿਚੋਂ ਹਟਾਇਆ ਜਾਣਾ ਚਾਹੀਦਾ ਹੈ।

ਟਰੰਪ ਦਾ ਪਹਿਲਾ ਇੰਪੀਚਮੈਂਟ 2019 ਵਿਚ ਹੋਇਆ ਸੀ। ਉਸ ਵੇਲੇ ਡੈਮੋਕ੍ਰੈਟਿਕ ਪਾਰਟੀ ਨੇ ਦੋਸ਼ ਲਗਾਇਆ ਸੀ ਕਿ ਟਰੰਪ ਨੇ ਯੂਕਰੇਨ ਉੱਤੇ ਦਬਾਅ ਪਾ ਕੇ ਆਪਣੇ ਰਾਜਨੀਤਿਕ ਵਿਰੋਧੀ ਜੋਅ ਬਾਇਡਨ ਬਾਰੇ ਜਾਂਚ ਕਰਵਾਉਣ ਦੀ ਕੋਸ਼ਿਸ਼ ਕੀਤੀ ਅਤੇ ਇਸ ਦੇ ਬਦਲੇ ਫੌਜੀ ਮਦਦ ਰੋਕੀ। ਹਾਊਸ ਨੇ ਉਨ੍ਹਾਂ ਉੱਤੇ "ਸ਼ਕਤੀ ਦੀ ਦੁਰਵਰਤੋਂ" ਅਤੇ "ਕਾਂਗਰਸ ਦੀ ਰੁਕਾਵਟ" ਦੇ ਦੋਸ਼ਾਂ ਤਹਿਤ ਇੰਪੀਚਮੈਂਟ ਕੀਤਾ ਸੀ। ਹਾਲਾਂਕਿ ਬਾਅਦ ਵਿਚ ਸੈਨੇਟ ਨੇ ਉਨ੍ਹਾਂ ਨੂੰ ਦੋਸ਼ਮੁਕਤ ਕਰ ਦਿੱਤਾ ਸੀ।

ਦੂਜਾ ਇੰਪੀਚਮੈਂਟ 2021 ਵਿਚ ਉਸ ਵੇਲੇ ਹੋਇਆ, ਜਦੋਂ 6 ਜਨਵਰੀ 2021 ਨੂੰ ਅਮਰੀਕੀ ਕੈਪੀਟਲ ਇਮਾਰਤ 'ਤੇ ਹਮਲਾ ਹੋਇਆ। ਡੈਮੋਕ੍ਰੈਟਸ ਨੇ ਦੋਸ਼ ਲਗਾਇਆ ਕਿ ਟਰੰਪ ਨੇ 2020 ਦੀਆਂ ਚੋਣਾਂ ਦੇ ਨਤੀਜਿਆਂ ਨੂੰ ਉਲਟਣ ਦੀ ਕੋਸ਼ਿਸ਼ ਕੀਤੀ ਅਤੇ ਆਪਣੇ ਸਮਰਥਕਾਂ ਨੂੰ ਉਕਸਾਇਆ, ਜਿਸ ਕਾਰਨ ਹਿੰਸਾ ਭੜਕੀ। ਇਸ ਮਾਮਲੇ ਵਿਚ ਟਰੰਪ ਉੱਤੇ "ਬਗਾਵਤ ਦੀ ਭੜਕਾਹਟ" ਦਾ ਦੋਸ਼ ਲਗਾਇਆ ਗਿਆ ਸੀ। ਦੂਜੀ ਵਾਰ ਵੀ ਸੈਨੇਟ ਵਿਚ ਲੋੜੀਂਦੇ ਵੋਟ ਨਾ ਮਿਲਣ ਕਾਰਨ ਉਹ ਦੋਸ਼ੀ ਸਾਬਤ ਨਹੀਂ ਹੋਏ।

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਇਹ ਪ੍ਰਸਤਾਵ ਕਾਂਗਰਸ ਵਿਚ ਲਿਆਂਦਾ ਜਾਂਦਾ ਹੈ, ਤਾਂ ਇਹ 2026 ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਇੱਕ ਨਵਾਂ ਰਾਜਨੀਤਿਕ ਵਿਵਾਦ ਖੜ੍ਹਾ ਕਰ ਸਕਦਾ ਹੈ। ਕਈ ਰਿਪਬਲਿਕਨ ਸੰਸਦ ਮੈਂਬਰ ਨਹੀਂ ਚਾਹੁੰਦੇ ਕਿ ਚੋਣਾਂ ਤੋਂ ਪਹਿਲਾਂ ਟਰੰਪ ਦੇ ਪੁਰਾਣੇ ਵਿਵਾਦ ਮੁੜ ਚਰਚਾ ਵਿਚ ਆਉਣ। ਕੁਝ ਰਿਪਬਲਿਕਨ ਮੈਂਬਰਾਂ ਨੇ ਸੰਕੇਤ ਦਿੱਤਾ ਹੈ ਕਿ ਅਜਿਹੇ ਕਿਸੇ ਵੀ ਪ੍ਰਸਤਾਵ 'ਤੇ ਨਵੰਬਰ ਦੀਆਂ ਚੋਣਾਂ ਤੋਂ ਪਹਿਲਾਂ ਵਿਚਾਰ ਹੋਣ ਦੀ ਸੰਭਾਵਨਾ ਘੱਟ ਹੈ। ਇਸ ਦੇ ਨਾਲ ਹੀ ਕਾਂਗਰਸ ਵਿਚ ਇਸ ਨੂੰ ਪਾਸ ਕਰਵਾਉਣ ਲਈ ਲੋੜੀਂਦਾ ਸਮਰਥਨ ਇਕੱਠਾ ਕਰਨਾ ਵੀ ਆਸਾਨ ਨਹੀਂ ਹੋਵੇਗਾ। ਰਾਜਨੀਤਿਕ ਮਾਹਿਰਾਂ ਅਨੁਸਾਰ ਭਾਵੇਂ ਇਹ ਕੋਸ਼ਿਸ਼ ਕਾਨੂੰਨੀ ਤੌਰ 'ਤੇ ਟਰੰਪ ਦੇ ਇੰਪੀਚਮੈਂਟਾਂ ਨੂੰ ਖਤਮ ਨਾ ਕਰ ਸਕੇ, ਪਰ ਇਹ ਉਨ੍ਹਾਂ ਦੇ ਸਮਰਥਕਾਂ ਲਈ ਇੱਕ ਮਜ਼ਬੂਤ ਰਾਜਨੀਤਿਕ ਸੰਦੇਸ਼ ਹੋ ਸਕਦਾ ਹੈ। ਦੂਜੇ ਪਾਸੇ, ਵਿਰੋਧੀ ਧਿਰ ਇਸ ਨੂੰ ਇਤਿਹਾਸਕ ਤੱਥਾਂ ਨੂੰ ਬਦਲਣ ਦੀ ਕੋਸ਼ਿਸ਼ ਵਜੋਂ ਪੇਸ਼ ਕਰ ਸਕਦੀ ਹੈ।

# ਟੈਕਸਾਸ 'ਚ ਇੱਕ ਹਫ਼ਤੇ 'ਚ 250 ਤੋਂ ਵੱਧ ਨਵੇਂ ਫੈਡਰਲ ਕੇਸ ਦਰਜ

ਸੈਨ ਐਂਟੋਨਿਓ, ਟੈਕਸਾਸ, (ਪੰਜਾਬ ਮੇਲ)- ਅਮਰੀਕੀ ਸਰਕਾਰ ਵੱਲੋਂ ਇਮੀਗ੍ਰੇਸ਼ਨ ਕਾਨੂੰਨਾਂ ਦੀ ਸਖ਼ਤ ਲਾਗੂਕਰਨ ਦੇ ਤਹਿਤ ਵੈਸਟਰਨ ਡਿਸਟ੍ਰਿਕਟ ਆਫ ਟੈਕਸਾਸ ਵਿਚ ਇੱਕ ਹੋਰ ਹਫ਼ਤੇ ਦੌਰਾਨ 250 ਤੋਂ ਵੱਧ ਨਵੇਂ ਇਮੀਗ੍ਰੇਸ਼ਨ ਅਤੇ ਇਮੀਗ੍ਰੇਸ਼ਨ-ਸਬੰਧੀ ਫੈਡਰਲ ਕ੍ਰਿਮਿਨਲ ਕੇਸ ਦਰਜ ਕੀਤੇ ਗਏ ਹਨ। ਅਮਰੀਕੀ ਅਟਾਰਨੀ ਜਸਟਿਨ ਆਰ. ਸਿਮੰਸ ਦੇ ਦਫ਼ਤਰ ਅਨੁਸਾਰ ਇਹ ਕੇਸ ਮਨੁੱਖੀ ਤਸਕਰੀ, ਗੈਰਕਾਨੂੰਨੀ ਤੌਰ 'ਤੇ ਸਰਹੱਦ ਪਾਰ ਕਰਨ, ਡਿਪੋਰਟ ਹੋਣ ਤੋਂ ਬਾਅਦ ਮੁੜ ਅਮਰੀਕਾ ਵਿਚ ਦਾਖਲ ਹੋਣ ਅਤੇ ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਨਾਲ ਸੰਬੰਧਿਤ ਹਨ।



ਅਧਿਕਾਰੀਆਂ ਮੁਤਾਬਕ ਕਈ ਦੋਸ਼ੀਆਂ ਦਾ ਰਿਕਾਰਡ ਪਹਿਲਾਂ ਤੋਂ ਹੀ ਗੰਭੀਰ ਅਪਰਾਧਾਂ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਵਿਚ ਹਿੰਸਕ ਅਪਰਾਧ, ਨਸ਼ਾ ਤਸਕਰੀ, ਚੋਰੀ, ਸੈਕਸ ਅਪਰਾਧ, ਡੀ.ਯੂ.ਆਈ./ਡੀ.ਡਬਲਯੂ.ਆਈ. ਅਤੇ ਕਈ ਵਾਰ ਦੇਸ਼-ਨਿਕਾਲੇ ਤੋਂ ਬਾਅਦ ਗੈਰਕਾਨੂੰਨੀ ਵਾਪਸੀ ਦੇ ਮਾਮਲੇ ਸ਼ਾਮਲ ਹਨ। ਫੈਡਰਲ ਪ੍ਰੋਸੀਕਿਊਟਰਾਂ ਨੇ ਖ਼ਾਸ ਤੌਰ 'ਤੇ ਮਨੁੱਖੀ ਤਸਕਰਾਂ ਅਤੇ ਬਾਰਡਰ ਪਾਰ ਕਰਵਾਉਣ ਵਾਲੇ ਗਰੁੱਪਾਂ ਨੂੰ ਨਿਸ਼ਾਨਾ ਬਣਾਇਆ ਹੈ।

ਵੈਸਟਰਨ ਡਿਸਟ੍ਰਿਕਟ ਆਫ ਟੈਕਸਾਸ ਅਮਰੀਕਾ ਦੇ ਸਭ ਤੋਂ ਵੱਧ ਰੁੱਝੇ ਹੋਏ ਇਮੀਗ੍ਰੇਸ਼ਨ ਇਨਫੋਰਸਮੈਂਟ ਖੇਤਰਾਂ ਵਿਚੋਂ ਇੱਕ ਹੈ, ਜਿਸ ਵਿਚ ਏਲ ਪਾਸੋ, ਡੇਲ ਰੀਓ, ਸੈਨ ਐਂਟੋਨੀਓ, ਮਿਡਲੈਂਡ ਅਤੇ ਆਸਟਿਨ ਵਰਗੇ ਇਲਾਕੇ ਸ਼ਾਮਲ ਹਨ। ਇਨ੍ਹਾਂ ਖੇਤਰਾਂ ਰਾਹੀਂ ਮੈਕਸੀਕੋ ਸਰਹੱਦ ਤੋਂ ਆਉਣ ਵਾਲੇ ਮਾਮਲਿਆਂ ਦੀ ਵੱਡੀ ਗਿਣਤੀ ਫੈਡਰਲ ਅਦਾਲਤਾਂ ਤੱਕ ਪਹੁੰਚਦੀ ਹੈ।

ਦਿਲਚਸਪ ਗੱਲ ਇਹ ਹੈ ਕਿ ਇਹ ਕੋਈ ਇਕੱਲਾ ਹਫ਼ਤਾ ਨਹੀਂ। 2026 ਦੌਰਾਨ ਲਗਭਗ ਹਰ ਹਫ਼ਤੇ 220 ਤੋਂ 350 ਦੇ ਵਿਚਕਾਰ ਨਵੇਂ ਇਮੀਗ੍ਰੇਸ਼ਨ ਕੇਸ ਦਰਜ ਹੋ ਰਹੇ ਹਨ। ਮਈ ਮਹੀਨੇ ਦੇ ਇੱਕ ਹਫ਼ਤੇ ਵਿਚ 319 ਕੇਸ, ਦੂਜੇ ਵਿਚ 281 ਕੇਸ ਅਤੇ ਜੂਨ ਦੇ ਪਹਿਲੇ ਹਫ਼ਤੇ ਵਿਚ 297 ਕੇਸ ਦਰਜ ਕੀਤੇ ਗਏ ਸਨ। ਇਹ ਅੰਕੜੇ ਦਰਸਾਉਂਦੇ ਹਨ ਕਿ ਫੈਡਰਲ ਸਰਕਾਰ ਬਾਰਡਰ ਸੁਰੱਖਿਆ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ ਉੱਤੇ ਪਹਿਲਾਂ ਨਾਲੋਂ ਕਾਫ਼ੀ ਵੱਧ ਜ਼ੋਰ ਦੇ ਰਹੀ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਵਧਦੀ ਕਾਰਵਾਈ ਦਾ ਸਿੱਧਾ ਅਸਰ ਉਨ੍ਹਾਂ ਲੋਕਾਂ ਉੱਤੇ ਪੈ ਸਕਦਾ ਹੈ, ਜੋ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਏ ਹਨ, ਜਿਨ੍ਹਾਂ ਉੱਤੇ ਪਹਿਲਾਂ ਡਿਪੋਰਟੇਸ਼ਨ ਦੇ ਆਦੇਸ਼ ਹਨ ਜਾਂ ਜਿਨ੍ਹਾਂ ਦੇ ਖ਼ਿਲਾਫ਼ ਪਹਿਲਾਂ ਤੋਂ ਅਪਰਾਧਿਕ ਰਿਕਾਰਡ ਮੌਜੂਦ ਹਨ। ਨਾਲ ਹੀ, ਇਹ ਕਾਰਵਾਈ ਮਨੁੱਖੀ ਤਸਕਰੀ ਦੇ ਜਾਲਾਂ ਖ਼ਿਲਾਫ਼ ਵੀ ਵੱਡੀ ਮੁਹਿੰਮ ਦਾ ਹਿੱਸਾ ਮੰਨੀ ਜਾ ਰਹੀ ਹੈ।

ਅਮਰੀਕਾ ਭਰ ਵਿਚ ਇਮੀਗ੍ਰੇਸ਼ਨ ਨਾਲ ਜੁੜੇ ਮੁਕੱਦਮਿਆਂ ਦੀ ਗਿਣਤੀ ਵੀ ਤੇਜ਼ੀ ਨਾਲ ਵਧ ਰਹੀ ਹੈ। ਤਾਜ਼ਾ ਅੰਕੜਿਆਂ ਅਨੁਸਾਰ ਮਾਰਚ 2026 ਦੌਰਾਨ ਲਗਭਗ 9,911 ਇਮੀਗ੍ਰੇਸ਼ਨ ਮਾਮਲੇ ਫੈਡਰਲ ਅਦਾਲਤਾਂ ਵਿਚ ਦਰਜ ਕੀਤੇ ਗਏ, ਜੋ ਪਿਛਲੇ ਮਹੀਨੇ ਨਾਲੋਂ ਕਾਫ਼ੀ ਵੱਧ ਹਨ। ਇਸ ਨਾਲ ਸਪੱਸ਼ਟ ਹੁੰਦਾ ਹੈ ਕਿ ਇਮੀਗ੍ਰੇਸ਼ਨ ਇਨਫੋਰਸਮੈਂਟ ਅਤੇ ਅਦਾਲਤੀ ਕਾਰਵਾਈ ਦੋਵੇਂ ਤੇਜ਼ ਹੋ ਰਹੀਆਂ ਹਨ।

ਵੈਸਟਰਨ ਡਿਸਟ੍ਰਿਕਟ ਆਫ ਟੈਕਸਾਸ 'ਚ ਹਰ ਹਫ਼ਤੇ 250 ਤੋਂ 300 ਤੋਂ ਵੱਧ ਨਵੇਂ ਇਮੀਗ੍ਰੇਸ਼ਨ ਕੇਸ ਦਰਜ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਅਮਰੀਕੀ ਸਰਕਾਰ ਬਾਰਡਰ ਸੁਰੱਖਿਆ, ਗੈਰਕਾਨੂੰਨੀ ਦਾਖਲੇ ਅਤੇ ਮਨੁੱਖੀ ਤਸਕਰੀ ਖ਼ਿਲਾਫ਼ ਆਪਣੀ ਮੁਹਿੰਮ ਨੂੰ ਹੋਰ ਤਿੱਖਾ ਕਰ ਰਹੀ ਹੈ। ਇਸਦਾ ਪ੍ਰਭਾਵ ਟੈਕਸਸ ਤੋਂ ਬਾਹਰ ਦੇ ਇਮੀਗ੍ਰੇਸ਼ਨ ਮਾਮਲਿਆਂ ਅਤੇ ਅਮਰੀਕਾ ਭਰ ਦੀ ਇਮੀਗ੍ਰੇਸ਼ਨ ਨੀਤੀ ਉੱਤੇ ਵੀ ਪੈ ਸਕਦਾ ਹੈ।


Global Allianz

LAW FIRM LLP

ਕਾਨੂੰਨੀ ਸਲਾਹਾਂ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਕੈਨੇਡਾ 'ਚ ਜ਼ਬਰਨ ਵਸੂਲੀ ਦੇ ਮਾਮਲੇ 'ਚ 3 ਪੰਜਾਬੀ ਦੋਸ਼ੀ ਕਰਾਰ

**ਸਰੀ, (ਪੰਜਾਬ ਮੇਲ)-** ਕੈਨੇਡਾ ਦੀ ਇੱਕ ਅਦਾਲਤ ਵੱਲੋਂ ਸਰੀ, ਬ੍ਰਿਟਿਸ਼ ਕੋਲੰਬੀਆ ਵਿਚ ਇੱਕ ਰਿਹਾਇਸ਼ੀ ਘਰ 'ਤੇ ਜ਼ਬਰਨ ਵਸੂਲੀ ਨਾਲ ਸਬੰਧਿਤ ਗੋਲੀਬਾਰੀ ਦੀ ਘਟਨਾ ਵਿਚ ਸ਼ਾਮਲ ਹੋਣ ਲਈ ਤਿੰਨ ਪੰਜਾਬੀਆਂ ਨੂੰ ਸਜ਼ਾ ਸੁਣਾਈ ਗਈ ਹੈ। ਕੈਨੇਡੀਅਨ ਮੀਡੀਆ ਰਿਪੋਰਟਾਂ ਅਨੁਸਾਰ, ਤਰਨਵੀਰ ਸਿੰਘ (ਘਟਨਾ ਵੇਲੇ ਉਮਰ 19 ਸਾਲ), ਹਰਜੋਤ ਸਿੰਘ (ਉਮਰ 21 ਸਾਲ) ਅਤੇ ਦਯਾਜੀਤ ਸਿੰਘ ਬਿਲਿੰਗ (ਉਮਰ 21 ਸਾਲ) ਨੇ 9 ਜੂਨ ਨੂੰ ਸਰੀ ਪ੍ਰੋਵਿੰਸ਼ੀਅਲ ਕੋਰਟ ਵਿਚ ਆਪਣਾ ਗੁਨਾਹ ਕਬੂਲ ਕਰ ਲਿਆ ਹੈ।



ਇਸ ਤੋਂ ਪਹਿਲਾਂ ਕੈਨੇਡਾ ਪੁਲਿਸ ਨੇ ਇਨ੍ਹਾਂ ਦੀਆਂ ਤਸਵੀਰਾਂ ਬਿਨਾਂ ਪੱਗਾਂ (ਪਗੜੀ) ਤੋਂ ਜਾਰੀ ਕੀਤੀਆਂ ਸਨ, ਜਿਸ ਵਿਚ ਨੌਜਵਾਨਾਂ ਦੇ ਚਿਹਰਿਆਂ 'ਤੇ ਸੱਟਾਂ ਦੇ ਨਿਸ਼ਾਨ ਸਨ। ਇਸ ਕਾਰਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਉਨ੍ਹਾਂ ਦੇ ਧਰਮ ਦੇ ਨਿਰਾਦਰ ਨੂੰ ਲੈ ਕੇ ਇੱਕ ਵਿਵਾਦ ਖੜ੍ਹਾ ਹੋ ਗਿਆ ਸੀ।

ਸੀ.ਟੀ.ਵੀ. ਨਿਊਜ਼ ਰਿਪੋਰਟ ਮੁਤਾਬਕ, "ਤਰਨਵੀਰ ਸਿੰਘ ਨੇ ਲਾਪ੍ਰਵਾਹੀ ਨਾਲ ਹਥਿਆਰ ਚਲਾਉਣ ਦਾ ਗੁਨਾਹ ਕਬੂਲ ਕੀਤਾ ਅਤੇ ਉਸ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਪਹਿਲਾਂ ਕੱਟ ਚੁੱਕੇ ਜੇਲ੍ਹ ਦੇ ਸਮੇਂ ਨੂੰ ਘਟਾਉਣ ਤੋਂ ਬਾਅਦ, ਉਹ ਹੁਣ ਸਲਾਖਾਂ ਪਿੱਛੇ ਲਗਪਗ 4.5 ਸਾਲ ਹੋਰ ਬਿਤਾਏਗਾ। ਦਯਾਜੀਤ ਬਿਲਿੰਗ ਅਤੇ ਹਰਜੋਤ ਸਿੰਘ ਦੋਵਾਂ ਨੇ ਕੋਈ ਵਿਸਫੋਟਕ ਪਦਾਰਥ ਸੁੱਟਣ ਦਾ ਗੁਨਾਹ ਕਬੂਲ ਕੀਤਾ ਹੈ ਅਤੇ ਉਨ੍ਹਾਂ ਨੂੰ ਦੋ-ਦੋ ਸਾਲ ਤੋਂ ਕੁਝ ਵੱਧ ਦੀ ਸਜ਼ਾ ਸੁਣਾਈ ਗਈ ਹੈ। ਪਹਿਲਾਂ ਕੱਟੇ ਗਏ ਜੇਲ੍ਹ ਦੇ ਸਮੇਂ ਦਾ ਕ੍ਰੈਡਿਟ ਮਿਲਣ ਤੋਂ ਬਾਅਦ, ਬਿਲਿੰਗ 20 ਮਹੀਨੇ ਹੋਰ ਜੇਲ੍ਹ ਵਿਚ ਬਿਤਾਏਗਾ, ਜਦੋਂ ਕਿ ਹਰਜੋਤ ਸਿੰਘ 18 ਮਹੀਨੇ ਹੋਰ ਸਜ਼ਾ ਕੱਟੇਗਾ, ਜਿਸ ਤੋਂ ਬਾਅਦ ਦੋਵਾਂ ਨੂੰ ਦੋ-ਦੋ ਸਾਲ ਦੀ ਪ੍ਰੋਬੇਸ਼ਨ (ਨਿਗਰਾਨੀ) 'ਤੇ ਰੱਖਿਆ ਜਾਵੇਗਾ।"

ਇਹ ਘਟਨਾ 1 ਫਰਵਰੀ 2026 ਦੀ ਸਵੇਰ ਨੂੰ ਵਾਪਰੀ ਸੀ, ਜਦੋਂ ਸਰੀ ਦੇ ਕ੍ਰੀਸੈਂਟ ਬੀਚ ਇਲਾਕੇ ਵਿਚ ਕ੍ਰੀਸੈਂਟ ਰੋਡ ਅਤੇ 132 ਸਟ੍ਰੀਟ ਦੇ ਨੇੜੇ ਇੱਕ ਘਰ 'ਤੇ ਗੋਲੀਆਂ ਚਲਾਈਆਂ ਗਈਆਂ ਸਨ ਅਤੇ ਰਿਹਾਇਸ਼ ਦੇ ਬਾਹਰ ਇੱਕ ਛੋਟੀ ਜਿਹੀ ਅੱਗ ਲੱਗਣ ਦੀ ਵੀ ਖ਼ਬਰ ਸੀ। ਇਸ ਘਟਨਾ ਵਿਚ ਕੋਈ ਜ਼ਖਮੀ ਨਹੀਂ ਹੋਇਆ ਸੀ। ਸਰੀ ਪੁਲਿਸ ਸਰਵਿਸ ਨੇ ਇਸ ਹਮਲੇ ਨੂੰ ਇਲਾਕੇ ਵਿਚ ਚੱਲ ਰਹੀਆਂ ਜ਼ਬਰਨ ਵਸੂਲੀ ਦੀਆਂ ਧਮਕੀਆਂ ਨਾਲ ਜੋੜਿਆ ਸੀ।

ਸੀ.ਟੀ.ਵੀ. ਨਿਊਜ਼ ਨੇ ਦੱਸਿਆ: "ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਇੱਕ ਘਰ ਨੂੰ ਸ਼ੱਕੀ ਜ਼ਬਰਨ ਵਸੂਲੀ ਦੇ ਹਮਲੇ ਵਿਚ ਗੋਲੀਬਾਰੀ ਦਾ ਨਿਸ਼ਾਨਾ ਬਣਾਏ ਜਾਣ ਦੇ ਮਹੀਨਿਆਂ ਬਾਅਦ, ਤਿੰਨ ਵਿਦੇਸ਼ੀ ਨਾਗਰਿਕਾਂ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਤਿੰਨਾਂ ਸ਼ੱਕੀਆਂ ਨੂੰ ਪੈਦਲ ਭੱਜਣ ਦੀ ਕੋਸ਼ਿਸ਼ ਕਰਨ ਅਤੇ ਫਿਰ ਇੱਕ ਰਾਈਡ-ਸ਼ੇਅਰ (ਟੈਕਸੀ) ਵਾਹਨ ਵਿਚ ਸਵਾਰ ਹੋਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ।"

ਇਹ ਤਿੰਨੋਂ ਪੰਜਾਬੀ ਹਨ ਅਤੇ ਇਨ੍ਹਾਂ ਨੂੰ ਘਟਨਾ ਦੇ ਤੁਰੰਤ ਬਾਅਦ ਸਰੀ ਪੁਲਿਸ ਸਰਵਿਸ ਦੇ 'ਪ੍ਰੋਜੈਕਟ ਐਸ਼ੋਰੈਂਸ ਐਂਟੀ-ਐਕਸਟੋਰਸ਼ਨ ਪੈਟਰੋਲ' ਅਤੇ 'ਮੇਜਰ ਕ੍ਰਾਈਮ ਸੈਕਸ਼ਨ' ਦੇ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਨੇ ਉਨ੍ਹਾਂ ਨੂੰ ਵਿਦੇਸ਼ੀ ਨਾਗਰਿਕ ਦੱਸਿਆ ਸੀ ਅਤੇ ਇਸ ਮਾਮਲੇ ਵਿਚ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੂੰ ਵੀ ਸ਼ਾਮਲ ਕੀਤਾ ਸੀ। ਇਹ ਨੌਜਵਾਨ ਕੈਨੇਡਾ ਵਿਚ ਆਪਣੀ ਸਜ਼ਾ ਪੂਰੀ ਕਰਨਗੇ, ਜਿਸ ਤੋਂ ਬਾਅਦ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਦੀ ਕਾਰਵਾਈ ਸ਼ੁਰੂ ਹੋ ਸਕਦੀ ਹੈ।

# ਟੋਰਾਂਟੋ ਸਥਿਤ ਭਾਰਤੀ ਕੌਂਸਲੇਟ ਵੱਲੋਂ ਭਾਰਤੀਆਂ ਨੂੰ ਫਰਜ਼ੀ ਕਾਲਾਂ ਤੋਂ ਸਾਵਧਾਨ ਰਹਿਣ ਲਈ ਨਵੀਂ ਐਡਵਾਈਜ਼ਰੀ

**ਵਿਨੀਪੈਗ, (ਪੰਜਾਬ ਮੇਲ)-** ਟੋਰਾਂਟੋ ਵਿਚ ਸਥਿਤ ਭਾਰਤ ਦੇ ਕੌਂਸਲੇਟ ਜਨਰਲ ਨੇ ਕੈਨੇਡਾ 'ਚ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਵਧ ਰਹੀਆਂ ਸਪੂਫਿੰਗ ਅਤੇ ਠੱਗੀ ਕਾਲਾਂ ਤੋਂ ਸਾਵਧਾਨ ਰਹਿਣ ਦੀ ਸਖ਼ਤ ਸਲਾਹ ਜਾਰੀ ਕੀਤੀ ਹੈ। ਕੌਂਸਲੇਟ ਵੱਲੋਂ ਜਾਰੀ ਤਾਜ਼ਾ ਸਲਾਹਕਾਰ ਨੋਟ ਵਿਚ ਕਿਹਾ ਗਿਆ ਹੈ ਕਿ ਕੁਝ ਵਿਅਕਤੀਆਂ ਨੂੰ ਵੀਜ਼ਾ, ਸਥਾਈ ਨਿਵਾਸ (ਪੀ.ਆਰ.), ਇਮੀਗ੍ਰੇਸ਼ਨ ਸਥਿਤੀ ਅਤੇ ਨੌਕਰੀਆਂ ਨਾਲ ਸੰਬੰਧਿਤ ਧੋਖਾਧੜੀ ਵਾਲੀਆਂ ਕਾਲਾਂ ਪ੍ਰਾਪਤ ਹੋ ਰਹੀਆਂ ਹਨ।

ਕੌਂਸਲੇਟ ਨੇ ਸਪੱਸ਼ਟ ਕੀਤਾ ਹੈ ਕਿ ਠੱਗ ਕਾਲ ਕਰਨ ਵਾਲੇ ਆਪਣੇ ਆਪ ਨੂੰ ਟੋਰਾਂਟੋ ਸਥਿਤ ਭਾਰਤੀ ਕੌਂਸਲੇਟ ਦੇ ਅਧਿਕਾਰੀ ਵਜੋਂ ਪੇਸ਼ ਕਰਦੇ ਹਨ, ਪਰ ਅਜਿਹੀਆਂ ਕਾਲਾਂ ਦਾ ਕੌਂਸਲੇਟ ਨਾਲ ਕੋਈ ਸੰਬੰਧ ਨਹੀਂ ਹੈ। ਅਧਿਕਾਰੀਆਂ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਸ਼ੱਕੀ ਕਾਲਾਂ ਦਾ ਜਵਾਬ ਨਾ ਦੇਣ ਅਤੇ ਕਿਸੇ ਵੀ ਹਾਲਤ ਵਿਚ ਆਪਣੀ ਨਿੱਜੀ ਜਾਂ ਵਿੱਤੀ ਜਾਣਕਾਰੀ ਸਾਂਝੀ ਨਾ ਕਰਨ।

ਸਲਾਹਕਾਰ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਕੌਂਸਲੇਟ ਵੱਲੋਂ ਪਾਸਪੋਰਟ, ਪੁਲਿਸ ਕਲੀਅਰੈਂਸ ਸਰਟੀਫਿਕੇਟ (ਪੀ.ਸੀ.ਸੀ.), ਵੀਜ਼ਾ, ਓ.ਸੀ.ਆਈ., ਹਲਫ਼ਨਾਮੇ ਅਤੇ ਪਾਵਰ ਆਫ਼ ਅਟਾਰਨੀ ਵਰਗੀਆਂ ਸੇਵਾਵਾਂ ਲਈ ਵਾਧੂ ਦਸਤਾਵੇਜ਼ਾਂ ਦੀ ਮੰਗ ਸਿਰਫ਼ ਅਧਿਕਾਰਕ ਈ-ਮੇਲ ਰਾਹੀਂ ਹੀ ਕੀਤੀ ਜਾਂਦੀ ਹੈ। ਹਰ ਅਜਿਹੀ ਸੰਚਾਰ ਵਿਚ ਅਧਿਕਾਰੀ ਦਾ ਨਾਮ, ਅਹੁਦਾ, ਵਿਭਾਗ ਅਤੇ ਅਰਜ਼ੀ ਨੰਬਰ ਆਦਿ ਸਪੱਸ਼ਟ ਤੌਰ 'ਤੇ ਦਰਜ ਹੁੰਦੇ ਹਨ।

ਕੌਂਸਲੇਟ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਕੋਈ ਵੀ ਅਧਿਕਾਰੀ ਕਦੇ ਵੀ ਫ਼ੋਨ ਰਾਹੀਂ ਭੁਗਤਾਨ ਦੀ ਮੰਗ ਨਹੀਂ ਕਰਦਾ। ਇਸ ਲਈ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਤਰ੍ਹਾਂ ਦੀਆਂ ਗੈਰ-ਅਧਿਕਾਰਕ ਕਾਲਾਂ ਤੋਂ ਚੌਕਸ ਰਹਿਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਤੁਰੰਤ ਸੂਚਨਾ ਸੰਬੰਧਿਤ ਅਧਿਕਾਰੀਆਂ ਜਾਂ ਕੈਨੇਡੀਅਨ ਐਂਟੀ-ਫਰੌਡ ਸੈਂਟਰ ਨੂੰ ਦੇਣ।

ਇਸ ਦੇ ਨਾਲ ਹੀ ਕੌਂਸਲੇਟ ਜਨਰਲ ਨੇ ਕੈਨੇਡਾ ਵਿਚ ਭਾਰਤੀ ਨਾਗਰਿਕਾਂ, ਖ਼ਾਸ ਕਰਕੇ ਵਿਦਿਆਰਥੀਆਂ ਵਿਚ ਪਾਣੀ ਨਾਲ ਸੰਬੰਧਿਤ ਦੁਰਘਟਨਾਵਾਂ ਵਿਚ ਹੋ ਰਹੇ ਵਾਧੇ 'ਤੇ ਵੀ ਗੰਭੀਰ ਚਿੰਤਾ ਜਤਾਈ ਹੈ। ਹਾਲੀਆ ਮਹੀਨਿਆਂ ਦੌਰਾਨ ਝੀਲਾਂ, ਦਰਿਆਵਾਂ ਅਤੇ ਬੀਚਾਂ 'ਤੇ ਡੁੱਬਣ ਦੀਆਂ ਘਟਨਾਵਾਂ ਵਿਚ ਚਿੰਤਾਜਨਕ ਵਾਧਾ ਦਰਜ ਕੀਤਾ ਗਿਆ ਹੈ।

ਸਲਾਹ 'ਚ ਕਿਹਾ ਗਿਆ ਹੈ ਕਿ ਗਰਮੀ ਦੇ ਮੌਸਮ ਦੌਰਾਨ ਪਾਣੀ ਵਾਲੀਆਂ ਥਾਵਾਂ 'ਤੇ ਵਧੀਕ ਸਾਵਧਾਨੀ ਵਰਤੀ ਜਾਵੇ। ਨਾਗਰਿਕਾਂ ਨੂੰ ਅਣਜਾਣ ਜਾਂ ਅਸੁਰੱਖਿਅਤ ਪਾਣੀ ਵਾਲੇ ਇਲਾਕਿਆਂ ਵਿਚ ਜਾਣ ਤੋਂ ਬਚਣ, ਸਥਾਨਕ ਸੁਰੱਖਿਆ ਹਦਾਇਤਾਂ ਦੀ ਪਾਲਣਾ ਕਰਨ ਅਤੇ ਜਿੱਥੇ ਲਾਈਫ਼ ਜੈਕਟ ਲਾਜ਼ਮੀ ਜਾਂ ਸਿਫ਼ਾਰਸ਼ੀ ਹੋਵੇ, ਉੱਥੇ ਇਸ ਦੀ ਵਰਤੋਂ ਜ਼ਰੂਰ ਕਰਨ ਦੀ ਅਪੀਲ ਕੀਤੀ ਗਈ ਹੈ।

ਕੌਂਸਲੇਟ ਨੇ ਇਹ ਸਲਾਹ ਜਨਹਿਤ ਵਿਚ ਜਾਰੀ ਕਰਦਿਆਂ ਕਿਹਾ ਹੈ ਕਿ ਗਰਮੀ ਦੇ ਮੌਸਮ ਵਿਚ ਪਾਣੀ ਨਾਲ ਸੰਬੰਧਿਤ ਖ਼ਤਰੇ ਵਧ ਜਾਂਦੇ ਹਨ, ਇਸ ਲਈ ਜਾਗਰੂਕਤਾ ਅਤੇ ਸਾਵਧਾਨੀ ਹੀ ਸੁਰੱਖਿਆ ਦਾ ਸਭ ਤੋਂ ਵੱਡਾ ਹਥਿਆਰ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ਸਰਕਾਰ ਵੱਲੋਂ ਬੱਚਿਆਂ ਨੂੰ ਆਨਲਾਈਨ ਖਤਰਿਆਂ ਤੋਂ ਬਚਾਉਣ ਲਈ ਨਵਾਂ ਕਾਨੂੰਨ ਪੇਸ਼

**ਵਿਨੀਪੈਗ, (ਪੰਜਾਬ ਮੇਲ)-** ਕੈਨੇਡਾ ਸਰਕਾਰ ਨੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਨਲਾਈਨ ਖ਼ਤਰਿਆਂ ਤੋਂ ਬਚਾਉਣ ਲਈ ਨਵਾਂ ਕਾਨੂੰਨ ਪੇਸ਼ ਕੀਤਾ ਹੈ। 'ਸੇਫ਼ ਸੋਸ਼ਲ ਮੀਡੀਆ ਐਕਟ' (ਬਿੱਲ ਸੀ-34) ਤਹਿਤ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਖਾਤੇ ਬਣਾਉਣ 'ਤੇ ਪਾਬੰਦੀ ਲਗਾਉਣ ਦੀ ਤਜਵੀਜ਼ ਰੱਖੀ ਗਈ ਹੈ। ਇਸ ਦੇ ਨਾਲ ਹੀ ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਏ.ਆਈ. ਆਧਾਰਿਤ ਚੈਟਬੋਟ ਸੇਵਾਵਾਂ ਨੂੰ ਉਪਭੋਗਤਾਵਾਂ, ਖ਼ਾਸ ਕਰਕੇ ਬੱਚਿਆਂ ਦੀ ਸੁਰੱਖਿਆ ਲਈ ਵਧੇਰੇ ਜਵਾਬਦੇਹ ਬਣਾਇਆ ਜਾਵੇਗਾ।



ਕੈਨੇਡੀਅਨ ਮੰਤਰੀ ਮਾਰਕ ਮਿੱਲਰ ਵੱਲੋਂ ਸੰਸਦ ਵਿਚ ਪੇਸ਼ ਕੀਤੇ ਗਏ ਇਸ ਬਿੱਲ ਦਾ ਉਦੇਸ਼ ਸਾਈਬਰ ਬੁਲਿੰਗ, ਬੱਚਿਆਂ ਦੇ ਜਿਨਸੀ ਸ਼ੋਸ਼ਣ, ਖ਼ੁਦਕੁਸ਼ੀ ਨੂੰ ਉਤਸ਼ਾਹਿਤ ਕਰਨ ਵਾਲੀ ਸਮੱਗਰੀ ਅਤੇ ਹੋਰ ਹਾਨੀਕਾਰਕ ਡਿਜੀਟਲ ਪ੍ਰਭਾਵਾਂ ਤੋਂ ਬੱਚਿਆਂ ਦੀ ਰੱਖਿਆ ਕਰਨਾ ਹੈ। ਸਰਕਾਰ ਦਾ ਕਹਿਣਾ ਹੈ ਕਿ ਡਿਜੀਟਲ ਤਕਨਾਲੋਜੀ ਦੀ ਵਧਦੀ ਵਰਤੋਂ ਦੇ ਮੱਦੇਨਜ਼ਰ ਬੱਚਿਆਂ ਲਈ ਸੁਰੱਖਿਅਤ ਆਨਲਾਈਨ ਮਾਹੌਲ ਯਕੀਨੀ ਬਣਾਉਣਾ ਸਮੇਂ ਦੀ ਲੋੜ ਹੈ।

ਪ੍ਰਸਤਾਵਿਤ ਕਾਨੂੰਨ ਅਨੁਸਾਰ ਸੋਸ਼ਲ ਮੀਡੀਆ ਕੰਪਨੀਆਂ ਨੂੰ ਆਪਣੇ ਪਲੇਟਫਾਰਮਾਂ ਦੀ ਡਿਜ਼ਾਈਨ ਅਤੇ ਸੰਚਾਲਨ ਦੌਰਾਨ ਬੱਚਿਆਂ ਦੀ ਸੁਰੱਖਿਆ ਨੂੰ ਪਹਿਲ ਦੇਣੀ ਪਵੇਗੀ। ਉਨ੍ਹਾਂ ਨੂੰ ਸੰਭਾਵਿਤ ਖ਼ਤਰਿਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਘਟਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣੇ ਹੋਣਗੇ। ਹਾਲਾਂਕਿ, ਜਿਹੜੀਆਂ ਸੇਵਾਵਾਂ ਬੱਚਿਆਂ ਦੀ ਸੁਰੱਖਿਆ ਲਈ ਲੋੜੀਂਦੇ ਮਾਪਦੰਡ ਪੂਰੇ ਕਰਨਗੀਆਂ, ਉਨ੍ਹਾਂ ਨੂੰ ਨਿਯਮਕ ਸੰਸਥਾ ਵੱਲੋਂ ਛੋਟ ਦਿੱਤੀ ਜਾ ਸਕੇਗੀ।

ਬਿੱਲ ਤਹਿਤ ਇੱਕ ਨਵਾਂ 'ਡਿਜ਼ੀਟਲ ਸੇਫ਼ਟੀ ਐਕਟ' ਵੀ ਲਾਗੂ ਕਰਨ ਦੀ ਤਜਵੀਜ਼ ਹੈ। ਇਸ ਅਧੀਨ ਸੋਸ਼ਲ ਮੀਡੀਆ ਅਤੇ ਏ.ਆਈ. ਚੈਟਬੋਟ ਸੇਵਾਵਾਂ ਨੂੰ ਆਪਣੇ ਪਲੇਟਫਾਰਮਾਂ ਨਾਲ ਜੁੜੇ ਜ਼ੋਖ਼ਮ ਦਾ ਮੁਲਾਂਕਣ ਕਰਨਾ, ਹਾਨੀਕਾਰਕ ਸਮੱਗਰੀ ਦੀ ਪਛਾਣ ਅਤੇ ਰੋਕਥਾਮ ਲਈ ਯੋਜਨਾਵਾਂ ਬਣਾਉਣੀਆਂ ਅਤੇ ਏ.ਆਈ. ਰਾਹੀਂ ਤਿਆਰ ਕੀਤੀ ਸਮੱਗਰੀ ਨੂੰ ਸਪੱਸ਼ਟ ਤੌਰ 'ਤੇ ਲੇਬਲ ਕਰਨਾ ਲਾਜ਼ਮੀ ਹੋਵੇਗਾ।

# ਕੈਨੇਡਾ ਅਦਾਲਤ ਵੱਲੋਂ ਪੰਜਾਬੀ ਨੌਜਵਾਨ ਦੇ ਕਤਲ ਦੇ ਦੋਸ਼ੀ ਨੂੰ ਜੇਲ੍ਹ ਦੀ ਸਜ਼ਾ ਤੋਂ ਰਾਹਤ

**ਸਰੀ/ਚੰਡੀਗੜ੍ਹ, (ਪੰਜਾਬ ਮੇਲ)-** ਕੈਨੇਡਾ ਦੀ ਇੱਕ ਅਦਾਲਤ ਨੇ ਸਰੀ, ਬ੍ਰਿਟਿਸ਼ ਕੋਲੰਬੀਆ ਵਿਚ ਇੱਕ ਪ੍ਰਵਾਸੀ ਪੰਜਾਬੀ ਦੇ ਕਤਲ ਦੇ ਮਾਮਲੇ ਵਿਚ ਇੱਕ ਵਿਅਕਤੀ ਨੂੰ ਬਿਨਾਂ ਕਿਸੇ ਜੇਲ੍ਹ ਦੀ ਸਜ਼ਾ ਦਿੱਤੇ ਛੱਡ ਦਿੱਤਾ ਹੈ। ਇਸ ਫੈਸਲੇ ਨੇ ਪੀੜਤ ਪਰਿਵਾਰ ਨੂੰ ਤੋੜ ਕੇ ਰੱਖ ਦਿੱਤਾ ਹੈ।

ਕੈਨੇਡਾ ਦੀਆਂ ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ 46 ਸਾਲਾ ਮਾਈਕਲ ਗੋਰਡਨ ਬੋਵੇਨਕੈਂਪ ਨੂੰ 5 ਅਕਤੂਬਰ, 2024 ਨੂੰ 33 ਸਾਲਾ ਸਰਾਜ ਸਿੰਘ ਦੀ ਮੌਤ ਦਾ ਕਾਰਨ ਬਣੇ ਇੱਕ ਹਾਦਸੇ ਲਈ 1,500 ਦਾ ਜੁਰਮਾਨਾ, 18 ਮਹੀਨਿਆਂ ਦੀ ਪ੍ਰੋਬੇਸ਼ਨ ਅਤੇ ਇੱਕ ਸਾਲ ਦੀ ਡਰਾਈਵਿੰਗ ਪਾਬੰਦੀ ਲਗਾਈ ਗਈ ਹੈ।

ਬੋਵੇਨਕੈਂਪ ਨੇ ਹਾਦਸੇ ਵਾਲੀ ਸਵੇਰ ਭੰਗ (ਕੈਨਾਬਿਸ) ਦਾ ਸੇਵਨ ਕਰਨ ਦੀ ਗੱਲ ਮੰਨੀ ਸੀ। ਹਾਲਾਂਕਿ, ਖ਼ੂਨ ਦੇ ਟੈਸਟਾਂ ਨੇ ਦਿਖਾਇਆ ਕਿ ਉਸ ਦੇ ਟੀ.ਐੱਚ.ਸੀ. ਪੱਧਰ ਕਾਨੂੰਨੀ ਡਰਾਈਵਿੰਗ ਸੀਮਾ ਤੋਂ ਬਿਲਕੁਲ ਹੇਠਾਂ ਸਨ। ਅਦਾਲਤ ਨੇ ਸਵੀਕਾਰ ਕੀਤਾ ਕਿ ਉਸਨੂੰ ਡਰਾਈਵਿੰਗ ਕਰਦੇ ਸਮੇਂ ਸੰਭਾਵਤ ਤੌਰ 'ਤੇ ਮੈਡੀਕਲ ਐਮਰਜੈਂਸੀ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਉਸਨੂੰ ਮੋਟਰ ਵਹੀਕਲ ਐਕਟ ਤਹਿਤ ਘੱਟ ਦੋਸ਼ ਲਈ ਦੋਸ਼ੀ ਮੰਨਣ ਦੀ ਇਜਾਜ਼ਤ ਦਿੱਤੀ, ਜਿਸ ਨਾਲ ਕੋਈ ਵੀ ਅਪਰਾਧਿਕ ਸਜ਼ਾ ਹਟਾ ਦਿੱਤੀ ਗਈ, ਜੋ ਕੈਦ ਦਾ ਕਾਰਨ ਬਣ ਸਕਦੀ ਸੀ।

■ **ਫੈਸਲੇ ਨਾਲ ਪੀੜ੍ਹਤ ਪਰਿਵਾਰ ਨਿਰਾਸ਼**



ਨਰਦੀਪ ਕੌਰ ਲਈ, ਇਸ ਫੈਸਲੇ ਨੇ ਉਸ ਦੇ ਦੁੱਖ ਨੂੰ ਹੋਰ ਵਧਾ ਦਿੱਤਾ ਹੈ। ਇਹ ਜੋੜਾ ਹਾਲ ਹੀ ਵਿਚ ਕੈਨੇਡਾ ਪਹੁੰਚਿਆ ਸੀ, ਇੱਕ ਨਵੀਂ ਜ਼ਿੰਦਗੀ ਦੇ ਸੁਪਨੇ ਦੇਖ ਰਿਹਾ ਸੀ। ਨਰਦੀਪ ਕੌਰ ਨੇ ਕਿਹਾ ਕਿ ਉਸਦੀ ਮੌਤ ਅਚਾਨਕ, ਹਿੰਸਕ ਅਤੇ ਪੂਰੀ ਤਰ੍ਹਾਂ ਨਾਲ ਰੋਕਣਯੋਗ ਸੀ, ਅਤੇ ਇਸ ਨੇ ਉਸ ਜ਼ਿੰਦਗੀ ਨੂੰ ਤਬਾਹ ਕਰ ਦਿੱਤਾ, ਜੋ ਅਸੀਂ ਇਕੱਠੇ ਬਣਾਈ ਸੀ।

# ਕੈਨੇਡਾ ਸਰਕਾਰ ਵੱਲੋਂ 'ਲਾਸਟ ਕੈਨੇਡੀਅਨ' ਕਾਨੂੰਨ ਤਹਿਤ ਜਾਰੀ ਨਾਗਰਿਕਤਾ ਸਰਟੀਫਿਕੇਟਾਂ ਅਚਾਨਕ ਮੁਅੱਤਲ

■ **ਕੈਨੇਡੀਅਨ ਸਿਟੀਜ਼ਨਸ਼ਿਪ ਪ੍ਰਕਿਰਿਆ 'ਚ ਅਨਿਸ਼ਚਿਤਤਾ ਦਾ ਮਾਹੌਲ ਬਣਿਆ**

■ **ਦਸਤਾਵੇਜ਼ਾਂ ਦੀ ਸਮੀਖਿਆ ਲਈ ਕਾਰਵਾਈ, ਪ੍ਰਭਾਵਿਤ ਵਿਅਕਤੀਆਂ ਤੋਂ ਵਾਧੂ ਸਬੂਤ ਮੰਗੇ**

**ਵਿਨੀਪੈਗ, (ਪੰਜਾਬ ਮੇਲ)-** ਕੈਨੇਡਾ ਸਰਕਾਰ ਨੇ 'ਲਾਸਟ ਕੈਨੇਡੀਅਨ' ਕਾਨੂੰਨ ਤਹਿਤ ਜਾਰੀ ਕੀਤੇ ਗਏ ਕਈ ਨਾਗਰਿਕਤਾ ਸਰਟੀਫਿਕੇਟਾਂ ਨੂੰ ਅਚਾਨਕ ਮੁਅੱਤਲ ਕਰ ਦਿੱਤਾ ਹੈ, ਜਿਸ ਕਾਰਨ ਹਜ਼ਾਰਾਂ ਪ੍ਰਭਾਵਿਤ ਵਿਅਕਤੀਆਂ ਵਿਚ ਅਨਿਸ਼ਚਿਤਤਾ ਅਤੇ ਚਿੰਤਾ ਦਾ ਮਾਹੌਲ ਬਣ ਗਿਆ ਹੈ। ਕੈਨੇਡੀਅਨ ਪੂਰਵਜ ਹੋਣ ਦੇ ਆਧਾਰ 'ਤੇ ਨਾਗਰਿਕਤਾ ਸਰਟੀਫਿਕੇਟ ਲਈ ਸਫਲਤਾਪੂਰਵਕ ਅਰਜ਼ੀ ਦੇਣ ਅਤੇ ਪ੍ਰਾਪਤ ਕਰਨ ਵਾਲੇ ਅਣਜਾਣ ਲੋਕਾਂ ਨੂੰ ਸ਼ਨੀਵਾਰ ਨੂੰ ਈ-ਮੇਲ ਕੀਤੇ ਗਏ ਇੱਕ ਨੋਟਿਸ ਵਿਚ, ਇਮੀਗ੍ਰੇਸ਼ਨ, ਰਿਫ਼ਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਉਨ੍ਹਾਂ ਨੂੰ ਆਪਣੀਆਂ ਫਾਈਲਾਂ ਦੀ ਸਮੀਖਿਆ ਹੋਣ ਤੱਕ ਆਪਣੇ ਸਰਟੀਫਿਕੇਟ ਵਾਪਸ ਕਰਨ ਦਾ ਆਦੇਸ਼ ਦਿੱਤਾ ਹੈ। ਇਮੀਗ੍ਰੇਸ਼ਨ, ਰਿਫ਼ਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਵੱਲੋਂ ਪ੍ਰਭਾਵਿਤ ਲੋਕਾਂ ਨੂੰ ਭੇਜੇ ਗਏ ਈ-ਮੇਲ ਸੁਨੇਹਿਆਂ ਵਿਚ ਦੱਸਿਆ ਗਿਆ ਹੈ ਕਿ ਉਨ੍ਹਾਂ ਦੇ ਨਾਗਰਿਕਤਾ ਸਰਟੀਫਿਕੇਟਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਇਸ ਦੌਰਾਨ ਇਹ ਸਰਟੀਫਿਕੇਟ ਵਾਪਸ ਕਰਨੇ ਪੈਣਗੇ। ਕੈਨੇਡੀਅਨ ਨਾਗਰਿਕਤਾ ਰਜਿਸਟਰਾਰ ਪੈਗੀ ਸਨ ਵੱਲੋਂ ਜਾਰੀ ਨੋਟਿਸ ਮੁਤਾਬਕ ਵਿਭਾਗ ਕੋਲ ਅਜਿਹੀ ਜਾਣਕਾਰੀ ਮੌਜੂਦ ਹੈ, ਜਿਸ ਨਾਲ ਇਹ ਸ਼ੱਕ ਪੈਦਾ ਹੋਇਆ ਹੈ ਕਿ ਕੁਝ ਲੋਕ ਨਾਗਰਿਕਤਾ ਸਰਟੀਫਿਕੇਟ ਰੱਖਣ ਦੇ ਯੋਗ ਨਹੀਂ ਹੋ ਸਕਦੇ। ਨੋਟਿਸ ਵਿਚ ਕਿਹਾ ਗਿਆ ਹੈ ਕਿ ਕਈ ਅਰਜ਼ੀਆਂ ਨਾਲ ਜਨਮ, ਵੰਸ਼ਾਵਲੀ ਜਾਂ ਹੋਰ ਲੋੜੀਂਦੇ ਦਸਤਾਵੇਜ਼ਾਂ ਦੀਆਂ ਸਰਕਾਰੀ ਕਾਪੀਆਂ ਜਾਂ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਕੀਤੇ ਗਏ ਯਤਨਾਂ ਦੇ ਸਬੂਤ ਨਹੀਂ ਦਿੱਤੇ ਗਏ ਸਨ। ਇਸ ਕਾਰਨ ਸਰਟੀਫਿਕੇਟਾਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕੀਤਾ ਗਿਆ ਹੈ। ਹਾਲਾਂਕਿ, ਪ੍ਰਭਾਵਿਤ ਵਿਅਕਤੀਆਂ ਨੂੰ ਵਾਧੂ ਦਸਤਾਵੇਜ਼ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇਗਾ।

ਇਮੀਗ੍ਰੇਸ਼ਨ ਕਾਨੂੰਨ ਨਾਲ ਜੁੜੇ ਵਕੀਲਾਂ ਦਾ ਕਹਿਣਾ ਹੈ ਕਿ ਇਹ ਵੱਡੇ ਪੱਧਰ 'ਤੇ ਕੀਤੀ ਗਈ ਕਾਰਵਾਈ ਜਾਪਦੀ ਹੈ, ਭਾਵੇਂ ਅਜੇ ਤੱਕ ਪ੍ਰਭਾਵਿਤ ਲੋਕਾਂ ਦੀ ਸਹੀ ਗਿਣਤੀ ਸਾਹਮਣੇ ਨਹੀਂ ਆਈ।

ਅਮਰੀਕਾ ਦੇ ਮੇਨ ਸੂਬੇ ਦੇ ਬਕਸਪੋਰਟ ਸ਼ਹਿਰ ਦੀ ਵਸਨੀਕ ਵੇਲਰੀ ਕੈਂਪਬੈੱਲ ਨੇ ਇਸ ਫ਼ੈਸਲੇ 'ਤੇ ਹੈਰਾਨੀ ਪ੍ਰਗਟ ਕੀਤੀ ਹੈ। ਕੈਂਪਬੈੱਲ ਅਤੇ ਉਸ ਦੇ ਪੁੱਤਰ ਮੋਰਗਨ ਨੂੰ ਕਿਊਬਿਕ ਅਤੇ ਓਨਟਾਰੀਓ ਨਾਲ ਜੁੜੇ ਆਪਣੇ ਪਰਿਵਾਰਕ ਵੰਸ਼ ਦੇ ਆਧਾਰ 'ਤੇ ਕੈਨੇਡੀਅਨ ਨਾਗਰਿਕਤਾ ਮਿਲੀ ਸੀ। ਮਾਰਚ ਮਹੀਨੇ ਵਿਚ ਨਾਗਰਿਕਤਾ ਸਰਟੀਫਿਕੇਟ ਮਿਲਣ ਤੋਂ ਬਾਅਦ ਉਸ ਨੇ ਆਪਣਾ ਘਰ ਵੇਚਣ ਲਈ ਰੱਖ ਦਿੱਤਾ ਸੀ ਅਤੇ ਨਿਊ ਬ੍ਰੰਜ਼ਵਿਕ ਜਾਂ ਨੋਵਾ ਸਕੋਸ਼ੀਆ ਵਿਚ ਵੱਸਣ ਦੀ ਯੋਜਨਾ ਬਣਾਈ ਸੀ। ਮੁਅੱਤਲੀ ਦਾ ਨੋਟਿਸ ਮਿਲਣ ਤੋਂ ਬਾਅਦ ਉਸ ਨੇ ਕਿਹਾ ਕਿ ਉਹ "ਪੂਰੀ ਤਰ੍ਹਾਂ ਸਦਮੇ ਵਿੱਚ" ਹੈ।

ਕੈਂਪਬੈੱਲ ਨੇ ਦੱਸਿਆ ਕਿ ਮੌਜੂਦਾ ਅਮਰੀਕੀ ਰਾਜਨੀਤਿਕ ਮਾਹੌਲ ਕਾਰਨ ਉਹ ਕੈਨੇਡਾ ਜਾਣ ਬਾਰੇ ਗੰਭੀਰਤਾ ਨਾਲ ਸੋਚ ਰਹੀ ਸੀ ਅਤੇ ਨਾਗਰਿਕਤਾ ਮਿਲਣ ਤੋਂ ਬਾਅਦ ਉਸ ਨੇ ਭਵਿੱਖ ਦੀਆਂ ਯੋਜਨਾਵਾਂ ਵੀ ਤਿਆਰ ਕਰ ਲਈਆਂ ਸਨ। ਹੁਣ ਉਸ ਨੇ ਘਰ ਦੀ ਵਿਕਰੀ ਅਸਥਾਈ ਤੌਰ 'ਤੇ ਰੋਕ ਦਿੱਤੀ ਹੈ ਅਤੇ ਮੰਗੇ ਗਏ ਦਸਤਾਵੇਜ਼ ਇਕੱਠੇ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਵਰਣਨਯੋਗ ਹੈ ਕਿ ਸੰਸਦ ਵੱਲੋਂ ਨਵੰਬਰ 2025 ਵਿਚ ਪਾਸ ਕੀਤੇ ਗਏ ਬਿੱਲ ਸੀ-3 ਦੇ ਲਾਗੂ ਹੋਣ ਮਗਰੋਂ ਦੁਨੀਆ ਭਰ ਦੇ ਕਰੀਬ 4,075 ਲੋਕਾਂ ਨੂੰ ਕੈਨੇਡੀਅਨ ਨਾਗਰਿਕਤਾ ਦੇ ਸਬੂਤ ਵਜੋਂ ਸਰਟੀਫਿਕੇਟ ਜਾਰੀ ਕੀਤੇ ਗਏ ਸਨ। ਇਨ੍ਹਾਂ ਵਿਚੋਂ ਲਗਭਗ ਅੱਧੇ ਲੋਕ ਅਮਰੀਕਾ ਵਿਚ ਜਨਮੇ ਹੋਏ ਹਨ।

ਬਿੱਲ ਸੀ-3 ਤਹਿਤ ਉਨ੍ਹਾਂ ਲੋਕਾਂ ਲਈ ਵੀ ਕੈਨੇਡੀਅਨ ਨਾਗਰਿਕਤਾ ਦਾ ਰਾਹ ਖੁੱਲ੍ਹਿਆ ਸੀ, ਜਿਨ੍ਹਾਂ ਦੇ ਪੂਰਵਜ ਕਈ ਪੀੜ੍ਹੀਆਂ ਪਹਿਲਾਂ ਕੈਨੇਡਾ ਛੱਡ ਕੇ ਵਿਦੇਸ਼ਾਂ ਵਿਚ ਵੱਸ ਗਏ ਸਨ। ਇਸ ਤੋਂ ਪਹਿਲਾਂ ਵਿਦੇਸ਼ ਵਿਚ ਜਨਮੇ ਜਾਂ ਗੋਦ ਲਏ ਬੱਚਿਆਂ ਲਈ ਨਾਗਰਿਕਤਾ ਦਾ ਹੱਕ ਸਿਰਫ਼ ਪਹਿਲੀ ਪੀੜ੍ਹੀ ਤੱਕ ਸੀਮਤ ਸੀ। ਅਦਾਲਤ ਨੇ ਇਸ ਪਾਬੰਦੀ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਸੀ, ਜਿਸ ਤੋਂ ਬਾਅਦ ਸਰਕਾਰ ਨੂੰ ਕਾਨੂੰਨ ਵਿਚ ਸੋਧ ਕਰਨੀ ਪਈ।

ਸੰਸਦੀ ਬਜਟ ਅਧਿਕਾਰੀ ਦੇ ਅਨੁਮਾਨ ਅਨੁਸਾਰ ਲਗਭਗ 1.15 ਲੱਖ ਲੋਕ ਇਸ ਕਾਨੂੰਨੀ ਤਬਦੀਲੀ ਤੋਂ ਪ੍ਰਭਾਵਿਤ ਹੋ ਸਕਦੇ ਹਨ। ਇਸ ਦੌਰਾਨ ਨਾਗਰਿਕਤਾ ਸਰਟੀਫਿਕੇਟ ਲਈ ਅਰਜ਼ੀਆਂ ਦੀ ਗਿਣਤੀ ਵਿਚ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ। ਮਈ 2025 ਵਿਚ ਜਿੱਥੇ ਅਰਜ਼ੀਆਂ ਦੇ ਨਿਪਟਾਰੇ ਲਈ ਔਸਤ ਉਡੀਕ ਸਮਾਂ ਪੰਜ ਮਹੀਨੇ ਸੀ, ਉੱਥੇ ਹੁਣ ਇਹ ਵਧ ਕੇ 15 ਮਹੀਨੇ ਤੱਕ ਪਹੁੰਚ ਗਿਆ ਹੈ।

# ਪੰਜਾਬ ਦੀਆਂ 4 ਨਗਰ ਕੌਂਸਲਾਂ ਦੇ ਚੋਣ ਨਤੀਜਿਆਂ ਦਾ ਐਲਾਨ

**ਗੁਰਦਾਸਪੁਰ, (ਪੰਜਾਬ ਮੇਲ)**- ਪੰਜਾਬ ਦੀਆਂ 4 ਨਗਰ ਕੌਂਸਲਾਂ ਗੁਰਦਾਸਪੁਰ, ਦੀਨਾਨਗਰ, ਕਾਦੀਆਂ ਅਤੇ ਸ਼ਾਮਚੁਰਾਸੀ (ਹੁਸ਼ਿਆਰਪੁਰ) ਵਿਚ ਵੋਟਾਂ ਪਈਆਂ। ਸਵੇਰੇ 8 ਵਜੇ ਵੋਟਿੰਗ ਦੀ ਪ੍ਰਕਿਰਿਆ ਸ਼ੁਰੂ ਹੋਈ, ਜੋ ਸ਼ਾਮ 4 ਵਜੇ ਸ਼ਾਂਤੀਪੂਰਨ ਢੰਗ ਨਾਲ ਮੁਕੰਮਲ ਹੋਈ। ਇਸ ਸਬੰਧੀ ਪੁਲਿਸ ਵੱਲੋਂ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ। ਵੋਟਿੰਗ ਖ਼ਤਮ ਹੁੰਦੇ ਹੀ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਪੋਲਿੰਗ ਸਟੇਸ਼ਨਾਂ ਦੇ ਅੰਦਰ ਹੀ ਵੋਟਾਂ ਦੀ ਗਿਣਤੀ ਵੀ ਕੀਤੀ ਗਈ ਅਤੇ ਇਨ੍ਹਾਂ ਨਗਰ ਕੌਂਸਲਾਂ ਦੇ ਨਤੀਜੇ ਐਲਾਨੇ ਗਏ।

**ਕਾਂਗਰਸ ਨੇ ਗੁਰਦਾਸਪੁਰ ਨਗਰ ਕੌਂਸਲ 'ਤੇ ਕਬਜ਼ਾ ਬਰਕਰਾਰ ਰੱਖਿਆ**

ਗੁਰਦਾਸਪੁਰ ਨਗਰ ਕੌਂਸਲ ਦੇ 29 ਵਾਰਡਾਂ ਲਈ ਹੋਈਆਂ ਚੋਣਾਂ 'ਚ ਕਾਂਗਰਸ ਨੇ ਇਕ ਵਾਰ ਫਿਰ 23 ਵਾਰਡਾਂ 'ਤੇ ਕਬਜ਼ਾ ਕਰਕੇ ਗੁਰਦਾਸਪੁਰ ਨਗਰ ਕੌਂਸਲ 'ਤੇ ਕਬਜ਼ਾ ਬਰਕਰਾਰ ਰੱਖਿਆ। ਪਿਛਲੀਆਂ ਨਗਰ ਕੌਂਸਲ ਚੋਣਾਂ ਵਿਚ, ਕਾਂਗਰਸ ਨੇ ਸਾਰੀਆਂ 29 ਸੀਟਾਂ ਜਿੱਤੀਆਂ ਸਨ। ਆਮ ਆਦਮੀ ਪਾਰਟੀ ਨੇ 5 ਸੀਟਾਂ ਜਿੱਤੀਆਂ ਅਤੇ ਇਕ ਆਜ਼ਾਦ ਉਮੀਦਵਾਰ ਨੂੰ ਜੇਤੂ ਐਲਾਨਿਆ ਗਿਆ। ਭਾਜਪਾ ਨੇ ਇਸ ਚੋਣ ਵਿਚ ਸਾਰੇ 29 ਵਾਰਡਾਂ ਵਿਚ ਉਮੀਦਵਾਰ ਖੜ੍ਹੇ ਕੀਤੇ ਸਨ, ਪਰ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੇ।

ਕਾਦੀਆਂ ਨਗਰ ਕੌਂਸਲ ਦੇ ਕੁੱਲ 15 ਵਾਰਡਾਂ 'ਚ ਵੋਟਾਂ ਪਈਆਂ। ਇਥੋਂ ਆਏ ਚੋਣ ਨਤੀਜਿਆਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਨੂੰ 6 ਸੀਟਾਂ, ਕਾਂਗਰਸ ਨੂੰ 04 ਸੀਟਾਂ, ਭਾਰਤੀ ਜਨਤਾ ਪਾਰਟੀ ਨੂੰ 01 ਸੀਟ, ਆਮ ਆਦਮੀ ਪਾਰਟੀ ਨੂੰ 2 ਸੀਟਾਂ ਅਤੇ 2 ਸੀਟਾਂ ਹੋਰ ਪਾਰਟੀਆਂ ਨੂੰ ਮਿਲੀਆਂ।

ਸ਼ਾਮ ਚੁਰਾਸੀ ਨਗਰ ਕੌਂਸਲ ਦੇ ਕੁੱਲ 9 ਵਾਰਡਾਂ 'ਚ ਵੋਟਾਂ ਪਈਆ। ਇਥੋਂ ਆਏ ਚੋਣ ਨਤੀਜਿਆਂ ਮੁਤਾਬਕ 'ਆਪ' ਨੂੰ 6, ਕਾਂਗਰਸ ਨੂੰ 2, ਆਜ਼ਾਦ ਨੂੰ 1 ਸੀਟ ਮਿਲੀ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਇਥੋਂ ਕੋਈ ਸੀਟ ਨਹੀਂ ਮਿਲੀ।

ਦੀਨਾਨਗਰ ਨਗਰ ਕੌਂਸਲ ਦੇ ਕੁੱਲ੍ਹ 15 ਵਾਰਡਾਂ ਵਿਚ ਵੋਟਾਂ ਪਈਆਂ ਹਨ। 15 ਵਾਰਡਾਂ ਵਿਚੋਂ ਹੁਣ ਤੱਕ 13 ਵਾਰਡਾਂ ਨਤੀਜੇ ਐਲਾਨੇ ਗਏ ਹਨ, ਜਦਕਿ ਵਾਰਡ ਨੰਬਰ-6 ਦੇ ਬੂਥ ਨੰਬਰ 9 ਵਿਚ ਈ.ਵੀ.ਐੱਮ. ਮਸ਼ੀਨ ਵਿਚ ਤਕਨੀਕੀ ਖ਼ਰਾਬੀ ਕਰਕੇ ਨਤੀਜਿਆਂ ਦਾ ਐਲਾਨ ਨਹੀਂ ਹੋ ਸਕਿਆ ਹੈ। ਸਾਹਮਣੇ ਆਏ ਚੋਣ ਨਤੀਜਿਆਂ 'ਚ ਕਾਂਗਰਸ ਨੇ 7 ਸੀਟਾਂ 'ਤੇ ਕਬਜ਼ਾ ਕੀਤਾ ਹੈ, ਜਦਕਿ ਸੱਤਾਧਾਰੀ ਪਾਰਟੀ ਨੇ 6 ਸੀਟਾਂ ਜਿੱਤੀਆਂ ਹਨ। ਭਾਜਪਾ ਦੀ ਝੋਲੀ ਵਿਚ ਇਕ ਸੀਟ ਪਈ ਹੈ। ਉਥੇ ਹੀ ਅਕਾਲੀ ਦਲ ਅਤੇ ਆਜ਼ਾਦ ਉਮੀਦਵਾਰ ਆਪਣੇ ਖ਼ਾਤੇ ਨਹੀਂ ਖੋਲ੍ਹ ਸਕੇ ਹਨ।

# ਜੀ-7 ਸਿਖਰ ਸੰਮੇਲਨ: 16 ਮਹੀਨਿਆਂ ਬਾਅਦ ਪ੍ਰਧਾਨ ਮੰਤਰੀ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਹੋਈ ਮੁਲਾਕਾਤ



**ਨਵੀਂ ਦਿੱਲੀ/ਏਵੀਅਨ, (ਪੰਜਾਬ ਮੇਲ)**- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ-7 ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਮੰਗਲਵਾਰ ਨੂੰ ਫਰਾਂਸ ਦੇ ਏਵੀਅਨ ਪਹੁੰਚੇ। ਇਸ ਦੌਰਾਨ ਗਰੁੱਪ ਆਫ ਸੈਵਨ (ਜੀ-7) ਦੇ ਮੈਂਬਰ ਦੇਸ਼ਾਂ ਦੇ ਮੁਖੀਆਂ ਅਤੇ ਮਹਿਮਾਨ ਦੇਸ਼ਾਂ ਦੇ ਰਾਸ਼ਟਰ ਮੁਖੀਆਂ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਪ੍ਰਧਾਨ ਮੰਤਰੀ ਮੋਦੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਮੁਲਾਕਾਤ ਵੀ ਹੋਈ।

ਮੋਦੀ ਅਤੇ ਟਰੰਪ ਨੇ ਕਰੀਬ 5 ਮਿੰਟ ਤੱਕ ਆਪਸ ਵਿਚ ਗੱਲਬਾਤ ਕੀਤੀ। ਇਸ ਦੌਰਾਨ ਦੋਵੇਂ ਆਗੂ ਇਕੱਠੇ ਬੈਠੇ ਨਜ਼ਰ ਆਏ। ਇਹ 16 ਮਹੀਨਿਆਂ ਬਾਅਦ ਦੋਵਾਂ ਆਗੂਆਂ ਦੀ ਪਹਿਲੀ ਮੁਲਾਕਾਤ ਸੀ। ਇਸ ਤੋਂ ਪਹਿਲਾਂ ਦੋਵਾਂ ਦੀ ਆਖਰੀ ਮੁਲਾਕਾਤ ਫਰਵਰੀ 2025 ਵਿਚ ਵ੍ਹਾਈਟ ਹਾਊਸ ਵਿਚ ਹੋਈ ਸੀ।

ਜਾਣਕਾਰੀ ਅਨੁਸਾਰ ਮੋਦੀ ਅਤੇ ਟਰੰਪ ਟਰੇਡ ਡੀਲ ਸਬੰਧੀ ਵੀ ਗੱਲਬਾਤ ਕਰ ਸਕਦੇ ਹਨ। ਇਸ ਦੌਰਾਨ ਭਾਰਤ-ਅਮਰੀਕਾ ਵਪਾਰ ਸਮਝੌਤੇ, ਟੈਰਿਫ, ਨਿਵੇਸ਼ ਅਤੇ ਦੋਵੇਂ ਦੇਸ਼ਾਂ ਵਿਚਾਲੇ ਰਣਨੀਤਕ ਭਾਈਵਾਲੀ ਨਾਲ ਜੁੜੇ ਕਈ ਅਹਿਮ ਮੁੱਦਿਆਂ 'ਤੇ ਚਰਚਾ ਹੋਣ ਦੀ ਸੰਭਾਵਨਾ ਹੈ। ਦੋਵੇਂ ਦੇਸ਼ਾਂ ਵਿਚਕਾਰ ਲੰਬੇ ਸਮੇਂ ਤੋਂ ਪ੍ਰਸਤਾਵਿਤ ਵਪਾਰ ਸਮਝੌਤੇ ਨੂੰ ਲੈ ਕੇ ਵੀ ਗੱਲਬਾਤ ਹੋ ਸਕਦੀ ਹੈ। ਇਸ ਮੀਟਿੰਗ ਨੂੰ ਭਾਰਤ-ਅਮਰੀਕਾ ਸਬੰਧਾਂ ਲਈ ਅਹਿਮ ਮੰਨਿਆ ਜਾ ਰਿਹਾ ਹੈ, ਕਿਉਂਕਿ ਇਸ ਨਾਲ ਵਪਾਰ ਅਤੇ ਨਿਵੇਸ਼ ਦੇ ਖੇਤਰ ਵਿਚ ਨਵੇਂ ਮੌਕੇ ਖੁੱਲ੍ਹਣ ਦੀ ਉਮੀਦ ਹੈ।

ਇਸ ਤੋਂ ਪਹਿਲਾਂ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ 52ਵੇਂ ਜੀ-7 ਸਿਖਰ ਸੰਮੇਲਨ ਦਾ ਰਸਮੀ ਉਦਘਾਟਨ ਕੀਤਾ ਸੀ। ਇਸ ਸੰਮੇਲਨ ਵਿਚ ਦੁਨੀਆਂ ਦੀਆਂ ਪ੍ਰਮੁੱਖ ਅਰਥਵਿਵਸਥਾਵਾਂ ਦੇ ਨੇਤਾ ਵਿਸ਼ਵ ਪੱਧਰ ਦੇ ਕਈ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰ ਰਹੇ ਹਨ।

# ਦੀਨਾਨਗਰ ਦੇ ਇੱਕ ਵਾਰਡ 'ਚ ਈ.ਵੀ.ਐੱਮ. ਮਸ਼ੀਨ ਹੋਈ ਖਰਾਬ!

**ਦੀਨਾਨਗਰ, (ਪੰਜਾਬ ਮੇਲ)**- ਦੀਨਾਨਗਰ ਵਾਰਡ ਨੰਬਰ-6 ਦੇ ਬੂਥ ਨੰਬਰ 9 'ਚ ਅਚਾਨਕ ਈ.ਵੀ.ਐੱਮ. ਮਸ਼ੀਨ ਵਿਚ ਖ਼ਰਾਬੀ ਹੋਣ ਕਰਕੇ ਵੋਟਾਂ ਦੇ ਨਤੀਜੇ ਨਹੀਂ ਐਲਾਨੇ ਗਏ ਹਨ। ਜਾਣਕਾਰੀ ਅਨੁਸਾਰ ਕੁਝ ਹੀ ਵੋਟਿੰਗ ਹੋਣ ਉਪਰੰਤ ਮਸ਼ੀਨ ਖ਼ਰਾਬ ਹੋ ਗਈ ਸੀ ਪਰ ਪ੍ਰਸ਼ਾਸਨ ਵੱਲੋਂ ਇਥੇ ਇਕ ਨਵੀਂ ਮਸ਼ੀਨ ਲਾ ਦਿੱਤੀ ਗਈ ਸੀ ਅਤੇ ਜਦ ਸ਼ਾਮ ਦੋਨਾਂ ਮਸ਼ੀਨਾਂ ਦੀ ਵੋਟਾਂ ਦੀ ਗਿਣਤੀ ਮਿਲਾਉਣ ਉਪਰੰਤ ਨਤੀਜਾ ਐਲਾਨਿਆ ਜਾਣਾ ਸੀ, ਤਾਂ ਪਹਿਲੀ ਮਸ਼ੀਨ ਦੀ ਡਿਸਪਲੇ ਖ਼ਰਾਬ ਹੋਣ ਕਰਕੇ ਵੋਟਾਂ ਦੀ ਗਿਣਤੀ ਨਹੀਂ ਮਿਲੀ, ਜਿਸ ਕਾਰਨ ਪ੍ਰਸ਼ਾਸਨ ਵੱਲੋਂ ਬਿਨਾਂ ਗਿਣਤੀ ਕੀਤੇ ਮਸ਼ੀਨਾਂ ਲੈ ਕੇ ਗੁਰਦਾਸਪੁਰ ਵਿਖੇ ਚਲਦੇ ਬਣੇ।

ਇਸ ਉਪਰੰਤ ਆਜ਼ਾਦ ਤੌਰ 'ਤੇ ਚੋਣ ਲੜ ਰਹੇ ਉਮੀਦਵਾਰ ਸੀਮਾ ਦੇਵੀ ਦੇ ਪਤੀ ਵਿਜੇ ਕੁਮਾਰ ਨੇ ਦੱਸਿਆ ਕਿ ਸਵੇਰ ਤੋਂ ਹੀ ਮਸ਼ੀਨ ਖ਼ਰਾਬ ਕਰ ਰਹੀ ਸੀ ਪਰ ਹੁਣ ਦੋਬਾਰਾ ਟੈਕਨੀਕਲ ਖ਼ਰਾਬੀ ਪੈਣ ਕਰਕੇ ਇਸ ਬੂਥ ਦੇ ਨਤੀਜੇ ਨਹੀਂ ਐਲਾਨੇ ਗਏ ਅਤੇ ਦੋਬਾਰਾ ਵੋਟਾਂ ਪੈਣ ਦਾ ਭਰੋਸਾ ਦੇ ਕੇ ਪ੍ਰਸ਼ਾਸਨ ਇਥੋਂ ਮਸ਼ੀਨਾਂ ਲੈ ਕੇ ਚਲੇ ਗਏ ਹਨ। ਆਉਣ ਵਾਲੇ ਦਿਨਾਂ ਵਿਚ ਵੇਖਣਾ ਹੋਵੇਗਾ ਕਿ ਮੁੜ ਇਸ ਬੂਥ ਵਿਚ ਦੋਬਾਰਾ ਕਦੋਂ ਵੋਟਿੰਗ ਹੁੰਦੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute, Pepperdine University; Faculty member of Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
www.singhadr.com
Mediation - ◇ Save Money ◇ Save Time ◇ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਟਰੰਪ ਦੀ ਨਵੀਂ ਵੋਟਰ ਸੂਚੀ ਮੰਗ ਨਾਲ ਮੇਲ-ਇਨ ਵੋਟਿੰਗ ਖਤਰੇ ਵਿਚ !

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ 2026 ਦੀਆਂ ਮਿਡਟਰਮ ਚੋਣਾਂ ਤੋਂ ਪਹਿਲਾਂ ਵੋਟਿੰਗ ਪ੍ਰਣਾਲੀ ਨੂੰ ਲੈ ਕੇ ਇੱਕ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਰਿਪੋਰਟਾਂ ਮੁਤਾਬਕ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਸੂਬਿਆਂ ਤੋਂ ਵੋਟਰਾਂ ਦੀਆਂ ਵਿਸਥਾਰਤ ਸੂਚੀਆਂ ਮੰਗ ਰਿਹਾ ਹੈ ਅਤੇ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਜੇ ਸੂਬੇ ਇਹ ਜਾਣਕਾਰੀ ਨਹੀਂ ਦਿੰਦੇ, ਤਾਂ ਉਨ੍ਹਾਂ ਦੀ ਮੇਲ-ਇਨ ਬੈਲਟ ਡਿਲੀਵਰੀ ਪ੍ਰਕਿਰਿਆ ਪ੍ਰਭਾਵਿਤ ਹੋ ਸਕਦੀ ਹੈ। ਇਸ ਮਾਮਲੇ ਨੇ ਦੇਸ਼ ਭਰ ਵਿਚ ਚੋਣੀ ਪ੍ਰਕਿਰਿਆ ਅਤੇ ਵੋਟਰਾਂ ਦੇ ਅਧਿਕਾਰਾਂ ਬਾਰੇ ਵੱਡੀ ਚਰਚਾ ਛੇੜ ਦਿੱਤੀ ਹੈ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਦਮ ਅਮਰੀਕੀ ਚੋਣਾਂ ਦੀ ਸੁਰੱਖਿਆ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਚੁੱਕਿਆ ਜਾ ਰਿਹਾ ਹੈ। ਪ੍ਰਸ਼ਾਸਨ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਵੋਟਰ ਰਿਕਾਰਡਾਂ ਦੀ ਜਾਂਚ ਅਤੇ ਨਾਗਰਿਕਤਾ ਦੀ ਪੁਸ਼ਟੀ ਚੋਣੀ ਪ੍ਰਣਾਲੀ ਵਿਚ ਭਰੋਸਾ ਵਧਾਉਣ ਲਈ ਜ਼ਰੂਰੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਰਾਸ਼ਟਰਪਤੀ ਦੇ ਚੋਣ ਸੁਰੱਖਿਆ ਏਜੰਡੇ ਨੂੰ ਕਾਨੂੰਨੀ ਤਰੀਕੇ ਨਾਲ ਅੱਗੇ ਵਧਾਉਂਦੀ ਰਹੇਗੀ।

ਦੂਜੇ ਪਾਸੇ ਕਈ ਸੂਬੇ ਇਸ ਨੂੰ

## ■ ਕਈ ਸੂਬਿਆਂ ਨੇ ਸ਼ੁਰੂ ਕੀਤੀ ਕਾਨੂੰਨੀ ਲੜਾਈ

ਸੰਘੀ ਸਰਕਾਰ ਵੱਲੋਂ ਚੋਣ ਪ੍ਰਕਿਰਿਆ ਵਿਚ ਬੇਵਜ੍ਹਾ ਦਖ਼ਲਅੰਦਾਜ਼ੀ ਵਜੋਂ ਦੇਖ ਰਹੇ ਹਨ। ਹੁਣ ਤੱਕ ਘੱਟੋ-ਘੱਟ 23 ਸੂਬਿਆਂ, ਡਿਸਟ੍ਰਿਕਟ ਆਫ ਕੋਲੰਬੀਆ, ਡੈਮੋਕ੍ਰੈਟਿਕ ਪਾਰਟੀ ਦੇ ਆਗੂਆਂ ਅਤੇ ਕਈ ਵੋਟਰ ਅਧਿਕਾਰ ਸੰਸਥਾਵਾਂ ਨੇ ਟਰੰਪ ਪ੍ਰਸ਼ਾਸਨ ਖ਼ਿਲਾਫ਼ ਮੁਕੱਦਮੇ ਦਾਇਰ ਕੀਤੇ ਹਨ। ਉਨ੍ਹਾਂ ਦਾ ਦਲੀਲ ਹੈ ਕਿ ਸੰਵਿਧਾਨ ਅਨੁਸਾਰ ਚੋਣਾਂ ਦੇ ਪ੍ਰਬੰਧ ਦੀ ਮੁੱਖ ਜ਼ਿੰਮੇਵਾਰੀ ਸੂਬਿਆਂ ਦੀ ਹੁੰਦੀ ਹੈ ਅਤੇ ਵਾਸ਼ਿੰਗਟਨ ਇਸ ਉੱਤੇ ਨਵੇਂ ਨਿਯਮ ਨਹੀਂ ਥੋਪ ਸਕਦਾ।

ਹਾਲਾਂਕਿ ਪਿਛਲੇ ਮਹੀਨੇ ਵਾਸ਼ਿੰਗਟਨ ਡੀ.ਸੀ. ਦੀ ਇੱਕ ਫੈਡਰਲ ਅਦਾਲਤ ਨੇ ਟਰੰਪ ਦੇ ਐਗਜ਼ੈਕਟਿਵ ਆਰਡਰ ਨੂੰ ਤੁਰੰਤ ਰੋਕਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਕਾਰਨ ਪ੍ਰਸ਼ਾਸਨ ਨੂੰ ਆਪਣੀਆਂ ਯੋਜਨਾਵਾਂ ਉੱਤੇ ਕੰਮ ਜਾਰੀ ਰੱਖਣ ਦਾ ਮੌਕਾ ਮਿਲਿਆ ਹੈ। ਇਸੇ ਦੌਰਾਨ, ਡੈਮੋਕ੍ਰੈਟਿਕ ਪਾਰਟੀ ਅਤੇ ਵੋਟਰ ਅਧਿਕਾਰ ਗਰੁੱਪ ਅਪੀਲੀ ਅਦਾਲਤ ਤੋਂ ਜਲਦੀ ਸੁਣਵਾਈ ਦੀ ਮੰਗ ਕਰ ਰਹੇ ਹਨ, ਤਾਂ ਜੋ ਨਵੰਬਰ ਦੀਆਂ ਚੋਣਾਂ ਤੋਂ ਪਹਿਲਾਂ ਕੋਈ ਅੰਤਿਮ ਫ਼ੈਸਲਾ ਆ ਸਕੇ।

ਸ਼ੈਨਾ ਬੈਲੋਜ਼, ਜੋ ਕਿ ਮੇਨ ਸੂਬੇ ਦੀ ਸਕੱਤਰ ਆਫ ਸਟੇਟ ਹਨ, ਨੇ ਚੇਤਾਵਨੀ ਦਿੱਤੀ ਹੈ ਕਿ ਜੇ ਅਦਾਲਤਾਂ ਨੇ ਦਖ਼ਲ ਨਾ ਦਿੱਤਾ ਤਾਂ ਅਮਰੀਕਾ ਵਿਚ ਮੇਲ-ਇਨ ਵੋਟਿੰਗ ਉੱਤੇ ਵੱਡਾ ਅਸਰ ਪੈ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੂਬਿਆਂ ਨੂੰ ਵੋਟਰ ਸੂਚੀਆਂ ਸੌਂਪਣ ਲਈ ਮਜਬੂਰ ਕਰਨ ਨਾਲ ਡਾਕ ਰਾਹੀਂ ਵੋਟਿੰਗ ਦੀ ਪ੍ਰਣਾਲੀ ਲਗਭਗ ਖ਼ਤਮ ਹੋ ਸਕਦੀ ਹੈ।

ਇਸ ਵਿਵਾਦ ਦਾ ਇੱਕ ਹੋਰ ਮਹੱਤਵਪੂਰਨ ਪੱਖ 'ਸੇਵ ਐਕਟ' ਹੈ, ਜਿਸ ਨੂੰ ਟਰੰਪ ਅਤੇ ਉਨ੍ਹਾਂ ਦੇ ਸਮਰਥਕ ਅੱਗੇ ਵਧਾ ਰਹੇ ਹਨ। ਇਸ ਕਾਨੂੰਨ ਤਹਿਤ ਵੋਟਰ ਰਜਿਸਟ੍ਰੇਸ਼ਨ ਲਈ ਨਾਗਰਿਕਤਾ ਦੇ ਵਾਧੂ ਸਬੂਤ ਪੇਸ਼ ਕਰਨ ਦੀ ਲੋੜ ਹੋਵੇਗੀ। ਸਮਰਥਕਾਂ ਦਾ ਕਹਿਣਾ ਹੈ ਕਿ ਇਸ ਨਾਲ ਗੈਰ-ਯੋਗ ਵਿਅਕਤੀਆਂ ਨੂੰ ਵੋਟ ਪਾਉਣ ਤੋਂ ਰੋਕਿਆ ਜਾ ਸਕੇਗਾ, ਜਦਕਿ ਵਿਰੋਧੀਆਂ ਦਾ ਦਲੀਲ ਹੈ ਕਿ ਇਸ ਨਾਲ ਕਈ ਯੋਗ ਵੋਟਰਾਂ ਲਈ ਵੋਟ ਪਾਉਣਾ ਔਖਾ ਹੋ ਸਕਦਾ ਹੈ।

2020 ਤੋਂ ਬਾਅਦ ਮੇਲ-ਇਨ ਵੋਟਿੰਗ ਅਮਰੀਕੀ ਰਾਜਨੀਤੀ ਦਾ ਇੱਕ ਵੱਡਾ ਮੁੱਦਾ ਬਣ ਚੁੱਕੀ ਹੈ। ਕੋਵਿਡ ਮਹਾਮਾਰੀ ਦੌਰਾਨ ਲੱਖਾਂ ਲੋਕਾਂ ਨੇ ਡਾਕ ਰਾਹੀਂ ਵੋਟ ਪਾਈ ਸੀ ਅਤੇ ਉਸ ਤੋਂ ਬਾਅਦ ਇਸ ਪ੍ਰਣਾਲੀ ਨੂੰ ਲੈ ਕੇ ਲਗਾਤਾਰ ਰਾਜਨੀਤਿਕ ਅਤੇ ਕਾਨੂੰਨੀ ਬਹਿਸ ਜਾਰੀ ਹੈ। ਹੁਣ 2026 ਦੀਆਂ ਮਿਡਟਰਮ ਚੋਣਾਂ ਤੋਂ ਪਹਿਲਾਂ ਇਹ ਨਵਾਂ ਵਿਵਾਦ ਅਮਰੀਕੀ ਚੋਣ ਪ੍ਰਣਾਲੀ ਦੇ ਭਵਿੱਖ ਬਾਰੇ ਇੱਕ ਹੋਰ ਵੱਡਾ ਸਵਾਲ ਖੜ੍ਹਾ ਕਰ ਰਿਹਾ ਹੈ।

ਫਿਲਹਾਲ ਮਾਮਲਾ ਅਦਾਲਤਾਂ ਵਿਚ ਹੈ ਅਤੇ ਅੰਤਿਮ ਨਤੀਜਾ ਆਉਣਾ ਬਾਕੀ ਹੈ। ਪਰ ਇਹ ਸਪੱਸ਼ਟ ਹੈ ਕਿ ਵੋਟਰ ਸੂਚੀਆਂ, ਮੇਲ-ਇਨ ਬੈਲਟਾਂ ਅਤੇ ਚੋਣ ਸੁਰੱਖਿਆ ਨੂੰ ਲੈ ਕੇ ਟਕਰਾਅ ਆਉਣ ਵਾਲੇ ਮਹੀਨਿਆਂ ਵਿਚ ਅਮਰੀਕੀ ਰਾਜਨੀਤੀ ਦਾ ਇੱਕ ਪ੍ਰਮੁੱਖ ਵਿਸ਼ਾ ਬਣਿਆ ਰਹੇਗਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

MATRIMONIAL

Jatt Sikh, Chatha, Age 33yrs, height 6'-1",
American born boy, Fully family values known,
Gursikh Lawyer boy, working in Los Angeles
county as Lawyer supervisor, looking for an
educated & beautiful girl in California.
for more information Contact at : 818-645-9810
895

# ਅਮਰੀਕੀ ਅਦਾਲਤ ਵੱਲੋਂ ਟਰੰਪ ਸਰਕਾਰ ਦੀ 100,000 ਡਾਲਰ ਦੀ ਐੱਚ-1ਬੀ ਵੀਜ਼ਾ ਫੀਸ ਮੁੜ ਬਹਾਲ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਨੌਕਰੀ ਕਰਨ ਦਾ ਸੁਪਨਾ ਦੇਖ ਰਹੇ ਭਾਰਤੀਆਂ, ਖਾਸ ਕਰਕੇ ਪੰਜਾਬੀ ਆਈ.ਟੀ. ਪੇਸ਼ੇਵਰਾਂ ਲਈ ਇੱਕ ਬੇਹੱਦ ਨਿਰਾਸ਼ਾਜਨਕ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਅਦਾਲਤ ਨੇ ਵਿਵਾਦਤ 100,000 ਡਾਲਰ (ਕਰੀਬ 83 ਲੱਖ ਰੁਪਏ) ਦੀ ਐੱਚ-1ਬੀ ਵੀਜ਼ਾ ਫੀਸ ਨੂੰ ਅਸਥਾਈ ਤੌਰ 'ਤੇ ਮੁੜ ਬਹਾਲ ਕਰ ਦਿੱਤਾ ਹੈ। ਇਹ ਫੈਸਲਾ ਮੈਸੇਚਿਉਸੇਟਸ ਦੀ ਇੱਕ ਫੈਡਰਲ ਜ਼ਿਲ੍ਹਾ ਅਦਾਲਤ ਵੱਲੋਂ ਸੁਣਾਇਆ ਗਿਆ, ਜਿਸ ਨਾਲ ਵੀਜ਼ਾ ਪ੍ਰਕਿਰਿਆ 'ਚ ਮੁੜ ਅਨਿਸ਼ਚਿਤਤਾ ਪੈਦਾ ਹੋ ਗਈ ਹੈ।

ਜ਼ਿਕਰਯੋਗ ਹੈ ਕਿ ਸਿਰਫ਼ ਕੁਝ ਦਿਨ ਪਹਿਲਾਂ 8 ਜੂਨ ਨੂੰ ਅਦਾਲਤ ਨੇ ਇਸ ਭਾਰੀ ਫੀਸ ਨੂੰ ਗੈਰ-ਕਾਨੂੰਨੀ ਦੱਸਦਿਆਂ ਰੱਦ ਕਰ ਦਿੱਤਾ ਸੀ। ਅਦਾਲਤ ਨੇ ਕਿਹਾ ਸੀ ਕਿ ਇਹ ਫੀਸ ਅਸਲ ਵਿਚ ਇੱਕ 'ਟੈਕਸ' ਵਾਂਗ ਹੈ, ਜਿਸ ਨੂੰ ਬਿਨਾਂ ਕਿਸੇ ਉਚਿਤ ਕਾਨੂੰਨੀ ਅਧਿਕਾਰ ਦੇ ਥੋਪਿਆ ਗਿਆ ਹੈ। ਪਰ ਹੁਣ ਅਮਰੀਕੀ ਸਰਕਾਰ ਦੀ ਅਪੀਲ ਤੋਂ ਬਾਅਦ ਅਦਾਲਤ ਨੇ ਆਪਣੇ ਪੁਰਾਣੇ ਫੈਸਲੇ 'ਤੇ ਰੋਕ ਲਗਾਉਂਦਿਆਂ ਯੂ.ਐੱਸ.ਸੀ.ਆਈ.ਐੱਸ. ਨੂੰ ਇਹ ਫੀਸ ਦੁਬਾਰਾ ਵਸੂਲਣ ਦੀ ਇਜਾਜ਼ਤ ਦੇ ਦਿੱਤੀ ਹੈ।

ਇਹ ਭਾਰੀ ਫੀਸ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਜਾਰੀ ਕੀਤੇ ਗਏ ਇੱਕ ਰਾਸ਼ਟਰਪਤੀ ਘੋਸ਼ਣਾ ਦੇ ਤਹਿਤ ਲਾਗੂ ਕੀਤੀ ਗਈ ਸੀ। ਇਸ ਦਾ ਮਕਸਦ ਕੁਝ ਖ਼ਾਸ ਸ਼੍ਰੇਣੀਆਂ ਦੇ ਐੱਚ-1ਬੀ ਵੀਜ਼ਾ ਬਿਨੈਕਾਰਾਂ ਤੋਂ ਮੋਟੀ ਰਕਮ ਵਸੂਲਣਾ ਸੀ।

# 7 ਲੱਖ ਡਾਲਰ ਦੇ ਸੋਨੇ ਦੀ ਥਾਂ ਠੱਗ ਨੂੰ ਮਿਲੇ ਚਾਕਲੇਟ ਦੇ ਸਿੱਕੇ !

**ਮਿਸ਼ੀਗਨ, (ਪੰਜਾਬ ਮੇਲ)-** ਅਮਰੀਕਾ ਵਿਚ ਇੱਕ ਹੈਰਾਨੀਜਨਕ ਅਤੇ ਦਿਲਚਸਪ ਠੱਗੀ ਦੇ ਮਾਮਲੇ ਦਾ ਪਰਦਾਫਾਸ਼ ਹੋਇਆ ਹੈ, ਜਿੱਥੇ ਇੱਕ 79 ਸਾਲਾ ਬਜ਼ੁਰਗ ਵਿਧਵਾ ਔਰਤ ਨੂੰ ਠੱਗਾਂ ਨੇ ਇਹ ਵਿਸ਼ਵਾਸ ਦਿਵਾ ਦਿੱਤਾ ਕਿ ਉਸਦਾ ਸੋਸ਼ਲ ਸਕਿਓਰਿਟੀ ਨੰਬਰ ਅੱਤਵਾਦੀ ਗਤੀਵਿਧੀਆਂ ਅਤੇ ਮਨੀ ਲਾਂਡਰਿੰਗ ਨਾਲ ਜੁੜ ਗਿਆ ਹੈ। ਠੱਗਾਂ ਨੇ ਉਸ ਨੂੰ ਕਿਹਾ ਕਿ ਆਪਣੀ ਜ਼ਿੰਦਗੀ ਭਰ ਦੀ ਬਚਤ ਬਚਾਉਣ ਲਈ ਉਹ ਲਗਭਗ 7 ਲੱਖ ਡਾਲਰ ਦਾ ਸੋਨਾ ਖਰੀਦ ਕੇ ਉਨ੍ਹਾਂ ਦੇ ਹਵਾਲੇ ਕਰ ਦੇਵੇ। ਪਰ ਇੱਕ ਸਚੇਤ ਕਾਰੋਬਾਰੀ ਅਤੇ ਪੁਲਿਸ ਦੀ ਤੇਜ਼ ਕਾਰਵਾਈ ਕਾਰਨ ਇਹ ਸਾਜ਼ਿਸ਼ ਨਾਕਾਮ ਹੋ ਗਈ।

ਪੁਲਿਸ ਮੁਤਾਬਕ ਬਜ਼ੁਰਗ ਔਰਤ ਨੂੰ ਫੋਨ ਕਰਨ ਵਾਲਿਆਂ ਨੇ ਆਪਣੇ ਆਪ ਨੂੰ ਸਰਕਾਰੀ ਅਧਿਕਾਰੀ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਨੁਮਾਇੰਦੇ ਦੱਸਿਆ। ਉਨ੍ਹਾਂ ਨੇ ਔਰਤ ਨੂੰ ਡਰਾਇਆ ਕਿ ਉਸਦੇ ਬੈਂਕ ਖਾਤੇ ਖਤਰੇ ਵਿਚ ਹਨ ਅਤੇ ਉਸਦੀ ਰਕਮ ਗੈਰਕਾਨੂੰਨੀ ਗਤੀਵਿਧੀਆਂ ਲਈ ਵਰਤੀ ਜਾ ਰਹੀ ਹੈ। ਠੱਗਾਂ ਨੇ ਕਿਹਾ ਕਿ ਜੇ ਉਹ ਤੁਰੰਤ ਕਾਰਵਾਈ ਨਾ ਕਰੇ, ਤਾਂ ਉਸਦੀ ਸਾਰੀ ਬਚਤ ਜ਼ਬਤ ਹੋ ਸਕਦੀ ਹੈ।

## ■ ਪੁਲਿਸ ਨੇ ਰਚਿਆ ਦਿਲਚਸਪ ਜਾਲ

ਡਰ ਅਤੇ ਘਬਰਾਹਟ ਵਿਚ ਆਈ ਔਰਤ ਨੂੰ ਮਿਸ਼ੀਗਨ ਦੇ ਰਾਕਫੋਰਡ ਸ਼ਹਿਰ ਵਿਚ ਇੱਕ ਸਿੱਕਿਆਂ ਅਤੇ ਸੋਨੇ ਦੀ ਦੁਕਾਨ ਤੋਂ 145 ਇੱਕ-ਔਂਸ ਅਮਰੀਕੀ ਗੋਲਡ ਈਗਲ ਸੋਨੇ ਦੇ ਸਿੱਕੇ ਖਰੀਦਣ ਲਈ ਕਿਹਾ ਗਿਆ। ਇਹ ਖਰੀਦ ਲਗਭਗ 700,000 ਡਾਲਰ ਦੀ ਸੀ। ਪਰ ਦੁਕਾਨ ਦੇ ਮਾਲਕ ਬੇਨ ਸੋਲਦਾਤ ਨੂੰ ਮਾਮਲਾ ਸ਼ੱਕੀ ਲੱਗਾ। ਉਨ੍ਹਾਂ ਨੇ ਦੇਖਿਆ ਕਿ ਔਰਤ ਨੂੰ ਸੋਨੇ ਬਾਰੇ ਕੋਈ ਖਾਸ ਜਾਣਕਾਰੀ ਨਹੀਂ ਸੀ, ਉਹ ਘਬਰਾਈ ਹੋਈ ਸੀ ਅਤੇ ਵਾਰ-ਵਾਰ ਇੱਕੋ ਸਵਾਲ ਪੁੱਛ ਰਹੀ ਸੀ। ਉਸ ਨੇ ਕਿਹਾ ਕਿ ਉਹ ਆਪਣੇ ਬੱਚਿਆਂ ਲਈ ਨਿਵੇਸ਼ ਕਰਨਾ ਚਾਹੁੰਦੀ ਹੈ, ਪਰ ਮਾਲਕ ਨੂੰ ਉਸਦੀ ਗੱਲ ਵਿਚ ਕਈ ਗੜਬੜਾਂ ਨਜ਼ਰ ਆਈਆਂ।

ਦੁਕਾਨਦਾਰ ਨੇ ਸੋਨਾ ਵੇਚਣ ਦੀ ਬਜਾਏ ਤੁਰੰਤ ਕੈਂਟ ਕਾਊਂਟੀ ਸ਼ੈਰਿਫ ਆਫਿਸ ਨਾਲ ਸੰਪਰਕ ਕੀਤਾ। ਪੁਲਿਸ ਨੇ ਜਾਂਚ ਸ਼ੁਰੂ ਕੀਤੀ ਅਤੇ ਪਤਾ ਲੱਗਿਆ ਕਿ ਇੱਕ ਵਿਅਕਤੀ ਇਲਿਨੋਇਸ ਤੋਂ ਮਿਸ਼ੀਗਨ ਆ ਰਿਹਾ ਹੈ, ਜੋ ਕਥਿਤ ਤੌਰ 'ਤੇ ਸੋਨੇ ਦੀ ਡਿਲੀਵਰੀ ਲੈਣ ਵਾਲਾ ਸੀ।

# ਕੈਲੀਫੋਰਨੀਆ 'ਚ ਯੂ.ਐੱਸ. ਏਅਰਫੋਰਸ ਬੇਸ 'ਤੇ ਬੀ-52 ਬੰਬਾਰ ਕ੍ਰੈਸ਼; 8 ਲੋਕਾਂ ਦੀ ਮੌਤ

**ਕੈਲੀਫੋਰਨੀਆ, (ਪੰਜਾਬ ਮੇਲ)-** ਦੱਖਣੀ ਕੈਲੀਫੋਰਨੀਆ ਦੇ ਮੋਜਾਵੇ ਮਾਰੂਥਲ ਵਿਚ ਅਮਰੀਕੀ ਹਵਾਈ ਸੈਨਾ ਅੱਡੇ 'ਤੇ ਇੱਕ ਬੀ-52 ਬੰਬਾਰ ਜਹਾਜ਼ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿਚ ਜਹਾਜ਼ ਵਿਚ ਸਵਾਰ ਸਾਰੇ 8 ਲੋਕਾਂ ਦੀ ਮੌਤ ਹੋ ਗਈ ਹੈ। ਲਾਸ ਏਂਜਲਸ ਦੇ ਉੱਤਰ ਵਿਚ ਸਥਿਤ ਐਡਵਰਡਸ ਏਅਰਫੋਰਸ ਬੇਸ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਕਿ ਸ਼ੁਰੂਆਤੀ ਸੰਕੇਤਾਂ ਤੋਂ ਪਤਾ ਲੱਗਦਾ ਹੈ ਕਿ ਕੋਈ ਵੀ ਬਚਿਆ ਨਹੀਂ ਹੈ। ਅਧਿਕਾਰੀਆਂ ਨੇ ਕਿਹਾ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਚਾਲਕ ਦਲ ਬਾਰੇ ਅਜੇ ਤੱਕ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ ਅਤੇ ਹਵਾਈ ਫੁਟੇਜ ਵਿਚ ਜਹਾਜ਼ ਦੇ ਕੋਈ ਪਛਾਣਨਯੋਗ ਅਵਸ਼ੇਸ਼ ਨਹੀਂ ਦਿਖਾਏ ਗਏ ਹਨ। ਸੋਮਵਾਰ ਸਵੇਰੇ 11:20 ਵਜੇ ਦੇ ਕਰੀਬ ਜਹਾਜ਼ ਦੇ ਡਿੱਗਣ ਤੋਂ ਬਾਅਦ ਐਮਰਜੈਂਸੀ ਟੀਮਾਂ ਮੌਕੇ 'ਤੇ ਪਹੁੰਚੀਆਂ। ਐਡਵਰਡਸ ਏਅਰਫੋਰਸ ਬੇਸ ਦੇ ਰਨਵੇ ਵਰਗੇ ਖੇਤਰ ਦੇ ਨੇੜੇ ਮਾਰੂਥਲ ਦਾ ਇੱਕ ਵੱਡਾ ਹਿੱਸਾ ਕਾਲਾ ਹੋ ਗਿਆ ਸੀ, ਜਿਸ ਨਾਲ ਸਾਈਟ ਤੋਂ ਹਨੇਰਾ

## ■ ਪੁਲਿਸ ਨੇ ਰਚਿਆ ਦਿਲਚਸਪ ਜਾਲ

ਧੂੰਆਂ ਉੱਠ ਰਿਹਾ ਸੀ। ਐਮਰਜੈਂਸੀ ਵਾਹਨ ਨੇੜੇ ਮੌਜੂਦ ਸਨ। ਫੌਜ ਨੇ ਇਹ ਖੁਲਾਸਾ ਨਹੀਂ ਕੀਤਾ ਹੈ ਕਿ ਕੀ ਬੰਬਾਰ ਹਥਿਆਰ ਲੈ ਕੇ ਜਾ ਰਿਹਾ ਸੀ।

ਬੋਇੰਗ ਬੀ-52 ਸਟ੍ਰੈਟੋਫੋਰਟਰੈਸ ਇੱਕ ਲੰਬੀ ਦੂਰੀ ਦਾ ਬੰਬਾਰ ਹੈ, ਜੋ 1955 ਵਿਚ ਸੇਵਾ ਵਿਚ ਆਇਆ ਸੀ। ਰਵਾਇਤੀ ਅਤੇ ਪ੍ਰਮਾਣੂ ਹਥਿਆਰਾਂ ਦੋਵਾਂ ਨੂੰ ਲਿਜਾਣ ਲਈ ਤਿਆਰ ਕੀਤਾ ਗਿਆ ਹੈ, ਇਸਦੀ ਵਰਤੋਂ ਵੀਅਤਨਾਮ ਤੋਂ ਈਰਾਨ ਤੱਕ ਦੇ ਅਮਰੀਕੀ ਫੌਜੀ ਸੰਘਰਸ਼ਾਂ ਵਿਚ ਕੀਤੀ ਗਈ ਹੈ। ਏਅਰਫੀਲਡ ਸੋਮਵਾਰ ਦੁਪਹਿਰ ਤੱਕ ਬੰਦ ਰਿਹਾ, ਅਤੇ ਆਉਣ ਵਾਲੀਆਂ ਸਾਰੀਆਂ ਉਡਾਣਾਂ ਨੂੰ ਮੋੜ ਦਿੱਤਾ ਗਿਆ।

ਇਹ ਤੱਥ ਕਿ ਬੀ-52 ਟੇਕਆਫ ਤੋਂ ਤੁਰੰਤ ਬਾਅਦ ਕਰੈਸ਼ ਹੋ ਗਿਆ, ਮਹੱਤਵਪੂਰਨ ਉਚਾਈ ਜਾਂ ਦੂਰੀ ਪ੍ਰਾਪਤ ਕੀਤੇ ਬਿਨਾਂ ਹੀ। ਹਵਾਬਾਜ਼ੀ ਸੁਰੱਖਿਆ ਮਾਹਰ ਜੈਫ ਗੁਜ਼ੇਟੀ ਨੂੰ ਇੱਕ ਸੰਭਾਵਿਤ ਉਡਾਣ ਨਿਯੰਤਰਣ ਖਰਾਬੀ ਦਾ ਸ਼ੱਕ ਹੈ। ਹਾਲਾਂਕਿ, ਨਿਯੰਤਰਣ ਮੁੱਦੇ ਦੇ ਖਾਸ

RESIDENTIAL, COMMERCIAL
AND SOLAR FARMS
with Singhsloar High performance Bifacial Smart Panels
ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ
ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ
ਸਿਰਫ਼ ਇਕ ਕਾਲ - ਵੱਡੀ ਬੱਚਤ
510-706-1300
singhsolarusa@gmail.com

# ਆਸਟ੍ਰੇਲੀਆ ’ਚ ਅਸਥਾਈ ਪ੍ਰਵਾਸੀਆਂ ਦੀ ਗਿਣਤੀ ’ਚ ਹੋਇਆ ਰਿਕਾਰਡ ਵਾਧਾ

**ਮੈਲਬੌਰਨ, (ਪੰਜਾਬ ਮੇਲ)-** ਆਸਟ੍ਰੇਲੀਆ ’ਚ ਅੰਤਰਿਮ ਵੀਜ਼ਾ (ਬ੍ਰਿਜਿੰਗ ਵੀਜ਼ਾ) ਰੱਖਣ ਵਾਲੇ ਅਸਥਾਈ ਪ੍ਰਵਾਸੀਆਂ ਦੀ ਗਿਣਤੀ ਇਤਿਹਾਸਕ ਪੱਧਰ ’ਤੇ ਪਹੁੰਚ ਗਈ ਹੈ, ਜਿਸ ਨਾਲ ਦੇਸ਼ ਦੀ ਇਮੀਗ੍ਰੇਸ਼ਨ ਪ੍ਰਣਾਲੀ, ਵੀਜ਼ਾ ਅਰਜ਼ੀਆਂ ਦੇ ਨਿਪਟਾਰੇ ਲਈ ਲੱਗ ਰਿਹਾ ਸਮਾਂ ਅਤੇ ਨੀਤੀ ਪ੍ਰਬੰਧਾਂ ’ਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਗ੍ਰਹਿ ਮਾਮਲਿਆਂ ਦੇ ਵਿਭਾਗ ਦੇ ਤਾਜ਼ਾ ਅੰਕੜਿਆਂ ਮੁਤਾਬਕ, 31 ਮਾਰਚ 2026 ਤੱਕ 4,32,300 ਲੋਕ ਅੰਤਰਿਮ ਵੀਜ਼ਾ ’ਤੇ ਰਹਿ ਰਹੇ ਸਨ, ਜੋ ਕਿ ਆਸਟ੍ਰੇਲੀਆ ਦੇ ਇਤਿਹਾਸ ਵਿਚ ਸਭ ਤੋਂ ਵੱਧ ਗਿਣਤੀ ਹੈ। ਅਪ੍ਰੈਲ ਵਿਚ ਇਹ ਅੰਕੜਾ ਥੋੜ੍ਹਾ ਘੱਟ ਕੇ 4,19,682 ਰਿਹਾ, ਪਰ ਫਿਰ ਵੀ ਇਹ ਪੱਧਰ ਚਿੰਤਾਜਨਕ ਮੰਨਿਆ ਜਾ ਰਿਹਾ ਹੈ।




ਅੰਤਰਿਮ ਵੀਜ਼ਾ ਉਨ੍ਹਾਂ ਲੋਕਾਂ ਨੂੰ ਜਾਰੀ ਕੀਤਾ ਜਾਂਦਾ ਹੈ, ਜਿਨ੍ਹਾਂ ਦੀ ਮੁੱਖ ਵੀਜ਼ਾ ਅਰਜ਼ੀ ਦੀ ਜਾਂਚ ਜਾਰੀ ਹੁੰਦੀ ਹੈ ਜਾਂ ਜਿਨ੍ਹਾਂ ਦੇ ਪੁਰਾਣੇ ਵੀਜ਼ਾ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਉਨ੍ਹਾਂ ਦੀ ਨਵੀਂ ਅਰਜ਼ੀ ਪ੍ਰਕਿਰਿਆ ਵਿਚ ਹੁੰਦੀ ਹੈ। ਵਧਦੀ ਗਿਣਤੀ ਦਰਸਾਉਂਦੀ ਹੈ ਕਿ ਵੀਜ਼ਾ ਅਰਜ਼ੀਆਂ ਦੀ ਕਾਰਵਾਈ ਸਮੇਂ ਸਿਰ ਪੂਰੀ ਨਹੀਂ ਹੋ ਰਹੀ ਅਤੇ ਬਕਾਇਆ ਅਰਜ਼ੀਆਂ ਲਗਾਤਾਰ ਵਧ ਰਹੀਆਂ ਹਨ।

ਇਹ ਅੰਕੜੇ ਇੱਕ ਵਾਰ ਫਿਰ ਸੁਸਤ ਮਾਈਗ੍ਰੇਸ਼ਨ ਪ੍ਰਬੰਧਾਂ ਅਤੇ ਵੀਜ਼ਾ ਪ੍ਰੋਸੈਸਿੰਗ ਦੀ ਹੌਲੀ ਗਤੀ ਨੂੰ ਚਰਚਾ ਦੇ ਕੇਂਦਰ ਵਿਚ ਲੈ ਆਏ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਵਧ ਰਹੀਆਂ ਦੇਰੀਆਂ ਕਾਰਨ ਲੋਕ ਲੰਬੇ ਸਮੇਂ ਤੱਕ ਅਸਥਾਈ ਵੀਜ਼ਿਆਂ ’ਤੇ ਫਸੇ ਰਹਿੰਦੇ ਹਨ, ਜਿਸ ਨਾਲ ਇਮੀਗ੍ਰੇਸ਼ਨ ਪ੍ਰਣਾਲੀ ’ਤੇ ਵਾਧੂ ਦਬਾਅ ਪੈਂਦਾ ਹੈ ਅਤੇ ਅਨਿਸ਼ਚਿਤਤਾ ਵਧਦੀ ਹੈ। ਤਾਜ਼ਾ ਸਰਕਾਰੀ ਅੰਕੜਿਆਂ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਪਿਛਲੇ ਇੱਕ ਸਾਲ ਵਿਚ 5,100 ਤੋਂ ਵੱਧ ਵੀਜ਼ੇ ਰੱਦ ਕੀਤੇ ਗਏ, ਜਦਕਿ 1,502 ਲੋਕਾਂ ਨੂੰ ਦੇਸ਼ ਨਿਕਾਲਾ ਮਿਲਿਆ । ਹੋਰ ਅੰਕੜਿਆਂ ਮੁਤਾਬਕ ਆਸਟ੍ਰੇਲੀਆ ਵਿਚ ਲਗਭਗ 77,700 ਗੈਰ-ਕਾਨੂੰਨੀ ਨਾਗਰਿਕ ਰਹਿ ਰਹੇ ਹਨ, ਜਿਨ੍ਹਾਂ ਵਿਚੋਂ ਕਰੀਬ 25,000 ਲੋਕ 10 ਸਾਲ ਤੋਂ ਵੱਧ ਸਮੇਂ ਤੋਂ ਬਿਨਾਂ ਵੈਧ ਵੀਜ਼ੇ ਦੇ ਦੇਸ਼ ਵਿਚ ਮੌਜੂਦ ਹਨ।

ਇਹ ਅੰਕੜੇ ਸਾਹਮਣੇ ਆਉਣ ਤੋਂ ਬਾਅਦ ਵਿਰੋਧੀ ਧਿਰ ਨੇ ਸਰਕਾਰ ਦੀ ਮਾਈਗ੍ਰੇਸ਼ਨ ਨੀਤੀ ਦੀ ਤਿੱਖੀ ਆਲੋਚਨਾ ਕੀਤੀ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਸਰਕਾਰ ਇੱਕ ਸੁਚੱਜੀ ਅਤੇ ਪ੍ਰਭਾਵਸ਼ਾਲੀ ਪ੍ਰਣਾਲੀ ਚਲਾਉਣ ਵਿਚ ਅਸਫਲ ਰਹੀ ਹੈ ਅਤੇ ਮਾਈਗ੍ਰੇਸ਼ਨ ਪ੍ਰੋਗਰਾਮ ਨੂੰ ਹੋਰ ਬੇਹਤਰ ਅਤੇ ਵਧੀਆ ਤਰੀਕੇ ਨਾਲ ਚਲਾਉਣ ਦੀ ਲੋੜ ਹੈ। ਦੂਜੇ ਪਾਸੇ ਸਰਕਾਰ ਦਾ ਤਰਕ ਹੈ ਕਿ ਉਹ ਵਧਦੀ ਮੰਗ ਅਤੇ ਬਕਾਇਆ ਅਰਜ਼ੀਆਂ ਨੂੰ ਨਿਪਟਾਉਣ ਲਈ ਕੰਮ ਕਰ ਰਹੀ ਹੈ ਅਤੇ ਪ੍ਰੋਸੈਸਿੰਗ ਸਮਾਂ ਘਟਾਉਣ ਲਈ ਨਵੀਆਂ ਰਣਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਭਵਿੱਖੀ ਅਨੁਮਾਨ ਦਰਸਾਉਂਦੇ ਹਨ ਕਿ 2025 ਤੋਂ 2030 ਤੱਕ ਆਸਟ੍ਰੇਲੀਆ ਦੀ ਨੈੱਟ ਓਵਰਸੀਜ਼ ਮਾਈਗ੍ਰੇਸ਼ਨ ਲਗਭਗ 12 ਲੱਖ ਲੋਕਾਂ ਤੱਕ ਪਹੁੰਚ ਸਕਦੀ ਹੈ, ਕਿਉਂਕਿ ਅਗਲੇ ਦੋ ਵਿੱਤੀ ਸਾਲਾਂ ਲਈ ਮਾਈਗ੍ਰੇਸ਼ਨ ਪੱਧਰ ਪਹਿਲਾਂ ਦੇ ਅਨੁਮਾਨਾਂ ਨਾਲੋਂ ਵੱਧ ਹੋਣ ਦੀ ਸੰਭਾਵਨਾ ਹੈ। ਇਸੇ ਦੇ ਆਧਾਰ ’ਤੇ ਆਸਟ੍ਰੇਲੀਆ ਦੀ ਮਾਈਗ੍ਰੇਸ਼ਨ ਨੀਤੀ ਅਤੇ ਵੀਜ਼ਾ ਪ੍ਰੋਸੈਸਿੰਗ ਪ੍ਰਣਾਲੀ ਅਗਲੇ ਕੁਝ ਸਾਲਾਂ ਵਿਚ ਰਾਜਨੀਤਿਕ ਚਰਚਾ ਦਾ ਮੁੱਖ ਵਿਸ਼ਾ ਬਣੀ ਰਹੇਗੀ।

# ਕੈਨੇਡਾ ’ਚ ਹੁਣ ਅਪਰਾਧੀਆਂ ਨੂੰ ਜ਼ਮਾਨਤ ਮਿਲਣੀ ਹੋਵੇਗੀ ਔਖੀ !

- ਜ਼ਮਾਨਤ ਨਿਯਮਾਂ ’ਚ ਬਦਲਾਅ ਵਾਲਾ ਬਿੱਲ ਪਾਸ;
- 15 ਜੁਲਾਈ ਤੋਂ ਲਾਗੂ ਹੋਣਗੇ ਨਿਯਮ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ’ਚ ਹੁਣ ਅਪਰਾਧੀਆਂ ਨੂੰ ਜਮਾਨਤ ਮਿਲਣੀ ਔਖੀ ਹੋ ਜਾਵੇਗੀ। ਜ਼ਮਾਨਤ ਨਿਯਮਾਂ ਦੇ ਬਦਲਾਅ ਵਾਲੇ ਬਿਲ ਸੀ 14 ਨੂੰ ਪਾਰਲੀਮੈਂਟ ਵਲੋਂ ਪਾਸੇ ਕੀਤੇ ਜਾਣ ਤੋਂ ਬਾਅਦ ਗਵਰਨਰ ਜਨਰਲ ਵਲੋਂ ਇਸ ’ਤੇ ਸਹੀ ਪਾ ਦਿੱਤੀ ਗਈ ਹੈ ਅਤੇ ਇਹ ਨਿਯਮ 15 ਜੁਲਾਈ ਤੋਂ ਲਾਗੂ ਹੋ ਜਾਣਗੇ।

ਫੈਡਰਲ ਕਾਨੂੰਨ ਮੰਤਰੀ ਸ਼ੌਨ ਫਰੇਜਰ ਵਲੋਂ ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਸਾਰੇ ਸੂਬਿਆਂ ਦੇ ਕਾਨੂੰਨ ਮੰਤਰੀਆਂ ਤੇ ਨਿਆਂ ਵਿਭਾਗਾਂ ਨੂੰ ਇਸ ਬਾਰੇ ਸੂਚਿਤ ਕਰਕੇ ਸਖਤੀ ਨਾਲ ਲਾਗੂ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅਪਰਾਧੀਆਂ ਨੂੰ ਜੇਲਾਂ ’ਚ ਬੰਦ ਰੱਖਣ ਲਈ ਪਾਸ ਹੋਏ ਇਸ ਕਾਨੂੰਨ ਨਾਲ ਅਮਨ ਕਾਨੂੰਨ ਦੀ ਸਥਿਤੀ ’ਚ ਵੱਡਾ ਸੁਧਾਰ ਹੋਵੇਗਾ। ਮੰਤਰੀ ਨੇ ਭਰੋਸਾ ਪ੍ਰਗਟਾਇਆ ਕਿ ਪਹਿਲੇ ਅਪਰਾਧ ਲਈ ਜ਼ਮਾਨਤ ਨਾ ਮਿਲਣ ਕਰਕੇ ਹੁਣ ਇੱਕ ਅਪਰਾਧੀ ਵਲੋਂ ਵਾਰ-ਵਾਰ ਅਪਰਾਧ ਕੀਤੇ ਜਾਣ ਦੇ ਰੁਝਾਨ ’ਤੇ ਠੱਲ੍ਹ ਪਵੇਗੀ, ਕਿਉਂਕਿ ਅਪਰਾਧੀ ਜੇਲ੍ਹਾਂ ਵਿਚ ਰਹਿਣਗੇ।

ਉਨ੍ਹਾਂ ਕਿਹਾ ਕਿ ਇਸ ਨਾਲ ਚੋਰੀਆਂ, ਠੱਗੀਆਂ, ਹਿੰਸਕ ਕਾਰਵਾਈਆਂ, ਗੋਲੀਬਾਰੀ ਤੇ ਅਜਿਹੀਆਂ ਹੋਰ ਅਪਰਾਧਿਕ ਗਤੀਵਿਧੀਆਂ ’ਚ ਸ਼ਾਮਲ ਲੋਕ ਵਾਰ-ਵਾਰ ਅਪਰਾਧ ਨੂੰ ਅੰਜਾਮ ਨਹੀਂ ਕਰ ਸਕਣਗੇ। ਮੰਤਰੀ ਨੇ ਮੰਨਿਆ ਕਿ ਜ਼ਮਾਨਤ ਨਿਯਮ ਨਰਮ ਹੋਣ ਕਾਰਨ ਹੀ ਕੈਨੇਡਾ ’ਚ ਅਪਰਾਧਾਂ ’ਚ ਵਾਧਾ ਹੋਇਆ ਹੈ। ਮੰਤਰੀ ਨੇ ਕਿਹਾ ਕਿ ਇਸਨੂੰ ਸਖਤ ਨਾਲ ਲਾਗੂ ਕਰਨ ਲਈ ਜੱਜਾਂ ਨੂੰ ਲੋੜੀਦੇ ਸਾਧਨ ਮੁਹੱਈਆ ਕਰਾਏ ਜਾਣਗੇ।

# ਪੂਰਬੀ ਲੰਡਨ ’ਚ ਪੁਲਿਸ ਛਾਪੇਮਾਰੀ ਦੌਰਾਨ 2.5 ਮਿਲੀਅਨ ਪੌਂਡ ਨਕਦੀ ਅਤੇ ਸੋਨਾ ਜ਼ਬਤ

**ਲੰਡਨ, (ਪੰਜਾਬ ਮੇਲ)-** ਬ੍ਰਿਟੇਨ ਦੀ ਪੁਲਿਸ ਨੇ ਪੂਰਬੀ ਲੰਡਨ ’ਚ ਇੱਕ ਮਨੀ ਸਟੋਰ (ਪੈਸੇ ਦੀ ਲੈਣ-ਦੇਣ ਅਤੇ ਕੀਮਤੀ ਧਾਤਾਂ ਨਾਲ ਸੰਬੰਧਿਤ ਕਾਰੋਬਾਰ) ’ਤੇ ਵੱਡੀ ਛਾਪੇਮਾਰੀ ਕਰਕੇ ਲਗਭਗ 2.5 ਮਿਲੀਅਨ ਪੌਂਡ (ਕਰੀਬ 34 ਕਰੋੜ ਰੁਪਏ) ਦੀ ਨਕਦੀ ਅਤੇ ਸੋਨਾ ਜ਼ਬਤ ਕੀਤਾ ਹੈ।

ਇਹ ਕਾਰਵਾਈ ਲੰਡਨ ਸ਼ਹਿਰ ਦੀ ਪੁਲਿਸ ਵੱਲੋਂ ਇੱਕ ਵੱਡੇ ਅੰਤਰਰਾਸ਼ਟਰੀ ਮਨੀ ਲਾਂਡਰਿੰਗ (ਕਾਲੇ ਧਨ ਨੂੰ ਕਾਨੂੰਨੀ ਦਿਖਾਉਣ) ਦੇ ਮਾਮਲੇ ਦੀ ਜਾਂਚ ਦੌਰਾਨ ਕੀਤੀ ਗਈ। ਪੁਲਿਸ ਅਨੁਸਾਰ ਇਹ ਗਿਰੋਹ ਇਨਕ੍ਰਿਪਟਡ ਮੈਸੇਜਿੰਗ ਨੈੱਟਵਰਕ ਦੀ ਵਰਤੋਂ ਕਰਕੇ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਗੈਰ-ਕਾਨੂੰਨੀ ਧਨ ਦੀ ਹੇਰਾਫੇਰੀ ਕਰ ਰਿਹਾ ਸੀ। ਪੁਲਿਸ ਵੱਲੋਂ ਜਾਰੀ ਕੀਤੀ ਗਈ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਅਧਿਕਾਰੀ ਇੱਕ ਦੁਕਾਨ ’ਤੇ ਛਾਪਾ ਮਾਰਦੇ ਹਨ ਅਤੇ ਜਾਂਚ ਦੌਰਾਨ ਵੱਡੀ ਮਾਤਰਾ ਵਿਚ ਨਕਦੀ ਅਤੇ ਸੋਨਾ ਬਰਾਮਦ ਕਰਦੇ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਰਕਮ ਅਪਰਾਧਿਕ ਗਤੀਵਿਧੀਆਂ ਨਾਲ ਜੁੜੀ ਹੋ ਸਕਦੀ ਹੈ।

ਜਾਂਚ ਏਜੰਸੀਆਂ ਮੁਤਾਬਕ ਇਹ ਕੇਸ ਸਿਰਫ਼ ਸਥਾਨਕ ਪੱਧਰ ਦਾ ਨਹੀਂ, ਸਗੋਂ ਅੰਤਰਰਾਸ਼ਟਰੀ ਨੈੱਟਵਰਕ ਨਾਲ ਜੁੜਿਆ ਹੋਇਆ ਹੈ। ਪੁਲਿਸ ਹੁਣ ਇਹ ਪਤਾ ਲਗਾ ਰਹੀ ਹੈ ਕਿ ਇਹ ਪੈਸਾ ਕਿੱਥੋਂ ਆਇਆ, ਕਿੱਥੇ ਭੇਜਿਆ ਜਾਣਾ ਸੀ ਅਤੇ ਇਸ ਦੇ ਪਿੱਛੇ ਕਿਹੜੇ ਵਿਅਕਤੀ ਜਾਂ ਗਿਰੋਹ ਕੰਮ ਕਰ ਰਹੇ ਸਨ। ਅਧਿਕਾਰੀਆਂ ਨੇ ਕਿਹਾ ਕਿ ਮਨੀ ਲਾਂਡਰਿੰਗ, ਨਸ਼ਾ ਤਸਕਰੀ, ਧੋਖਾਧੜੀ ਅਤੇ ਹੋਰ ਗੰਭੀਰ ਅਪਰਾਧਾਂ ਨਾਲ ਜੁੜੇ ਗਿਰੋਹਾਂ ਲਈ ਇੱਕ ਮਹੱਤਵਪੂਰਨ ਸਾਧਨ ਹੁੰਦੀ ਹੈ। ਇਸ ਲਈ ਅਜਿਹੇ ਨੈੱਟਵਰਕਾਂ ਨੂੰ ਤੋੜਨਾ ਪੁਲਿਸ ਦੀਆਂ ਤਰਜੀਹਾਂ ਵਿਚ ਸ਼ਾਮਲ ਹੈ।

ਇਸ ਮਾਮਲੇ ਵਿਚ ਜਾਂਚ ਅਜੇ ਵੀ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹੋਰ ਗ੍ਰਿਫ਼ਤਾਰੀਆਂ ਜਾਂ ਜ਼ਬਤੀਆਂ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਗਿਆ।



# ਕਿਤਾਬ 'ਦਸਮੇਸ਼ ਪਿਤਾ ਬਖਸ਼ਿਸ਼, ਪਵਿੱਤਰ ਗੰਗਾ ਸਾਗਰ-ਸੁੱਚੀ ਸੇਵਾ ਸੰਭਾਲ' ਦਾ ਲੋਕ ਅਰਪਣ ਸਮਾਰੋਹ

**ਮੇਅਰ ਬਰਿੰਡਾ ਲੌਕ, ਸਾਂਸਦ ਰਣਦੀਪ ਸਿੰਘ ਸਰਾਏ ਸਮੇਤ ਹੋਰਨਾਂ ਵੱਲੋਂ ਕਿਤਾਬ ਇਤਿਹਾਸਕ ਮੀਲ ਪੱਥਰ ਕਰਾਰ**





ਸਰੀ, (ਗੁਰਪ੍ਰੀਤ ਸਿੰਘ ਤਲਵੰਡੀ/ਪੰਜਾਬ ਮੇਲ)- ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਿਆਸਤ ਰਾਏਕੋਟ ਦੇ ਨਬਾਵ ਰਾਏ ਕੱਲ੍ਹਾ ਦੁਆਰਾ ਕੀਤੀ ਸੇਵਾ ਤੋਂ ਪ੍ਰਸੰਨ ਹੋ ਕੇ ਰਾਏ ਕੱਲ੍ਹਾ ਦੇ ਪਰਿਵਾਰ ਨੂੰ ਪਵਿੱਤਰ ਗੰਗਾ ਸਾਗਰ, ਪੋਥੀ ਰੱਖਣ ਵਾਲੀ ਲੱਕੜ ਦੀ ਰੈਹਲ਼ ਅਤੇ ਇੱਕ ਸ੍ਰੀ ਸਾਹਿਬ ਨਿਸ਼ਾਨੀ ਵਜੋਂ ਦਿੱਤੀ ਸੀ। ਇਨ੍ਹਾਂ ਨਿਸ਼ਾਨੀਆਂ ਵਿਚੋਂ ਲੱਕੜ ਦੀ ਰਹਿਲ਼ ਭਾਵੇਂ ਸਮਾਂ ਵਧੇਰੇ ਹੋਣ ਕਾਰਨ ਸੁਰੱਖਿਅਤ ਨਹੀਂ ਰਹਿ ਸਕੀ, ਪਰ ਵਿਸ਼ੇਸ਼ ਧਾਤੂ ਦਾ ਬਣਿਆਂ ਸੁਰਾਹੀ ਨੁਮਾ ਗੰਗਾ ਸਾਗਰ ਹੀ ਰਾਏ ਪਰਿਵਾਰ ਪਾਸ ਸੁਰੱਖਿਅਤ ਹੈ। ਜਦਕਿ ਛੋਟੀ ਸ੍ਰੀ ਸਾਹਿਬ ਅੰਗਰੇਜ਼ ਸਰਕਾਰ ਦੁਆਰਾ ਪਰਿਵਾਰ ਪਾਸੋਂ ਲੈ ਲਈ ਗਈ ਸੀ। ਪਵਿੱਤਰ ਗੰਗਾ ਸਾਗਰ ਸਿੱਖਾਂ ਲਈ ਗੁਰੂ ਸਾਹਿਬ ਦੇ ਹੱਥਾਂ ਦੀ ਛੋਹ ਪ੍ਰਾਪਤ ਬੇਸ਼ਕੀਮਤੀ ਨਿਸ਼ਾਨੀ ਹੈ। ਇਤਿਹਾਸਕਾਰ ਡਾ. ਗੁਰਦੇਵ ਸਿੰਘ ਸਿੱਧੂ ਦੁਆਰਾ ਵੱਖ-ਵੱਖ ਸਰੋਤਾਂ ਤੋਂ ਜਾਣਕਾਰੀ ਪ੍ਰਾਪਤ ਕਰਕੇ ਪਵਿੱਤਰ ਗੰਗਾ ਸਾਗਰ ਅਤੇ ਸਮੁੱਚੇ ਰਾਏ ਪਰਿਵਾਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਵਾਲੀ ਕਿਤਾਬ 'ਦਸ਼ਮੇਸ਼ ਪਿਤਾ ਬਖਸ਼ਿਸ਼, ਪਵਿੱਤਰ ਗੰਗਾ ਸਾਗਰ-ਸੁੱਚੀ ਸੇਵਾ ਸੰਭਾਲ' ਦਾ ਲੋਕ ਅਰਪਣ ਸਮਾਰੋਹ ਕੈਨੇਡਾ ਦੇ ਸਰੀ ਸ਼ਹਿਰ ਵਿਚ ਕਰਵਾਇਆ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਵਲੋਂ ਰਾਏ ਕੱਲ੍ਹਾ ਦੀ ਨੌਵੀਂ ਪੀੜ੍ਹੀ ਦੇ ਵਾਰਿਸ ਰਾਏ ਅਜੀਜ ਉੱਲਾ ਸਾਬਕਾ ਮੈਂਬਰ ਪਾਰਲੀਮੈਂਟ ਪਾਕਿਸਤਾਨ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਇਸ ਸਮਾਰੋਹ ਦੌਰਾਨ ਉਚੇਚਾ ਪਹੁੰਚੇ ਸਰੀ ਦੇ ਮੇਅਰ ਬਰਿੰਡਾ ਲੌਕ ਅਤੇ ਮੈਂਬਰ ਪਾਰਲੀਮੈਂਟ ਰਣਦੀਪ ਸਰਾਏ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਹ ਕਿਤਾਬ ਇਤਿਹਾਸਕ ਪੱਖੋਂ ਤੇ ਸੱਭਿਆਚਾਰਕ ਪੱਖੋਂ ਬੜੀ ਮਹੱਤਵਪੂਰਨ ਹੈ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਸਮੁੱਚੀ ਮਨੁੱਖਤਾ ਦੇ ਰਹਿਬਰ ਸਨ, ਤੇ ਉਨ੍ਹਾਂ ਦੇ ਹੱਥਾਂ ਦੀ ਛੋਹ ਪ੍ਰਾਪਤ ਇਹ ਨਿਸ਼ਾਨੀ ਰਾਏ ਪਰਿਵਾਰ ਨੇ ਬੜੀ ਹੀ ਪਵਿੱਤਰਤਾ ਨਾਲ ਸਾਂਭ ਕੇ ਰੱਖੀ ਹੋਈ ਹੈ। ਉਨ੍ਹਾਂ ਕਿਤਾਬ ਦੇ ਲੋਕ ਅਰਪਣ ਸਮਾਰੋਹ ਤੇ ਰਾਏ ਪਰਿਵਾਰ ਨੂੰ ਵਧਾਈ ਵੀ ਦਿੱਤੀ। ਸਮਾਰੋਹ ਦੌਰਾਨ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਰਾਏ ਪਰਿਵਾਰ ਨੂੰ ਗੁਰੂ ਸਾਹਿਬ ਦੁਆਰਾ ਬਖਸ਼ਿਸ਼ ਕੀਤੀ ਇਸ ਪਵਿੱਤਰ ਨਿਸ਼ਾਨੀ ਦੇ ਇਤਿਹਾਸਕ ਪੱਖਾਂ ਬਾਰੇ ਬਾਖ਼ੂਬੀ ਚਾਨਣਾਂ ਪਾਇਆ। ਸਮਾਰੋਹ ਦੌਰਾਨ ਪੰਜਾਬ ਭਵਨ ਸਰੀ ਦੇ ਸੰਚਾਲਕ ਸੁੱਖੀ ਬਾਠ, ਲੇਖਕ ਕਵਿੰਦਰ ਸਿੰਘ ਚਾਂਦ, ਸੁਰਜੀਤ ਸਿੰਘ ਮਾਧੋਪੁਰੀ, ਹਰਦੇਵ ਸਿੰਘ ਗਰੇਵਾਲ, ਬਲਦੇਵ ਸਿੰਘ ਬਾਠ ਬਸੰਤ ਮੋਟਰਜ਼, ਗੀਤਕਾਰ ਇੰਦਾ ਰਾਏਕੋਟੀ, ਮੋਤਾ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ। ਸਮਾਗਮ ਦੌਰਾਨ ਹਾਜ਼ਰ ਵੱਡੀ ਗਿਣਤੀ ਸ਼ਖਸੀਅਤਾਂ ਵਲੋਂ ਕਿਤਾਬ ਨੂੰ ਲੋਕ ਅਰਪਣ ਕੀਤਾ ਗਿਆ। ਸਭਾ ਦੇ ਨੁਮਾਇੰਦਿਆਂ ਅਤੇ ਰਾਏਕੋਟ ਵਾਸੀਆਂ ਵਲੋਂ ਰਾਏ ਕੱਲ੍ਹਾ ਦੀ ਨੌਵੀਂ ਪੀੜ੍ਹੀ ਦੇ ਰਾਏ ਅਜੀਜ ਉੱਲਾ ਸਾਬਕਾ ਮੈਂਬਰ ਪਾਰਲੀਮੈਂਟ ਪਾਕਿਸਤਾਨ ਅਤੇ ਸਮੁੱਚੇ ਰਾਏ ਪਰਿਵਾਰ ਦਾ ਭਰਵਾਂ ਸਨਮਾਨ ਵੀ ਕੀਤਾ ਗਿਆ।

ਸਮਾਗਮ ਦੌਰਾਨ ਹੀ ਪੰਜਾਬ ਤੋਂ ਕਿਤਾਬ ਦੇ ਲੇਖਕ ਡਾ. ਗੁਰਦੇਵ ਸਿੰਘ ਸਿੱਧੂ, ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਡਾ. ਗੁਰਭਜਨ ਗਿੱਲ ਅਤੇ ਵਿਦਵਾਨ ਡਾ. ਪ੍ਰਿਥੀਪਾਲ ਸਿੰਘ ਸੋਹੀ ਦੁਆਰਾ ਭੇਜਿਆ ਗਿਆ ਵਿਸ਼ੇਸ਼ ਵਧਾਈ ਸੰਦੇਸ਼ ਵੀ ਪੜ੍ਹਿਆ ਗਿਆ। ਅੰਤ ਵਿਚ ਰਾਏ ਅਜੀਜ ਉੱਲਾ ਨੇ ਸਮਾਗਮ ਦੌਰਾਨ ਪਹੁੰਚੀਆਂ ਸਾਰੀਆਂ ਹੀ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਏ ਮੁਹੰਮਦ ਅਲੀ, ਉੱਘੇ ਸਮਾਜ ਸੇਵੀ ਮਾ. ਗੁਰਦਿਆਲ ਸਿੰਘ ਜੌਹਲ, ਰੇਡਿਓ ਹੋਸਟ ਹਰਜਿੰਦਰ ਸਿੰਘ ਥਿੰਦ, ਰੇਡਿਓ ਹੋਸਟ ਮਨਿੰਦਰ ਗਿੱਲ, ਪੱਤਰਕਾਰ ਦਵਿੰਦਰ ਸਿੰਘ ਬੈਨੀਪਾਲ, ਸਮਾਜ ਸੇਵਕ ਰਣਜੀਤ ਸਿੰਘ ਸੋਹੀ, ਜੋਗਿੰਦਰ ਸਿੰਘ ਭੁੱਲਰ, ਬਰਜ ਢਾਹਾਂ, ਪੰਜਾਬੀ ਲੇਖਕ ਗੁਰਪ੍ਰੀਤ ਸਿੰਘ ਤਲਵੰਡੀ, ਬਨਜੋਤ ਸਿੰਘ ਸੰਘੇੜਾ ਅਤੇ ਨਦੀਮ ਆਦਿ ਵੀ ਹਾਜਰ ਸਨ।




# ਸਟੱਡੀ ਵੀਜ਼ੇ 'ਤੇ ਕੈਨੇਡਾ ਪੁੱਜੇ ਹਜ਼ਾਰਾਂ ਪੰਜਾਬੀਆਂ ਦੇ ਵੀਜ਼ੇ ਰੱਦ ਹੋਣ ਦਾ ਖਦਸ਼ਾ!

**ਟੋਰਾਂਟੋ, (ਪੰਜਾਬ ਮੇਲ)**- ਸਟੱਡੀ ਵੀਜ਼ੇ 'ਤੇ ਕੈਨੇਡਾ ਪੁੱਜੇ ਪੰਜਾਬੀ ਨੌਜਵਾਨ ਇਕ ਵਾਰ ਫਿਰ ਵੱਡੀਆਂ ਮੁਸ਼ਕਲਾਂ ਵਿਚ ਘਿਰਦੇ ਨਜ਼ਰ ਆ ਰਹੇ ਹਨ। ਤਿੰਨ ਪੰਜਾਬੀ ਨੌਜਵਾਨਾਂ ਵੱਲੋਂ ਕੀਤੀ ਗਈ ਇਕ ਸ਼ਰਮਨਾਕ ਕਰਤੂਤ ਕਾਰਨ ਹੁਣ ਹਜ਼ਾਰਾਂ ਹੋਰ ਪੰਜਾਬੀਆਂ ਦੇ ਵੀਜ਼ੇ ਰੱਦ ਹੋਣ ਦੀ ਨੌਬਤ ਆ ਸਕਦੀ ਹੈ। ਇਹ ਮਾਮਲਾ ਬ੍ਰਿਟਿਸ਼ ਕੋਲੰਬੀਆ ਵਿਚ ਇਕ ਬਜ਼ੁਰਗ ਜੋੜੇ ਦੇ ਕਤਲ ਨਾਲ ਜੁੜਿਆ ਹੋਇਆ ਹੈ, ਜਿਸ ਤੋਂ ਬਾਅਦ ਇਮੀਗ੍ਰੇਸ਼ਨ ਨਿਯਮਾਂ ਨੂੰ ਲੈ ਕੇ ਵੱਡੀ ਚਰਚਾ ਛਿੜ ਗਈ ਹੈ।

ਜਾਣਕਾਰੀ ਅਨੁਸਾਰ ਐਬਟਸਫੋਰਡ ਸ਼ਹਿਰ ਵਿਚ 9 ਮਈ, 2022 ਨੂੰ 77 ਸਾਲਾ ਆਰਨੌਲਡ ਅਤੇ 76 ਸਾਲਾ ਜੋਆਨ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਗੁਰਕਰਨ ਸਿੰਘ (20), ਅਭਿਜੀਤ ਸਿੰਘ (22) ਅਤੇ ਖੁਸ਼ਵੀਰ ਤੂਰ (22) ਨੂੰ ਦੋਸ਼ੀ ਪਾਇਆ ਗਿਆ ਹੈ। ਜਾਂਚ ਵਿਚ ਸਾਹਮਣੇ ਆਇਆ ਕਿ ਗੁਰਕਰਨ ਸਿੰਘ ਸਿਰਫ਼ 24 ਦਿਨ ਪਹਿਲਾਂ ਹੀ ਸਟੱਡੀ ਵੀਜ਼ੇ 'ਤੇ ਕੈਨੇਡਾ ਪਹੁੰਚਿਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਇਕ ਨੌਜਵਾਨ ਨੇ ਕਦੇ ਕਾਲਜ ਦਾ ਮੂੰਹ ਤੱਕ ਨਹੀਂ ਸੀ ਦੇਖਿਆ।

ਕਤਲ ਕੀਤੇ ਗਏ ਜੋੜੇ ਦੀਆਂ ਧੀਆਂ ਸੈਂਡਰਾ ਬਾਰਥਲ ਅਤੇ ਹੈਦਰ ਹੂਗਲੈਂਡ ਨੇ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਦੀਆਂ 'ਚੋਰ ਮੋਰੀਆਂ' ਨੂੰ ਇਸ ਵਾਰਦਾਤ ਲਈ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਜੇਕਰ ਇਹ ਨੌਜਵਾਨ ਕਾਲਜ ਨਹੀਂ ਜਾ ਰਹੇ ਸਨ, ਤਾਂ ਉਨ੍ਹਾਂ ਨੂੰ ਤੁਰੰਤ ਡਿਪੋਰਟ ਕਿਉਂ ਨਹੀਂ ਕੀਤਾ ਗਿਆ। ਹੈਦਰ ਨੇ ਭਰੇ ਮਨ ਨਾਲ ਕਿਹਾ, "ਜੇਕਰ ਉਨ੍ਹਾਂ ਨੂੰ ਕੈਨੇਡਾ ਵਿਚੋਂ ਬਾਹਰ ਕੱਢਿਆ ਹੁੰਦਾ, ਤਾਂ ਸਾਡੇ ਮਾਤਾ-ਪਿਤਾ ਅੱਜ ਜਿਊਂਦੇ ਹੁੰਦੇ"। ਸੈਂਡਰਾ ਨੇ ਇਲਜ਼ਾਮ ਲਾਇਆ ਕਿ ਕੁਝ ਲੋਕ ਸਿਰਫ਼ ਅਪਰਾਧ ਕਰਨ ਦੇ ਮਕਸਦ ਨਾਲ ਕੈਨੇਡਾ ਆ ਰਹੇ ਹਨ।

ਇਸ ਘਟਨਾ ਤੋਂ ਬਾਅਦ ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਡਿਐਬ ਨੇ ਸਪੱਸ਼ਟ ਕੀਤਾ ਹੈ ਕਿ ਅਪਰਾਧ ਕਰਨ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਡਿਪੋਰਟ ਕਰਨ ਤੋਂ ਪਹਿਲਾਂ ਜੇਲ੍ਹ ਵਿਚ ਰੱਖਿਆ ਜਾਂਦਾ ਹੈ। ਸਰਕਾਰ ਨੇ ਹੁਣ ਨਵੇਂ ਕ੍ਰਿਮੀਨਲ ਜਸਟਿਸ ਬਿੱਲ ਪੇਸ਼ ਕੀਤੇ ਹਨ ਅਤੇ ਕਾਲਜਾਂ-ਯੂਨੀਵਰਸਿਟੀਆਂ ਲਈ ਇਹ ਲਾਜ਼ਮੀ ਕਰ ਦਿੱਤਾ ਹੈ ਕਿ ਉਹ ਗੈਰ-ਹਾਜ਼ਰ ਰਹਿਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਜਾਣਕਾਰੀ ਸਾਲ ਵਿਚ ਦੋ ਵਾਰ ਸਰਕਾਰ ਨਾਲ ਸਾਂਝੀ ਕਰਨ। ਇਸ ਘਟਨਾ ਨੇ ਜਿੱਥੇ ਕੈਨੇਡੀਅਨ ਸਰਕਾਰ ਨੂੰ ਸਖ਼ਤ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ, ਉੱਥੇ ਹੀ ਪੂਰੇ ਪੰਜਾਬੀ ਭਾਈਚਾਰੇ ਦੇ ਅਕਸ ਨੂੰ ਵੀ ਸੱਟ ਮਾਰੀ ਹੈ।

ਸਫਾ 1 ਦਾ ਬਾਕੀ

## ਵਿਵਾਦਤ ਵੀਡੀਓ ਮਾਮਲਾ: ਮੁੱਖ ਮੰਤਰੀ ਭਗਵੰਤ ਮਾਨ ਦੇ ...

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਤੇ ਪੰਥਕ ਮਰਿਆਦਾ ਅਨੁਸਾਰ ਆਪਣੀ ਜ਼ਿੰਮੇਵਾਰੀ ਨਿਭਾਉਂਦੀ ਰਹੇਗੀ ਅਤੇ ਹਰ ਆਦੇਸ਼ 'ਤੇ ਡੱਟ ਕੇ ਪਹਿਰਾ ਦੇਵੇਗੀ।

ਸੀਨੀਅਰ ਕਾਂਗਰਸੀ ਆਗੂ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਇੱਕ ਕਥਿਤ ਵਾਇਰਲ ਵੀਡੀਓ ਦੀ ਫੋਰੈਂਸਿਕ ਜਾਂਚ ਤੋਂ ਬਾਅਦ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੰਥ ਵਿਰੋਧੀ ਐਲਾਨਣਾ ਪੰਜਾਬ ਦੇ ਇਤਿਹਾਸ ਵਿਚ ਇੱਕ ਬਹੁਤ ਮਹੱਤਵਪੂਰਨ ਘਟਨਾ ਹੈ। ਉਨ੍ਹਾਂ ਆਖਿਆ ਕਿ ਇਹ ਕਾਰਵਾਈ ਪੰਜ ਸਿੰਘ ਸਾਹਿਬਾਨ ਵੱਲੋਂ ਕੀਤੀ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੂੰ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ, ਇਸ ਦੀਆਂ ਪ੍ਰੰਪਰਾਵਾਂ ਅਤੇ ਲੱਖਾਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਬਿਨਾਂ ਕਿਸੇ ਦੇਰੀ ਦੇ ਨੈਤਿਕ ਆਧਾਰ 'ਤੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ ਅਤੇ ਤੁਰੰਤ ਸਿੱਖ ਭਾਈਚਾਰੇ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ।

ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਦੇਸ਼ ਦੀ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਉੱਚ ਤਕਨੀਕੀ ਫੋਰੈਂਸਿਕ ਲੈਬਾਂ ਦੀਆਂ ਰਿਪੋਰਟਾਂ ਦੇ ਹਵਾਲੇ ਨਾਲ ਭਗਵੰਤ ਮਾਨ ਦੀ ਦਸ ਗੁਰੂ ਸਾਹਿਬਾਨ ਦੀ ਤਸਵੀਰ ਦੀ ਬੇਅਦਬੀ ਨਾਲ ਸਬੰਧਿਤ ਵਿਵਾਦਿਤ ਵੀਡੀਓ ਦੇ ਸਹੀ ਪਾਏ ਜਾਣ ਦਾ ਖੁਲਾਸਾ ਕੀਤਾ। ਇਸ ਤੋਂ ਬਾਅਦ ਭਗਵੰਤ ਮਾਨ ਕੋਲ ਮੁੱਖ ਮੰਤਰੀ ਅਤੇ ਵਿਧਾਇਕ ਦੇ ਅਹੁਦੇ 'ਤੇ ਬਣੇ ਰਹਿਣ ਦਾ ਕੋਈ ਨੈਤਿਕ, ਸਮਾਜਿਕ ਜਾਂ ਰਾਜਨੀਤਕ ਅਧਿਕਾਰ ਨਹੀਂ ਰਹਿ ਜਾਂਦਾ।

ਉਨ੍ਹਾਂ ਕਿਹਾ ਕਿ ਜੇਕਰ ਇੱਕ ਆਮ ਨਾਗਰਿਕ ਅਜਿਹੇ ਦੋਸ਼ਾਂ ਲਈ ਕਾਨੂੰਨ ਦੇ ਘੇਰੇ ਵਿਚ ਆ ਸਕਦਾ ਹੈ, ਤਾਂ ਸੂਬੇ ਦਾ ਮੁੱਖ ਮੰਤਰੀ ਕਾਨੂੰਨ ਅਤੇ ਨੈਤਿਕਤਾ ਤੋਂ ਉੱਪਰ ਨਹੀਂ ਹੋ ਸਕਦਾ।




ਸਫਾ 1 ਦਾ ਬਾਕੀ

## ਸ੍ਰੀ ਅਕਾਲ ਤਖਤ ਸਾਹਿਬ ਨੇ ਮੁੱਖ ਮੰਤਰੀ ਮਾਨ ਨੂੰ ਖਾਲਸਾ...

ਗੁਰੂ ਸਾਹਿਬ ਦੇ ਇਸ ਤਖਤ ਲਈ ਅਸੀਂ ਸਿਰ ਕਟਵਾ ਤਾਂ ਸਕਦੇ ਹਾਂ ਪਰ ਝੁਕਾਅ ਨਹੀਂ ਸਕਦੇ।

ਜਥੇਦਾਰ ਨੇ ਕਿਹਾ ਕਿ ਮੇਰੇ ਬਾਰੇ ਕਿਹਾ ਗਿਆ ਕਿ ਇੰਨਾ ਸਮਾਂ ਹੋ ਗਿਆ ਵੀਡੀਓ ਦੀ ਜਾਂਚ ਦਾ ਕੀ ਬਣਿਆ, ਮੁੱਖ ਮੰਤਰੀ ਆ ਗਿਆ, ਜਥੇਦਾਰ ਨਾਲ ਮੀਟਿੰਗ ਹੋਈ ਤੇ ਬਦਲ ਗਏ ਪਰ ਅਸੀਂ ਭਾਰਤ ਦੀਆਂ ਵੱਡੀਆਂ ਲੈਬਾਂ ਤੋਂ ਜਾਂਚ ਕਰਵਾਈ। ਜਾਂਚ ਆਖ ਰਹੀ ਹੈ ਕਿ ਇਹ ਏ.ਆਈ. ਵੀਡੀਓ ਨਹੀਂ, ਸਗੋਂ ਅਸਲੀ ਹੈ। ਜਥੇਦਾਰ ਨੇ ਕਿਹਾ ਕਿ ਪੰਥ ਦੀ ਇਕੱਤਰਤਾ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਸ਼ਿਕਾਇਤ ਵਿਚ ਪੁੱਜੀ ਇਤਰਾਜ਼ਯੋਗ ਵੀਡੀਓ ਦਾ ਮਾਮਲਾ ਗੰਭੀਰਤਾ ਨਾਲ ਵਿਚਾਰਿਆ। ਵੀਡੀਓ ਵਿਚ ਨਜ਼ਰ ਆ ਰਿਹਾ ਸ਼ਖਸ ਅਤਿ ਨਿੰਦਣਯੋਗ ਹਰਕਤਾਂ ਕਰਦਾ ਦਿਖਾਈ ਦੇ ਰਿਹਾ ਹੈ। ਗੁਰੂ ਖਾਲਸਾ ਪੰਥ ਅਜਿਹੀਆਂ ਹਰਕਤਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ। ਇਕੱਤਰਤਾ ਵਿਚ ਪੰਥਕ ਤੇ ਧਾਰਮਿਕ ਜਥੇਬੰਦੀਆਂ ਨੂੰ ਸੱਦਿਆ ਗਿਆ, ਜਿਸ ਵਿਚ ਕਾਨੂੰਨੀ ਮਾਹਿਰ ਵੀ ਸ਼ਾਮਲ ਹੋਏ। ਜਿਸ ਵਿਚ ਫੈਸਲਾ ਕੀਤਾ ਗਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਨੂੰ ਗੁਰੂ ਦੋਖੀ ਤੇ ਪੰਥ ਵਿਰੋਧੀ ਐਲਾਨਿਆ ਜਾਵੇ। ਇਕ ਮੁੱਖ ਮੰਤਰੀ ਦਾ ਅਹੁਦਾ ਬਹੁਤ ਹੀ ਸਤਿਕਾਰਤ ਹੁੰਦਾ ਹੈ, ਜਿਸ ਨੇ ਸੂਬੇ ਦੇ ਹਰ ਨਾਗਿਰਕ ਦੀ ਨੁਮਾਇੰਦਗੀ ਕਰਨੀ ਹੁੰਦੀ ਹੈ, ਮੁੱਖ ਮੰਤਰੀ ਨੇ ਸ੍ਰੀ ਅਕਾਲ ਤਖ਼ਤ ਵਿਖੇ ਆ ਕੇ ਝੂਠ ਬੋਲਿਆ ਹੈ, ਇਸ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਇਹ ਸਿੱਖ ਹਿਤੈਸ਼ੀ ਫੈਸਲੇ ਲਵੇਗਾ। ਸਿੱਖਾਂ ਦੀ ਤਰਜਮਾਨੀ ਕਰਦਿਆਂ ਸ੍ਰੀ ਅਕਾਲ ਤਖ਼ਤ ਵਿਖੇ ਭਗਵੰਤ ਮਾਨ ਨੂੰ ਗੁਰੂ ਦੋਖੀ ਅਤੇ ਖਾਲਸਾ ਪੰਥ ਵਿਰੋਧੀ ਕਰਾਰ ਦਿੱਤਾ ਜਾਂਦਾ ਹੈ। ਬੇਅਦਬੀ ਐਕਟ ਮਾਮਲੇ 'ਚ ਪੰਜਾਬ ਦੇ ਸਾਰੇ ਸਿੱਖ ਵਿਧਾਇਕਾਂ ਨੂੰ 29 ਜੂਨ ਨੂੰ ਅਕਾਲ ਤਖਤ ਸਾਹਿਬ ਉਤੇ ਤਲਬ ਕੀਤਾ ਕੀਤਾ ਗਿਆ ਹੈ। ਸਾਰੇ ਸਿੱਖ ਵਿਧਾਇਕਾਂ ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਣ, ਜਿਨ੍ਹਾਂ ਨੇ ਇਸ ਕਾਨੂੰਨ ਨੂੰ ਬਿਨਾਂ ਪੜ੍ਹੇ ਜਾਂ ਪੰਥ ਨਾਲ ਸਲਾਹ ਕੀਤੇ ਬਿਨਾਂ ਦਸਤਖਤ ਕੀਤੇ, ਪੂਰੀ ਕੈਬਨਿਟ ਸਮੇਤ 29 ਜੂਨ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਲਈ ਸੰਮਨ ਭੇਜਿਆ ਗਿਆ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਪੇਸ਼ ਕੀਤਾ ਸੀ, ਜਿਸ ਨੂੰ ਵਿਧਾਨ ਸਭਾ ਵਿਚ ਪਾਸ ਕਰ ਦਿੱਤਾ ਗਿਆ ਪਰ ਕਿਸੇ ਵੀ ਸਿੱਖ ਸੰਗਠਨ ਦੀ ਰਾਏ ਨਹੀਂ ਲਈ ਗਈ। ਜਦੋਂ ਇਸ ਮਾਮਲੇ 'ਤੇ ਪੰਥ ਦੇ ਅੰਦਰ ਵਿਚਾਰ-ਵਟਾਂਦਰਾ ਕੀਤਾ ਗਿਆ, ਤਾਂ ਸਾਰਿਆਂ ਨੇ ਸਹਿਮਤੀ ਪ੍ਰਗਟ ਕੀਤੀ ਕਿ ਪੰਥ ਦੀ ਸਹਿਮਤੀ ਤੋਂ ਬਿਨਾਂ ਕੋਈ ਵੀ ਕਾਨੂੰਨ ਨਹੀਂ ਬਣਾਇਆ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਲਿਆਂਦੇ ਗਏ ਬੇਅਦਬੀ ਕਾਨੂੰਨ 'ਤੇ ਬੋਲਦਿਆਂ ਜਥੇਦਾਰ ਨੇ ਕਿਹਾ ਕਿ ਸਾਰੇ ਹੀ ਲੋਕ ਚਾਹੁੰਦੇ ਹਨ ਕਿ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲੇ ਪਰ ਇਸ ਕਾਨੂੰਨ ਵਿਚ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਗ੍ਰੰਥੀ ਸਿੰਘਾਂ ਦੀ ਜ਼ਿੰਮੇਵਾਰੀ ਸਪੱਸ਼ਟ ਨਹੀਂ ਕੀਤੀ ਗਈ। ਇਹ ਮਸਲਾ ਪੰਥ ਨਾਲ ਜੁੜਿਆ ਹੋਇਆ ਹੈ ਅਤੇ ਇਸ ਬਾਰੇ ਫ਼ੈਸਲੇ ਪੰਥਕ ਆਧਾਰ 'ਤੇ ਹੀ ਹੋਣੇ ਚਾਹੀਦੇ ਹਨ, ਨਾ ਕਿ ਸਰਕਾਰਾਂ ਵੱਲੋਂ ਇਕੱਲੇ ਤੌਰ 'ਤੇ ਲਏ ਜਾਣੇ ਚਾਹੀਦੇ ਹਨ। ਪੰਜਾਬ ਸਰਕਾਰ ਵੱਲੋਂ ਸਿੱਖ ਪੰਥ ਦੀ ਪ੍ਰਵਾਨਗੀ ਬਿਨ੍ਹਾਂ ਇਹ ਕਾਨੂੰਨ ਕਿਉਂ ਬਣਾਇਆ ਗਿਆ। ਸਿੱਖ ਪੰਥ ਨੂੰ ਖ਼ੁਦ ਪਤਾ ਹੈ ਕਿ ਗੁਰੂ ਸਾਹਿਬ ਦਾ ਅਦਬ-ਸਤਿਕਾਰ ਕਿਵੇਂ ਕਰਨਾ ਹੈ ਅਤੇ ਕੁਝ ਵਿਅਕਤੀ ਇਕੱਠੇ ਹੋ ਕੇ ਇਸ ਤਰ੍ਹਾਂ ਦੇ ਫ਼ੈਸਲੇ ਨਹੀਂ ਲੈ ਸਕਦੇ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਸਾਰੇ ਦੋਸ਼ਾਂ ਨੂੰ ਨਿਰਆਧਾਰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਮੰਨਿਆ ਕਿ ਵੀਡੀਓ ਅਸਲੀ ਹੈ ਪਰ ਉਸ ਵਿਚ ਦਿਖਾਈ ਦੇ ਰਿਹਾ ਵਿਅਕਤੀ ਕੌਣ ਹੈ, ਇਹ ਕਿੱਥੇ ਸਾਬਤ ਹੁੰਦਾ ਹੈ। ਆਉਣ ਵਾਲੇ ਦਿਨਾਂ ਵਿਚ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ।

ਸਫਾ 1 ਦਾ ਬਾਕੀ

## ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਕੈਨੇਡਾ ਤੇ ਅਮਰੀਕਾ ...

ਉਨ੍ਹਾਂ ਦੱਸਿਆ ਕਿ ਬਰਨਾਲਾ ਦੇ ਗੁਰਜੰਟ ਸਿੰਘ ਵੱਲੋਂ ਗੁਰਮਤਿ ਸਮਾਗਮ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਨਾਨਕ ਦੇਵ ਜੀ ਦੇ ਅਦਬ ਅਤੇ ਸਤਿਕਾਰ ਖਿਲਾਫ ਟਿੱਪਣੀਆਂ ਕੀਤੀਆਂ ਗਈਆਂ ਸਨ। ਪੰਜ ਸਿੰਘ ਸਾਹਿਬਾਨ ਵੱਲੋਂ ਗੁਰਜੰਟ ਸਿੰਘ ਨੂੰ ਕੀਤੀ ਅਵੱਗਿਆ ਲਈ ਤਖਤ ਦਮਦਮਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮੇਂ ਪੰਜ ਪਿਆਰਿਆਂ ਦੇ ਸਨਮੁੱਖ ਪੇਸ਼ ਹੋਣ ਦਾ ਆਦੇਸ਼ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸਿੱਖ ਜਥੇਬੰਦੀਆਂ ਦੀ ਮੀਟਿੰਗ ਵਿਚ ਜਥੇਦਾਰ ਗੜਗੱਜ ਨੇ ਆਖਿਆ ਕਿ ਗੁਰਦੁਆਰਾ ਕੈਂਪਸ ਦੇ ਅੰਦਰ ਯੋਗ ਕਲਾਸਾਂ ਨਹੀਂ ਲਾਈਆਂ ਜਾ ਸਕਦੀਆਂ।

ਸਫਾ 1 ਦਾ ਬਾਕੀ

## ਇਸ ਮਹੀਨੇ ਹਜ਼ਾਰ ਕਰੋੜ ਦਾ ਹੋਰ ਕਰਜ਼ਾ ਚੁੱਕੇਗੀ ...

ਅਗਾਮੀ ਅਸੈਂਬਲੀ ਚੋਣਾਂ ਸਿਰ 'ਤੇ ਹਨ ਅਤੇ ਪਹਿਲੀ ਜੁਲਾਈ ਤੋਂ ਸਰਕਾਰ ਔਰਤਾਂ ਨੂੰ ਮਾਸਿਕ 1000 ਰੁਪਏ ਅਤੇ ਐੱਸ.ਸੀ. ਵਰਗ ਦੀਆਂ ਔਰਤਾਂ ਲਈ 1500 ਰੁਪਏ ਮਾਣ ਭੱਤਾ ਦੇਣਾ ਸ਼ੁਰੂ ਕਰੇਗੀ। ਅਗਲੇ ਮਹੀਨਿਆਂ 'ਚ ਸੂਬਾ ਸਰਕਾਰ ਨੂੰ ਨਵੇਂ ਵਿੱਤੀ ਵਸੀਲੇ ਜੁਟਾਉਣੇ ਪੈਣਗੇ। ਸਰਕਾਰ ਖ਼ਰਚਿਆਂ ਦੀ ਪੂਰਤੀ ਹਿਤ ਹੋਰ ਨਵਾਂ ਕਰਜ਼ ਚੁੱਕ ਸਕਦੀ ਹੈ। ਵਿਰੋਧੀ ਧਿਰਾਂ ਵੱਲੋਂ ਸੂਬਾ ਸਰਕਾਰ ਨੂੰ ਕਰਜ਼ੇ ਦੇ ਮੁੱਦੇ 'ਤੇ ਲਗਾਤਾਰ ਘੇਰਿਆ ਜਾ ਰਿਹਾ ਹੈ।

'ਆਪ' ਦੇ ਸੱਤਾ ਵਿਚ ਆਉਣ ਸਮੇਂ ਪੰਜਾਬ 'ਤੇ 2.82 ਲੱਖ ਕਰੋੜ ਰੁਪਏ ਦਾ ਕਰਜ਼ਾ ਸੀ, ਜੋ 31 ਮਾਰਚ 2025 ਤੱਕ ਵੱਧ ਕੇ 3.83 ਲੱਖ ਕਰੋੜ ਰੁਪਏ ਹੋ ਗਿਆ ਸੀ, ਜੋ ਜੀ.ਡੀ.ਪੀ. ਦਾ 44 ਫ਼ੀਸਦੀ ਤੋਂ ਵੱਧ ਬਣਦਾ ਹੈ। ਇਸ ਤੋਂ ਪਹਿਲਾਂ ਕਾਂਗਰਸ ਹਕੂਮਤ ਵੇਲੇ 2017-18 'ਚ ਪੰਜਾਬ 'ਤੇ ਕਰਜ਼ਾ 1.82 ਲੱਖ ਕਰੋੜ ਰੁਪਏ ਦਾ ਸੀ। ਵਿੱਤ ਮੰਤਰੀ ਚੀਮਾ ਨੇ ਕਿਹਾ ਸੀ ਕਿ ਵਿਰਾਸਤੀ ਕਰਜ਼ਾ ਉਤਾਰਨ ਲਈ ਕਰਜ਼ਾ ਚੁੱਕਣਾ ਪੈ ਰਿਹਾ ਹੈ।

ਸਫਾ 1 ਦਾ ਬਾਕੀ

## ਪੰਜਾਬ ਸਮੇਤ 5 ਸੂਬਿਆਂ 'ਚ ਵਿਧਾਨ ਸਭਾ ਚੋਣਾਂ ....

ਇਸ ਤੋਂ ਪਹਿਲਾਂ ਖ਼ਬਰਾਂ ਆਈਆਂ ਸਨ ਕਿ ਚੋਣਾਂ ਦਾ ਅਮਲ ਪਹਿਲਾਂ ਹੋ ਸਕਦਾ ਹੈ ਕਿਉਂਕਿ ਭਾਜਪਾ ਨੇ ਤਿਆਰੀਆਂ ਵਿੱਢ ਦਿੱਤੀਆਂ ਹਨ। ਭਾਜਪਾ ਨੇ ਪੰਜਾਬ ਚੋਣਾਂ ਇਕੱਲਿਆਂ ਲੜਨ ਦਾ ਐਲਾਨ ਕੀਤਾ ਹੈ ਤੇ ਉਸ ਨੇ ਕੇਵਲ ਸਿੰਘ ਢਿਲੋਂ ਨੂੰ ਪੰਜਾਬ ਦੀ ਕਮਾਨ ਸੌਂਪੀ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਲਗਾਤਾਰ ਪੰਜਾਬ 'ਚ ਰੈਲੀਆਂ ਤੇ ਇਕੱਠ ਕੀਤੇ ਜਾ ਰਹੇ ਹਨ। ਪਾਰਟੀ ਨੂੰ ਉਮੀਦ ਹੈ ਕਿ ਉਹ ਪੰਜਾਬ ਵਿਚ ਵੀ ਹੋਰਨਾਂ ਸੂਬਿਆਂ ਵਾਂਗ ਬਿਹਤਰ ਪ੍ਰਦਰਸ਼ਨ ਕਰੇਗੀ। ਦੂਜੇ ਪਾਸੇ ਆਮ ਆਦਮੀ ਪਾਰਟੀ ਵੀ ਇਹ ਦਾਅਵਾ ਕਰ ਰਹੀ ਹੈ ਕਿ ਉਹ ਲੋਕਾਂ ਦੀ ਪਾਰਟੀ ਹੈ ਤੇ ਉਸ ਨੇ ਲੋਕਾਂ ਦੀ ਭਲਾਈ ਲਈ ਕਈ ਸਕੀਮਾਂ ਚਲਾਈਆਂ ਹਨ। ਉਧਰ, ਕਾਂਗਰਸ ਨੂੰ ਉਮੀਦ ਹੈ ਕਿ ਇਸ ਵਾਰ ਉਸ ਦਾ ਪ੍ਰਦਰਸ਼ਨ ਬਿਹਤਰ ਰਹੇਗਾ ਤੇ ਉਹ ਸੱਤਾ 'ਤੇ ਕਾਬਜ਼ ਹੋਵੇਗੀ।



ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



## ਅਮਰੀਕਾ-ਇਰਾਨ ਟਕਰਾਅ

# ਜੰਗ ਤੋਂ ਸਮਝੌਤੇ ਤੱਕ – ਮੱਧ ਪੂਰਬ ਦੀ ਰਾਜਨੀਤੀ, ਤੇਲ ਬਾਜ਼ਾਰ ਅਤੇ ਦੁਨੀਆਂ ਲਈ ਵੱਡਾ ਮੋੜ



*ਇਜ਼ਰਾਈਲ ਨੇ ਹਮੇਸ਼ਾ ਇਰਾਨ ਨੂੰ ਆਪਣੇ ਲਈ ਸਭ ਤੋਂ ਵੱਡੇ ਸੁਰੱਖਿਆ ਖ਼ਤਰੇ ਵਜੋਂ ਦੇਖਿਆ ਹੈ। ਇਜ਼ਰਾਈਲ ਦਾ ਦਾਅਵਾ ਹੈ ਕਿ ਇਰਾਨ ਸਿਰਫ਼ ਆਪਣੇ ਦੇਸ਼ ਦੀ ਰੱਖਿਆ ਲਈ ਨਹੀਂ, ਸਗੋਂ ਹਿਜ਼ਬੁੱਲਾ, ਹਮਾਸ ਅਤੇ ਹੋਰ ਖੇਤਰੀ ਗਰੁੱਪਾਂ ਰਾਹੀਂ ਪੂਰੇ ਖੇਤਰ ਵਿਚ ਆਪਣਾ ਪ੍ਰਭਾਵ ਵਧਾਉਂਦਾ ਹੈ। ਇਸ ਲਈ ਜਦੋਂ ਇਰਾਨ ਅਤੇ ਇਜ਼ਰਾਈਲ ਵਿਚਕਾਰ ਤਣਾਅ ਵਧਿਆ, ਤਾਂ ਅਮਰੀਕਾ ਵੀ ਸਿੱਧੇ ਤੌਰ 'ਤੇ ਇਸ ਸੰਕਟ ਦਾ ਹਿੱਸਾ ਬਣ ਗਿਆ।*

2026 ਵਿਚ ਅਮਰੀਕਾ ਅਤੇ ਇਰਾਨ ਵਿਚਕਾਰ ਬਣੀ ਜੰਗੀ ਸਥਿਤੀ ਨੇ ਪੂਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ। ਮੱਧ ਪੂਰਬ ਪਹਿਲਾਂ ਹੀ ਗਾਜ਼ਾ ਯੁੱਧ, ਲਿਬਨਾਨ ਵਿਚ ਤਣਾਅ, ਹਿਜ਼ਬੁੱਲਾ ਦੀ ਸਰਗਰਮੀ, ਇਜ਼ਰਾਈਲ ਦੀ ਸੁਰੱਖਿਆ ਚਿੰਤਾ ਅਤੇ ਇਰਾਨ ਦੇ ਪਰਮਾਣੂ ਪ੍ਰੋਗਰਾਮ ਕਾਰਨ ਅਸਥਿਰ ਸੀ। ਪਰ ਜਦੋਂ ਅਮਰੀਕਾ, ਇਰਾਨ ਅਤੇ ਇਜ਼ਰਾਈਲ ਸਿੱਧੇ ਟਕਰਾਅ ਦੇ ਕੇਂਦਰ ਵਿਚ ਆਏ, ਤਾਂ ਇਹ ਮਾਮਲਾ ਸਿਰਫ਼ ਖੇਤਰੀ ਨਹੀਂ ਰਿਹਾ, ਸਗੋਂ ਵਿਸ਼ਵ ਪੱਧਰ ਦਾ ਸੰਕਟ ਬਣ ਗਿਆ।

ਇਸ ਟਕਰਾਅ ਦੀ ਜੜ੍ਹ ਇਰਾਨ ਦੇ ਪਰਮਾਣੂ ਪ੍ਰੋਗਰਾਮ, ਮਿਜ਼ਾਈਲ ਸਮਰੱਥਾ ਅਤੇ ਖੇਤਰੀ ਪ੍ਰਭਾਵ ਨਾਲ ਜੁੜੀ ਹੋਈ ਸੀ। ਅਮਰੀਕਾ ਲੰਮੇ ਸਮੇਂ ਤੋਂ ਇਰਾਨ 'ਤੇ ਦਬਾਅ ਬਣਾਉਂਦਾ ਆ ਰਿਹਾ ਸੀ ਕਿ ਉਹ ਪਰਮਾਣੂ ਹਥਿਆਰ ਬਣਾਉਣ ਵਾਲੇ ਰਸਤੇ ਤੋਂ ਦੂਰ ਰਹੇ। ਇਰਾਨ ਦਾ ਦਾਅਵਾ ਸੀ ਕਿ ਉਸਦਾ ਪਰਮਾਣੂ ਪ੍ਰੋਗਰਾਮ ਸ਼ਾਂਤੀਪੂਰਨ ਮਕਸਦਾਂ ਲਈ ਹੈ। ਪਰ ਅਮਰੀਕਾ ਅਤੇ ਇਜ਼ਰਾਈਲ ਨੂੰ ਇਹ ਡਰ ਸੀ ਕਿ ਇਰਾਨ ਦੀ ਤਕਨੀਕੀ ਤਰੱਕੀ ਮੱਧ ਪੂਰਬ ਦੀ ਸੁਰੱਖਿਆ ਸੰਤੁਲਨ ਨੂੰ ਬਦਲ ਸਕਦੀ ਹੈ।

ਇਜ਼ਰਾਈਲ ਨੇ ਹਮੇਸ਼ਾ ਇਰਾਨ ਨੂੰ ਆਪਣੇ ਲਈ ਸਭ ਤੋਂ ਵੱਡੇ ਸੁਰੱਖਿਆ ਖ਼ਤਰੇ ਵਜੋਂ ਦੇਖਿਆ ਹੈ। ਇਜ਼ਰਾਈਲ ਦਾ ਦਾਅਵਾ ਹੈ ਕਿ ਇਰਾਨ ਸਿਰਫ਼ ਆਪਣੇ ਦੇਸ਼ ਦੀ ਰੱਖਿਆ ਲਈ ਨਹੀਂ, ਸਗੋਂ ਹਿਜ਼ਬੁੱਲਾ, ਹਮਾਸ ਅਤੇ ਹੋਰ ਖੇਤਰੀ ਗਰੁੱਪਾਂ ਰਾਹੀਂ ਪੂਰੇ ਖੇਤਰ ਵਿਚ ਆਪਣਾ ਪ੍ਰਭਾਵ ਵਧਾਉਂਦਾ ਹੈ। ਇਸ ਲਈ ਜਦੋਂ ਇਰਾਨ ਅਤੇ ਇਜ਼ਰਾਈਲ ਵਿਚਕਾਰ ਤਣਾਅ ਵਧਿਆ, ਤਾਂ ਅਮਰੀਕਾ ਵੀ ਸਿੱਧੇ ਤੌਰ 'ਤੇ ਇਸ ਸੰਕਟ ਦਾ ਹਿੱਸਾ ਬਣ ਗਿਆ।

ਇਸ ਟਕਰਾਅ ਦੌਰਾਨ ਸਭ ਤੋਂ ਵੱਡੀ ਚਿੰਤਾ ਸਟ੍ਰੇਟ ਆਫ਼ ਹੋਰਮੁਜ਼ ਨੂੰ ਲੈ ਕੇ ਰਹੀ। ਇਹ ਦੁਨੀਆਂ ਦਾ ਸਭ ਤੋਂ ਮਹੱਤਵਪੂਰਨ ਤੇਲ ਰਸਤਾ ਹੈ, ਜਿਸ ਰਾਹੀਂ ਵੱਡੀ ਮਾਤਰਾ ਵਿਚ ਕੱਚਾ ਤੇਲ ਅਤੇ ਗੈਸ ਵਿਸ਼ਵ ਬਾਜ਼ਾਰਾਂ ਤੱਕ ਪਹੁੰਚਦੀ ਹੈ। ਜਦੋਂ ਇਸ ਰਸਤੇ ਦੀ ਸੁਰੱਖਿਆ ਉੱਤੇ ਸਵਾਲ ਖੜ੍ਹਾ ਹੋਇਆ, ਤਾਂ ਦੁਨੀਆਂ ਭਰ ਦੇ ਤੇਲ ਬਾਜ਼ਾਰਾਂ ਵਿਚ ਹੜਕੰਪ ਮਚ ਗਿਆ। ਤੇਲ ਦੀਆਂ ਕੀਮਤਾਂ ਵਧੀਆਂ, ਜਹਾਜ਼ਰਾਨੀ ਮਹਿੰਗੀ ਹੋਈ ਅਤੇ ਕਈ ਦੇਸ਼ਾਂ ਨੂੰ ਊਰਜਾ ਸਪਲਾਈ ਬਾਰੇ ਚਿੰਤਾ ਹੋਣ ਲੱਗੀ।

ਜੰਗੀ ਹਾਲਾਤਾਂ ਦਾ ਅਸਰ ਸਿਰਫ਼ ਫੌਜੀ ਖੇਤਰ ਤੱਕ ਸੀਮਤ ਨਹੀਂ ਸੀ। ਇਸ ਦਾ ਪ੍ਰਭਾਵ ਦੁਨੀਆਂ ਦੇ ਸਟਾਕ ਬਾਜ਼ਾਰਾਂ, ਵਪਾਰ, ਮਹਿੰਗਾਈ ਅਤੇ ਆਮ ਲੋਕਾਂ ਦੀ ਜੇਬ ਤੱਕ ਪਹੁੰਚਿਆ। ਕੱਚੇ ਤੇਲ ਦੀ ਕੀਮਤ ਵਧਣ ਨਾਲ ਪੈਟਰੋਲ-ਡੀਜ਼ਲ ਮਹਿੰਗਾ ਹੋਣ ਦਾ ਖ਼ਤਰਾ ਵਧਿਆ। ਟਰਾਂਸਪੋਰਟ, ਖਾਣ-ਪੀਣ ਦੀਆਂ ਚੀਜ਼ਾਂ, ਏਅਰਲਾਈਨਜ਼ ਅਤੇ ਉਦਯੋਗਿਕ ਲਾਗਤਾਂ ਉੱਤੇ ਵੀ ਇਸਦਾ ਅਸਰ ਪੈਣ ਲੱਗਾ।

ਹੁਣ ਜੂਨ 2026 ਵਿਚ ਅਮਰੀਕਾ ਅਤੇ ਇਰਾਨ ਵਿਚਕਾਰ ਇੱਕ ਅੰਤਰਿਮ ਸਮਝੌਤਾ ਸਾਹਮਣੇ ਆਇਆ ਹੈ, ਜਿਸਨੂੰ ਜੰਗ ਖਤਮ ਕਰਨ ਵੱਲ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਇਸ ਸਮਝੌਤੇ ਦੇ ਤਹਿਤ ਜੰਗਬੰਦੀ ਨੂੰ ਮਜ਼ਬੂਤ ਕਰਨ, ਸਟ੍ਰੇਟ ਆਫ਼ ਹੋਰਮੁਜ਼ ਨੂੰ ਮੁੜ ਖੋਲ੍ਹਣ ਅਤੇ ਇਰਾਨ ਦੇ ਪਰਮਾਣੂ ਪ੍ਰੋਗਰਾਮ ਬਾਰੇ ਅਗਲੀ ਗੱਲਬਾਤ ਲਈ ਰਾਹ ਖੋਲ੍ਹਣ ਦੀ ਗੱਲ ਕੀਤੀ ਗਈ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਕਹਿਣਾ ਹੈ ਕਿ ਸਮਝੌਤੇ ਵਿਚ ਇਹ ਗੱਲ ਸਪੱਸ਼ਟ ਕੀਤੀ ਗਈ ਹੈ ਕਿ ਇਰਾਨ ਪਰਮਾਣੂ ਹਥਿਆਰ ਨਹੀਂ ਬਣਾਏਗਾ। ਟਰੰਪ ਪ੍ਰਸ਼ਾਸਨ ਇਸਨੂੰ ਆਪਣੀ ਕੂਟਨੀਤਿਕ ਜਿੱਤ ਵਜੋਂ ਪੇਸ਼ ਕਰ



ਰਿਹਾ ਹੈ। ਉਸਦਾ ਦਾਅਵਾ ਹੈ ਕਿ ਦਬਾਅ ਅਤੇ ਗੱਲਬਾਤ ਦੋਵਾਂ ਦੇ ਮਿਲੇ-ਜੁਲੇ ਪ੍ਰਭਾਵ ਨਾਲ ਇਰਾਨ ਸਮਝੌਤੇ ਵੱਲ ਆਇਆ।

ਪਰ ਇਰਾਨ ਦੀ ਪਾਸੋਂ ਤਸਵੀਰ ਵੱਖਰੀ ਪੇਸ਼ ਕੀਤੀ ਜਾ ਰਹੀ ਹੈ। ਇਰਾਨੀ ਅਧਿਕਾਰੀ ਇਹ ਦਿਖਾਉਣਾ ਚਾਹੁੰਦੇ ਹਨ ਕਿ ਉਹ ਦਬਾਅ ਹੇਠ ਨਹੀਂ ਝੁਕੇ, ਸਗੋਂ ਆਪਣੇ ਕੌਮੀ ਹਿੱਤਾਂ ਨੂੰ ਦੇਖਦੇ ਹੋਏ ਗੱਲਬਾਤ ਲਈ ਤਿਆਰ ਹੋਏ। ਇਰਾਨ ਲਈ ਸਭ ਤੋਂ ਵੱਡੀ ਗੱਲ ਪਾਬੰਦੀਆਂ ਵਿਚ ਰਾਹਤ, ਤੇਲ ਵੇਚਣ ਦੀ ਛੂਟ ਅਤੇ ਆਰਥਿਕ ਸਾਹ ਲੈਣ ਦੀ ਗੁੰਜਾਇਸ਼ ਹੈ।

ਇਸ ਸਮਝੌਤੇ ਦਾ ਇੱਕ ਮਹੱਤਵਪੂਰਨ ਹਿੱਸਾ ਇਰਾਨ ਨੂੰ ਤੇਲ ਵੇਚਣ ਦੀ ਇਜਾਜ਼ਤ ਨਾਲ ਜੁੜਿਆ ਹੋਇਆ ਹੈ। ਜੇਕਰ ਇਰਾਨ ਦੁਬਾਰਾ ਖੁੱਲ੍ਹੇ ਤੌਰ 'ਤੇ ਤੇਲ ਵੇਚਣਾ ਸ਼ੁਰੂ ਕਰਦਾ ਹੈ, ਤਾਂ ਉਸਦੀ ਅਰਥਵਿਵਸਥਾ ਨੂੰ ਵੱਡੀ ਰਾਹਤ ਮਿਲ ਸਕਦੀ ਹੈ। ਕਈ ਸਾਲਾਂ ਦੀਆਂ ਪਾਬੰਦੀਆਂ ਨੇ ਇਰਾਨ ਦੀ ਆਰਥਿਕਤਾ ਨੂੰ ਕਾਫ਼ੀ ਕਮਜ਼ੋਰ ਕੀਤਾ ਹੈ। ਤੇਲ ਇਰਾਨ ਦੀ ਆਮਦਨ ਦਾ ਕੇਂਦਰੀ ਸਰੋਤ ਹੈ ਅਤੇ ਇਸ ਖੇਤਰ ਵਿਚ ਰਾਹਤ ਉਸ ਲਈ ਜੀਵਨ-ਰੇਖਾ ਸਾਬਤ ਹੋ ਸਕਦੀ ਹੈ।

ਤੇਲ ਬਾਜ਼ਾਰਾਂ ਨੇ ਵੀ ਇਸ ਸਮਝੌਤੇ ਨੂੰ ਤੁਰੰਤ ਮਹਿਸੂਸ ਕੀਤਾ। ਜਿਵੇਂ ਹੀ ਹੋਰਮੁਜ਼ ਖੁੱਲ੍ਹਣ ਅਤੇ ਇਰਾਨੀ ਤੇਲ ਦੀ ਸੰਭਾਵਿਤ ਵਾਪਸੀ ਦੀ ਖ਼ਬਰ ਆਈ, ਕੱਚੇ ਤੇਲ ਦੀਆਂ ਕੀਮਤਾਂ ਵਿਚ ਗਿਰਾਵਟ ਦੇਖਣ ਨੂੰ ਮਿਲੀ। ਇਸ ਨਾਲ ਦੁਨੀਆਂ ਭਰ ਦੇ ਬਾਜ਼ਾਰਾਂ ਵਿਚ ਕੁਝ ਰਾਹਤ ਆਈ। ਨਿਵੇਸ਼ਕਾਂ ਨੂੰ ਲੱਗਾ ਕਿ ਜੇਕਰ ਇਹ ਸਮਝੌਤਾ ਕਾਇਮ ਰਹਿੰਦਾ ਹੈ, ਤਾਂ ਊਰਜਾ ਸੰਕਟ ਕੁਝ ਹੱਦ ਤੱਕ ਘੱਟ ਸਕਦਾ ਹੈ।

ਪਰ ਇਹ ਸਮਝੌਤਾ ਅਜੇ ਪੂਰੀ ਸ਼ਾਂਤੀ ਦੀ ਗਾਰੰਟੀ ਨਹੀਂ ਹੈ। ਇਹ ਸਿਰਫ਼ ਇੱਕ ਅੰਤਰਿਮ ਕਦਮ ਹੈ। ਅਸਲ ਚੁਣੌਤੀ ਹੁਣ ਸ਼ੁਰੂ ਹੁੰਦੀ ਹੈ। ਅਗਲੇ 60 ਦਿਨਾਂ ਦੀ ਗੱਲਬਾਤ ਵਿਚ ਇਹ ਤੈਅ ਹੋਵੇਗਾ ਕਿ ਇਰਾਨ ਦਾ ਪਰਮਾਣੂ ਪ੍ਰੋਗਰਾਮ ਕਿਵੇਂ ਨਿਗਰਾਨੀ ਹੇਠ ਆਵੇਗਾ, ਕਿਹੜੀਆਂ ਪਾਬੰਦੀਆਂ ਹਟਣਗੀਆਂ, ਕਿਹੜੀਆਂ ਸ਼ਰਤਾਂ ਲਾਗੂ ਰਹਿਣਗੀਆਂ ਅਤੇ ਕਿਹੜੀ ਅੰਤਰਰਾਸ਼ਟਰੀ ਸੰਸਥਾ ਇਸਦੀ ਤਸਦੀਕ ਕਰੇਗੀ।

ਇਜ਼ਰਾਈਲ ਇਸ ਸਮਝੌਤੇ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਦਿਖਾਈ ਦਿੰਦਾ। ਇਜ਼ਰਾਈਲੀ ਨੇਤਾਵਾਂ ਦੀ ਚਿੰਤਾ ਹੈ ਕਿ ਜੇਕਰ ਇਰਾਨ ਨੂੰ ਤੇਲ ਵੇਚਣ ਅਤੇ ਆਰਥਿਕ ਰਾਹਤ ਮਿਲਦੀ ਹੈ, ਤਾਂ ਉਹ ਦੁਬਾਰਾ ਆਪਣੀ ਮਿਜ਼ਾਈਲ ਸਮਰੱਥਾ ਅਤੇ ਖੇਤਰੀ ਗਰੁੱਪਾਂ ਲਈ ਸਹਾਇਤਾ ਵਧਾ ਸਕਦਾ ਹੈ। ਇਜ਼ਰਾਈਲ ਚਾਹੁੰਦਾ ਹੈ ਕਿ ਸਮਝੌਤੇ ਵਿਚ ਸਿਰਫ਼ ਪਰਮਾਣੂ ਪ੍ਰੋਗਰਾਮ ਹੀ ਨਹੀਂ, ਸਗੋਂ ਮਿਜ਼ਾਈਲ ਪ੍ਰੋਗਰਾਮ ਅਤੇ ਖੇਤਰੀ ਮਿਲੀਸ਼ੀਆ ਗਰੁੱਪਾਂ ਦੀ ਭੂਮਿਕਾ ਵੀ ਸ਼ਾਮਲ ਹੋਵੇ।

ਲਿਬਨਾਨ ਦਾ ਮਸਲਾ ਵੀ ਇਸ ਸਮਝੌਤੇ ਲਈ ਵੱਡੀ ਰੁਕਾਵਟ ਬਣ ਸਕਦਾ ਹੈ। ਇਰਾਨ ਨੇ ਇਸ਼ਾਰਾ ਕੀਤਾ ਹੈ ਕਿ ਖੇਤਰ ਵਿਚ ਸ਼ਾਂਤੀ ਲਈ ਇਜ਼ਰਾਈਲ ਦੀ ਲਿਬਨਾਨੀ ਇਲਾਕਿਆਂ ਵਿਚ ਫੌਜੀ ਮੌਜੂਦਗੀ ਅਤੇ ਕਾਰਵਾਈਆਂ ਵੀ ਰੁਕਣੀਆਂ ਚਾਹੀਦੀਆਂ ਹਨ। ਦੂਜੇ ਪਾਸੇ ਇਜ਼ਰਾਈਲ ਕਹਿੰਦਾ ਹੈ ਕਿ ਉਹ ਆਪਣੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇਗਾ। ਇਸ ਕਰਕੇ ਇਰਾਨ-ਅਮਰੀਕਾ ਸਮਝੌਤਾ ਹੋਣ ਦੇ ਬਾਵਜੂਦ ਇਰਾਨ-ਇਜ਼ਰਾਈਲ ਤਣਾਅ ਜਾਰੀ ਰਹਿ ਸਕਦਾ ਹੈ।

ਅਮਰੀਕਾ ਲਈ ਵੀ ਇਹ ਸਮਝੌਤਾ ਆਸਾਨ ਨਹੀਂ ਹੈ। ਟਰੰਪ ਪ੍ਰਸ਼ਾਸਨ ਨੂੰ ਘਰੇਲੂ ਰਾਜਨੀਤੀ ਵਿਚ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੁਝ ਰਿਪਬਲਿਕਨ ਆਗੂ ਮੰਨਦੇ ਹਨ ਕਿ ਇਰਾਨ ਨੂੰ ਆਰਥਿਕ ਰਾਹਤ ਦੇਣਾ ਖ਼ਤਰਨਾਕ ਹੋ ਸਕਦਾ ਹੈ। ਦੂਜੇ ਪਾਸੇ ਕੁਝ ਲੋਕਾਂ ਦਾ ਮੰਨਣਾ ਹੈ ਕਿ ਜੰਗ ਨੂੰ ਖਤਮ ਕਰਨਾ ਅਤੇ ਤੇਲ ਕੀਮਤਾਂ ਨੂੰ ਕਾਬੂ ਵਿਚ ਲਿਆਉਣਾ ਅਮਰੀਕਾ ਦੇ ਹਿੱਤ ਵਿਚ ਹੈ।

ਇਰਾਨ ਦੀ ਅੰਦਰੂਨੀ ਰਾਜਨੀਤੀ ਵੀ ਬਹੁਤ ਮਹੱਤਵਪੂਰਨ ਹੈ। ਜੇਕਰ ਇਰਾਨ ਦੇ ਕੱਟੜਪੰਥੀ ਧੜੇ ਇਸ ਸਮਝੌਤੇ ਨੂੰ ਕਮਜ਼ੋਰੀ ਵਜੋਂ ਪੇਸ਼ ਕਰਦੇ ਹਨ, ਤਾਂ ਨਵੀਂ ਗੱਲਬਾਤ ਮੁਸ਼ਕਲ ਹੋ ਸਕਦੀ ਹੈ। ਪਰ ਜੇਕਰ ਆਮ ਲੋਕਾਂ ਨੂੰ ਆਰਥਿਕ ਰਾਹਤ ਮਿਲਦੀ ਹੈ, ਮਹਿੰਗਾਈ ਘਟਦੀ ਹੈ ਅਤੇ ਤੇਲ ਆਮਦਨ ਵਾਪਸ ਆਉਂਦੀ ਹੈ, ਤਾਂ ਸਰਕਾਰ ਇਸਨੂੰ ਆਪਣੀ ਕਾਮਯਾਬੀ ਵਜੋਂ ਦਿਖਾ ਸਕਦੀ ਹੈ।

ਇਸ ਪੂਰੇ ਮਾਮਲੇ ਵਿਚ ਯੂਰਪ, ਚੀਨ, ਰੂਸ ਅਤੇ ਖਾੜੀ ਦੇਸ਼ਾਂ ਦੀ ਭੂਮਿਕਾ ਵੀ ਅਹਿਮ ਰਹੇਗੀ। ਯੂਰਪ ਚਾਹੁੰਦਾ ਹੈ ਕਿ ਪਰਮਾਣੂ ਮਸਲਾ ਗੱਲਬਾਤ ਨਾਲ ਹੱਲ ਹੋਵੇ। ਚੀਨ ਇਰਾਨੀ ਤੇਲ ਦਾ ਵੱਡਾ ਖਰੀਦਦਾਰ ਹੋ ਸਕਦਾ ਹੈ। ਰੂਸ ਅਮਰੀਕੀ ਪ੍ਰਭਾਵ ਘਟਦਾ ਦੇਖਣਾ ਚਾਹੁੰਦਾ ਹੈ। ਖਾੜੀ ਦੇਸ਼, ਖ਼ਾਸ ਕਰਕੇ ਸਾਊਦੀ ਅਰਬ ਅਤੇ ਯੂ.ਏ.ਈ. ਇਹ ਚਾਹੁੰਦੇ ਹਨ ਕਿ ਹੋਰਮੁਜ਼ ਸੁਰੱਖਿਅਤ ਰਹੇ ਅਤੇ ਖੇਤਰ ਵਿਚ ਵੱਡੀ ਜੰਗ ਨਾ ਛਿੜੇ।

ਇਸ ਜੰਗ ਅਤੇ ਸਮਝੌਤੇ ਨੇ ਇੱਕ ਗੱਲ ਸਾਫ਼ ਕਰ ਦਿੱਤੀ ਹੈ ਕਿ ਮੱਧ ਪੂਰਬ ਦੀ ਕੋਈ ਵੀ ਵੱਡੀ ਘਟਨਾ ਸਿਰਫ਼ ਮੱਧ ਪੂਰਬ ਤੱਕ ਸੀਮਤ ਨਹੀਂ ਰਹਿੰਦੀ। ਇਸਦਾ ਅਸਰ ਕੈਲੀਫੋਰਨੀਆ ਤੋਂ ਲੈ ਕੇ ਦਿੱਲੀ, ਲੰਡਨ, ਟੋਕਿਓ ਅਤੇ ਬੀਜਿੰਗ ਤੱਕ ਪੈਂਦਾ ਹੈ। ਤੇਲ ਦੀ ਕੀਮਤ ਵਧੇ ਤਾਂ ਆਮ ਆਦਮੀ ਦਾ ਖਰਚਾ ਵਧਦਾ ਹੈ। ਸਮੁੰਦਰੀ ਰਸਤੇ ਅਸੁਰੱਖਿਅਤ ਹੋਣ ਤਾਂ ਵਪਾਰ ਮਹਿੰਗਾ ਹੁੰਦਾ ਹੈ। ਜੰਗ ਦਾ ਡਰ ਵਧੇ, ਤਾਂ ਨਿਵੇਸ਼ਕ ਪੈਸਾ ਬਾਜ਼ਾਰਾਂ ਤੋਂ ਕੱਢਣ ਲੱਗਦੇ ਹਨ।

ਹੁਣ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਇਹ ਸਮਝੌਤਾ ਸਥਾਈ ਸ਼ਾਂਤੀ ਲਿਆ ਸਕੇਗਾ ਜਾਂ ਸਿਰਫ਼ ਇੱਕ ਅਸਥਾਈ ਰਾਹਤ ਹੈ। ਜਵਾਬ ਆਸਾਨ ਨਹੀਂ ਹੈ। ਜੇਕਰ ਅਮਰੀਕਾ, ਇਰਾਨ ਅਤੇ ਇਜ਼ਰਾਈਲ ਸੰਜਮ ਨਾਲ ਅੱਗੇ ਵਧਦੇ ਹਨ, ਤਾਂ ਇਹ ਸਮਝੌਤਾ ਮੱਧ ਪੂਰਬ ਵਿਚ ਨਵੇਂ ਕੂਟਨੀਤਿਕ ਦੌਰ ਦੀ ਸ਼ੁਰੂਆਤ ਕਰ ਸਕਦਾ ਹੈ। ਪਰ ਜੇਕਰ ਲਿਬਨਾਨ, ਹਿਜ਼ਬੁੱਲਾ, ਪਰਮਾਣੂ ਜਾਂ ਮਿਜ਼ਾਈਲ ਮਸਲਿਆਂ 'ਤੇ ਦੁਬਾਰਾ ਟਕਰਾਅ ਵਧਦਾ ਹੈ, ਤਾਂ ਇਹ ਸਮਝੌਤਾ ਟੁੱਟ ਵੀ ਸਕਦਾ ਹੈ।

ਇਸ ਵੇਲੇ ਦੁਨੀਆਂ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜੰਗ ਰੁਕੇ, ਤੇਲ ਰਸਤੇ ਖੁੱਲ੍ਹੇ ਰਹਿਣ, ਪਰਮਾਣੂ ਹਥਿਆਰਾਂ ਦਾ ਖ਼ਤਰਾ ਘਟੇ ਅਤੇ ਮੱਧ ਪੂਰਬ ਵਿਚ ਆਮ ਲੋਕਾਂ ਦੀ ਜ਼ਿੰਦਗੀ ਮੁੜ ਸਾਧਾਰਣ ਹੋਵੇ। ਅਮਰੀਕਾ ਅਤੇ ਇਰਾਨ ਦੋਵਾਂ ਲਈ ਇਹ ਸਮਾਂ ਜਿੱਤ ਦਾ ਦਾਅਵਾ ਕਰਨ ਦਾ ਨਹੀਂ, ਸਗੋਂ ਸਮਝਦਾਰੀ ਨਾਲ ਅੱਗੇ ਵਧਣ ਦਾ ਹੈ।

ਕੁੱਲ ਮਿਲਾ ਕੇ, 2026 ਦਾ ਅਮਰੀਕਾ-ਇਰਾਨ ਟਕਰਾਅ ਦੁਨੀਆਂ ਲਈ ਇੱਕ ਵੱਡਾ ਸਬਕ ਹੈ। ਤਾਕਤ ਨਾਲ ਤਣਾਅ ਵਧ ਸਕਦਾ ਹੈ, ਪਰ ਅੰਤ ਵਿਚ ਰਾਹ ਗੱਲਬਾਤ ਰਾਹੀਂ ਹੀ ਨਿਕਲਦਾ ਹੈ। ਇਹ ਸਮਝੌਤਾ ਅੰਤਿਮ ਹੱਲ ਨਹੀਂ, ਪਰ ਇੱਕ ਮੌਕਾ ਹੈ। ਜੇ ਇਹ ਮੌਕਾ ਸਿਆਣਪ ਨਾਲ ਵਰਤਿਆ ਗਿਆ, ਤਾਂ ਮੱਧ ਪੂਰਬ ਵਿਚ ਸ਼ਾਂਤੀ ਦੀ ਨਵੀਂ ਸ਼ੁਰੂਆਤ ਹੋ ਸਕਦੀ ਹੈ। ਜੇ ਇਹ ਮੌਕਾ ਹੱਥੋਂ ਨਿਕਲ ਗਿਆ, ਤਾਂ ਦੁਨੀਆਂ ਨੂੰ ਇੱਕ ਹੋਰ ਵੱਡੇ ਸੰਕਟ ਲਈ ਤਿਆਰ ਰਹਿਣਾ ਪੈ ਸਕਦਾ ਹੈ।

ਕੰਪਾਈਲਰ, ਲੇਖਕ, ਵਕੀਲ
ਕਿਸ਼ਨ ਸੰਮੁਖਦਾਸ ਭਵਨਾਨੀ
ਗੋਂਡੀਆ, ਮਹਾਰਾਸ਼ਟਰ
92841-41425
ਪੰਜਾਬ ਮੇਲ USA



# ਕੀ ਹੋਰਮੁਜ਼ ਜਲਡਮਰੂ ਦੇ ਬੰਦ ਹੋਣ ਨਾਲ ਨਾ ਸਿਰਫ਼ ਖੇਤਰੀ ਸਗੋਂ ਵਿਸ਼ਵ ਅਰਥਵਿਵਸਥਾ 'ਤੇ ਵੀ ਅਸਰ ਪੈਣ ਦੀ ਸੰਭਾਵਨਾ ਹੈ?




**ਇਹ ਸੰਕਟ ਭਾਰਤ ਲਈ ਖਾਸ ਤੌਰ 'ਤੇ ਮਹੱਤਵਪੂਰਨ ਹੈ, ਕਿਉਂਕਿ ਦੇਸ਼ ਆਪਣੇ ਕੱਚੇ ਤੇਲ ਦਾ 80 ਪ੍ਰਤੀਸ਼ਤ ਤੋਂ ਵੱਧ ਆਯਾਤ ਕਰਦਾ ਹੈ। ਭਾਰਤ ਦੀਆਂ ਊਰਜਾ ਜ਼ਰੂਰਤਾਂ ਦਾ ਇੱਕ ਮਹੱਤਵਪੂਰਨ ਹਿੱਸਾ ਖਾੜੀ ਖੇਤਰ ਰਾਹੀਂ ਪੂਰਾ ਕੀਤਾ ਜਾਂਦਾ ਹੈ, ਅਤੇ ਇੱਕ ਮਹੱਤਵਪੂਰਨ ਹਿੱਸਾ ਹੋਰਮੁਜ਼ ਜਲਡਮਰੂ ਰਾਹੀਂ ਆਉਂਦਾ ਹੈ।**

ਵਿਸ਼ਵ ਪੱਧਰ 'ਤੇ, ਪੱਛਮੀ ਏਸ਼ੀਆ ਇੱਕ ਵਾਰ ਫਿਰ ਵਿਸ਼ਵ ਭੂ-ਰਾਜਨੀਤਿਕ ਉਥਲ-ਪੁਥਲ ਦਾ ਕੇਂਦਰ ਬਣ ਗਿਆ ਹੈ। 11 ਜੂਨ, 2026 ਨੂੰ ਸਥਿਤੀ ਉਦੋਂ ਹੋਰ ਵਿਗੜ ਗਈ, ਜਦੋਂ ਈਰਾਨ ਨੇ ਸੰਯੁਕਤ ਰਾਜ ਅਮਰੀਕਾ ਨਾਲ ਵਧਦੇ ਫੌਜੀ ਟਕਰਾਅ ਦੇ ਵਿਚਕਾਰ ਸਾਰੇ ਵਪਾਰਕ ਜਹਾਜ਼ਾਂ ਅਤੇ ਤੇਲ ਟੈਂਕਰਾਂ ਲਈ ਹੋਰਮੁਜ਼ ਜਲਡਮਰੂ ਨੂੰ ਬੰਦ ਕਰਨ ਦਾ ਐਲਾਨ ਕੀਤਾ। ਈਰਾਨੀ ਫੌਜੀ ਲੀਡਰਸ਼ਿਪ ਨੇ ਚੇਤਾਵਨੀ ਦਿੱਤੀ ਹੈ ਕਿ ਜਲਡਮਰੂ ਵਿੱਚੋਂ ਲੰਘਣ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਜਹਾਜ਼ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਅਮਰੀਕਾ ਅਤੇ ਈਰਾਨ ਵਿਚਕਾਰ ਸਮੁੰਦਰੀ ਟਕਰਾਅ ਅਤੇ ਬਾਅਦ ਵਿਚ ਅਮਰੀਕੀ ਫੌਜੀ ਕਾਰਵਾਈਆਂ ਤੋਂ ਬਾਅਦ ਕਥਿਤ ਤੌਰ 'ਤੇ ਇਸ ਕਦਮ ਨੇ ਵਿਸ਼ਵ ਊਰਜਾ ਬਾਜ਼ਾਰਾਂ 'ਚ ਵਿਆਪਕ ਚਿੰਤਾ ਪੈਦਾ ਕਰ ਦਿੱਤੀ ਹੈ। ਬ੍ਰੈਂਟ ਕਰੂਡ ਦੀਆਂ ਕੀਮਤਾਂ ਲਗਭਗ $95.40 ਪ੍ਰਤੀ ਬੈਰਲ ਤੱਕ ਪਹੁੰਚ ਗਈਆਂ ਹਨ ਅਤੇ ਯੂ.ਐੱਸ. ਡਬਲਯੂ.ਟੀ.ਆਈ. ਲਗਭਗ $92.6 ਪ੍ਰਤੀ ਬੈਰਲ ਤੱਕ ਪਹੁੰਚ ਗਿਆ ਹੈ। ਕਿਉਂਕਿ ਦੁਨੀਆਂ ਦੀ ਤੇਲ ਅਤੇ ਗੈਸ ਸਪਲਾਈ ਦਾ ਲਗਭਗ 20 ਪ੍ਰਤੀਸ਼ਤ ਇਸ ਰਸਤੇ ਤੋਂ ਲੰਘਦਾ ਹੈ, ਇਸ ਵਿਕਾਸ ਨੇ ਊਰਜਾ ਸੁਰੱਖਿਆ, ਵਿਸ਼ਵ ਵਪਾਰ, ਮਹਿੰਗਾਈ ਅਤੇ ਆਰਥਿਕ ਸਥਿਰਤਾ ਬਾਰੇ ਨਵੀਆਂ ਚਿੰਤਾਵਾਂ ਪੈਦਾ ਕੀਤੀਆਂ ਹਨ। ਭਾਰਤ ਨੇ ਸੰਯੁਕਤ ਰਾਸ਼ਟਰ 'ਚ ਖਾੜੀ ਖੇਤਰ ਵਿਚ ਵਪਾਰੀ ਜਹਾਜ਼ਾਂ 'ਤੇ ਵੱਧ ਰਹੇ ਹਮਲਿਆਂ ਅਤੇ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਬਾਰੇ ਵੀ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਮੌਜੂਦਾ ਵਿਕਾਸ ਨੂੰ ਸਿਰਫ਼ ਇੱਕ ਖੇਤਰੀ ਟਕਰਾਅ ਵਜੋਂ ਨਹੀਂ, ਸਗੋਂ ਵਿਸ਼ਵ ਅਰਥਵਿਵਸਥਾ ਲਈ ਇੱਕ ਵੱਡੇ ਝਟਕੇ ਵਜੋਂ ਦੇਖਿਆ ਜਾ ਰਿਹਾ ਹੈ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਹੋਰਮੁਜ਼ ਜਲਡਮਰੂ ਨੂੰ ਵਿਸ਼ਵ ਊਰਜਾ ਪ੍ਰਣਾਲੀ ਦਾ ਇੱਕ ਮਹੱਤਵਪੂਰਨ ਹਿੱਸਾ ਮੰਨਿਆ ਜਾਂਦਾ ਹੈ। ਇਹ ਤੰਗ ਸਮੁੰਦਰੀ ਰਸਤਾ, ਜੋ ਕਿ ਫਾਰਸ ਦੀ ਖਾੜੀ ਨੂੰ ਅਰਬ ਸਾਗਰ ਨਾਲ ਜੋੜਦਾ ਹੈ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ, ਕੁਵੈਤ, ਕਤਰ, ਇਰਾਕ ਅਤੇ ਈਰਾਨ ਵਰਗੇ ਪ੍ਰਮੁੱਖ ਊਰਜਾ ਉਤਪਾਦਕ ਦੇਸ਼ਾਂ ਲਈ ਇੱਕ ਪ੍ਰਮੁੱਖ ਨਿਰਯਾਤ ਰਸਤਾ ਹੈ। ਆਮ ਹਾਲਤਾਂ ਵਿਚ, ਲੱਖਾਂ ਬੈਰਲ ਤੇਲ ਅਤੇ ਵੱਡੀ ਮਾਤਰਾ ਵਿਚ ਐੱਲ.ਐੱਨ.ਜੀ. ਹਰ ਰੋਜ਼ ਇਸ ਰਸਤੇ ਰਾਹੀਂ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿਚ ਯਾਤਰਾ ਕਰਦੇ ਹਨ। ਇਸ ਲਈ, ਇਸ ਜਲ ਮਾਰਗ ਵਿਚ ਕੋਈ ਵੀ ਰੁਕਾਵਟ ਸਿੱਧੇ ਤੌਰ 'ਤੇ ਅੰਤਰਰਾਸ਼ਟਰੀ ਊਰਜਾ ਬਾਜ਼ਾਰਾਂ ਨੂੰ ਪ੍ਰਭਾਵਤ ਕਰਦੀ ਹੈ। ਮੌਜੂਦਾ ਸੰਕਟ ਦੌਰਾਨ ਵੀ, ਨਿਵੇਸ਼ਕ ਅਤੇ ਊਰਜਾ ਕੰਪਨੀਆਂ ਨੇ ਸਪਲਾਈ ਵਿਘਨ ਦੀ ਉਮੀਦ ਕਰਦੇ ਹੋਏ ਤੇਲ ਖਰੀਦਣਾ ਸ਼ੁਰੂ ਕਰ ਦਿੱਤਾ, ਜਿਸਦੇ ਨਤੀਜੇ ਵਜੋਂ ਕੱਚੇ ਤੇਲ ਦੀਆਂ ਕੀਮਤਾਂ ਵਿਚ ਤੁਰੰਤ ਵਾਧਾ ਹੋਇਆ।

ਦੋਸਤੋ, ਅੰਤਰਰਾਸ਼ਟਰੀ ਬਾਜ਼ਾਰਾਂ ਤੋਂ ਸ਼ੁਰੂਆਤੀ ਪ੍ਰਤੀਕਿਰਿਆ ਤੇਲ ਦੀਆਂ ਕੀਮਤਾਂ ਵਿਚ ਵਾਧਾ ਰਹੀ ਹੈ। ਬ੍ਰੈਂਟ ਕਰੂਡ ਲਗਭਗ $95 ਪ੍ਰਤੀ ਬੈਰਲ ਤੱਕ ਪਹੁੰਚ ਗਿਆ ਹੈ, ਜਦੋਂ ਕਿ ਡਬਲਯੂ.ਟੀ.ਆਈ. ਵੀ 92 ਡਾਲਰ ਪ੍ਰਤੀ ਬੈਰਲ ਦੇ ਆਸਪਾਸ ਵਪਾਰ ਕਰ ਰਿਹਾ ਹੈ। ਊਰਜਾ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਜਲਡਮਰੂ ਲੰਬੇ ਸਮੇਂ ਲਈ ਬੰਦ ਰਹਿੰਦਾ ਹੈ ਜਾਂ ਫੌਜੀ ਟਕਰਾਅ ਵਧਦਾ ਹੈ, ਤਾਂ ਤੇਲ ਦੀਆਂ ਕੀਮਤਾਂ ਪ੍ਰਤੀ ਬੈਰਲ 100 ਡਾਲਰ ਤੋਂ ਵੀ ਵੱਧ ਸਕਦੀਆਂ ਹਨ। ਗਲੋਬਲ ਵਿੱਤੀ ਬਾਜ਼ਾਰਾਂ ਵਿਚ ਵੀ ਵਧੀ ਹੋਈ ਅਸਥਿਰਤਾ ਦਾ ਅਨੁਭਵ ਹੋਣ ਦੀ ਉਮੀਦ ਹੈ, ਕਿਉਂਕਿ ਊਰਜਾ ਦੀਆਂ ਲਾਗਤਾਂ ਲਗਭਗ ਹਰ ਆਰਥਿਕ ਗਤੀਵਿਧੀ ਨੂੰ ਪ੍ਰਭਾਵਤ ਕਰਦੀਆਂ ਹਨ।

ਦੋਸਤੋ, ਇਹ ਸੰਕਟ ਭਾਰਤ ਲਈ ਖਾਸ ਤੌਰ 'ਤੇ ਮਹੱਤਵਪੂਰਨ ਹੈ, ਕਿਉਂਕਿ ਦੇਸ਼ ਆਪਣੇ ਕੱਚੇ ਤੇਲ ਦਾ 80 ਪ੍ਰਤੀਸ਼ਤ ਤੋਂ ਵੱਧ ਆਯਾਤ ਕਰਦਾ ਹੈ। ਭਾਰਤ ਦੀਆਂ ਊਰਜਾ ਜ਼ਰੂਰਤਾਂ ਦਾ ਇੱਕ ਮਹੱਤਵਪੂਰਨ ਹਿੱਸਾ ਖਾੜੀ ਖੇਤਰ ਰਾਹੀਂ ਪੂਰਾ ਕੀਤਾ ਜਾਂਦਾ ਹੈ, ਅਤੇ ਇੱਕ ਮਹੱਤਵਪੂਰਨ ਹਿੱਸਾ ਹੋਰਮੁਜ਼ ਜਲਡਮਰੂ ਰਾਹੀਂ ਆਉਂਦਾ ਹੈ। ਇਸ ਲਈ, ਇਸ ਰਸਤੇ ਵਿਚ ਕੋਈ ਵੀ ਰੁਕਾਵਟ ਸਿੱਧੇ ਤੌਰ 'ਤੇ ਭਾਰਤ ਦੀ ਊਰਜਾ ਸੁਰੱਖਿਆ ਨੂੰ ਪ੍ਰਭਾਵਤ ਕਰਦੀ ਹੈ। ਜੇਕਰ ਤੇਲ ਦੀ ਸਪਲਾਈ ਪ੍ਰਭਾਵਿਤ ਹੁੰਦੀ ਹੈ, ਤਾਂ ਭਾਰਤ ਦਾ ਆਯਾਤ ਬਿੱਲ ਵਧੇਗਾ, ਚਾਲੂ ਖਾਤੇ ਦਾ ਘਾਟਾ ਵਧ ਸਕਦਾ ਹੈ ਅਤੇ ਰੁਪਏ 'ਤੇ ਦਬਾਅ ਪੈ ਸਕਦਾ ਹੈ। ਵਧਦੀ ਊਰਜਾ ਦਰਾਮਦ ਲਾਗਤ ਅੰਤ ਵਿਚ ਖਪਤਕਾਰਾਂ ਤੱਕ ਪਹੁੰਚਦੀ ਹੈ, ਜਿਸ ਨਾਲ ਮਹਿੰਗਾਈ ਵਧਦੀ ਹੈ। ਪਹਿਲਾ ਪ੍ਰਭਾਵ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਤੇ ਦੇਖਿਆ ਜਾ ਸਕਦਾ ਹੈ। ਅੰਤਰਰਾਸ਼ਟਰੀ ਬਾਜ਼ਾਰ ਵਿਚ ਕੱਚੇ ਤੇਲ ਦੀ ਕੀਮਤ ਭਾਰਤੀ ਤੇਲ ਮਾਰਕੀਟਿੰਗ ਕੰਪਨੀਆਂ ਲਈ ਲਾਗਤਾਂ ਨੂੰ ਵਧਾਉਂਦੀ ਹੈ। ਜੇਕਰ ਮੌਜੂਦਾ ਤਣਾਅ ਕਈ ਹੋਰ ਦਿਨਾਂ ਜਾਂ ਹਫ਼ਤਿਆਂ ਤੱਕ ਜਾਰੀ ਰਹਿੰਦਾ ਹੈ, ਤਾਂ ਪੈਟਰੋਲ ਅਤੇ ਡੀਜ਼ਲ ਦੀਆਂ ਪ੍ਰਚੂਨ ਕੀਮਤਾਂ ਵਿਚ ਮਹੱਤਵਪੂਰਨ ਵਾਧੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮਾਹਿਰਾਂ ਦਾ ਅੰਦਾਜ਼ਾ ਹੈ ਕਿ ਜੇਕਰ ਤੇਲ ਦੀਆਂ ਉੱਚੀਆਂ ਕੀਮਤਾਂ ਲੰਬੇ ਸਮੇਂ ਤੱਕ ਜਾਰੀ ਰਹਿੰਦੀਆਂ ਹਨ, ਤਾਂ ਬਾਲਣ ਦੀਆਂ ਕੀਮਤਾਂ ਪ੍ਰਤੀ ਲੀਟਰ ਕਈ ਰੁਪਏ ਵੱਧ ਸਕਦੀਆਂ ਹਨ। ਇਸਦਾ ਸਿੱਧਾ ਅਸਰ ਆਮ ਨਾਗਰਿਕਾਂ, ਕਿਸਾਨਾਂ, ਉਦਯੋਗਾਂ ਅਤੇ ਆਵਾਜਾਈ ਖੇਤਰ 'ਤੇ ਪਵੇਗਾ। ਪੈਟਰੋਲ ਅਤੇ ਡੀਜ਼ਲ ਸਿਰਫ਼ ਵਾਹਨਾਂ ਲਈ ਬਾਲਣ ਨਹੀਂ ਹਨ, ਸਗੋਂ ਪੂਰੀ ਅਰਥਵਿਵਸਥਾ ਦਾ ਜੀਵਨ ਹੈ। ਡੀਜ਼ਲ ਦੀਆਂ ਕੀਮਤਾਂ ਵਿਚ ਵਾਧੇ ਦਾ ਮਤਲਬ ਹੈ ਟਰੱਕਾਂ, ਬੱਸਾਂ ਅਤੇ ਮਾਲ ਢੋਆ-ਢੁਆਈ ਵਾਹਨਾਂ ਲਈ ਉੱਚ ਸੰਚਾਲਨ ਲਾਗਤਾਂ। ਜਦੋਂ ਆਵਾਜਾਈ ਮਹਿੰਗੀ ਹੋ ਜਾਂਦੀ ਹੈ, ਤਾਂ ਫਲ, ਸਬਜ਼ੀਆਂ, ਦੁੱਧ, ਅਨਾਜ, ਦਵਾਈਆਂ ਅਤੇ ਹੋਰ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਵੀ ਵਧ ਜਾਂਦੀਆਂ ਹਨ। ਇਸੇ ਕਰਕੇ ਤੇਲ ਦੀਆਂ ਵਧਦੀਆਂ ਕੀਮਤਾਂ ਨੂੰ ਅਕਸਰ "ਮਹਿੰਗਾਈ ਦੀ ਮਾਂ" ਕਿਹਾ ਜਾਂਦਾ ਹੈ। ਇੱਕ ਵਾਰ ਬਾਲਣ ਦੀਆਂ ਕੀਮਤਾਂ ਵਧਣ 'ਤੇ, ਉਨ੍ਹਾਂ ਦਾ ਪ੍ਰਭਾਵ ਅਰਥਵਿਵਸਥਾ ਦੇ ਲਗਭਗ ਹਰ ਖੇਤਰ ਵਿਚ ਮਹਿਸੂਸ ਕੀਤਾ ਜਾਂਦਾ ਹੈ।

ਦੋਸਤੋ, 7 ਜੂਨ, 2026 ਨੂੰ ਮਾਇਆ (ਸਰਦੀਆਂ) ਦੀ ਸ਼ੁਰੂਆਤ ਅਤੇ ਖੇਤੀਬਾੜੀ ਕਾਰਜ ਪਹਿਲਾਂ ਹੀ ਚੱਲ ਰਹੇ ਹਨ, ਇਸ ਸੰਕਟ ਤੋਂ ਖੇਤੀਬਾੜੀ ਖੇਤਰ ਵੀ ਨਹੀਂ ਬਚੇਗਾ। ਭਾਰਤ ਵਿਚ, ਸਿੰਚਾਈ, ਖੇਤੀਬਾੜੀ ਮਸ਼ੀਨਰੀ ਅਤੇ ਭੋਜਨ ਸਪਲਾਈ ਲੜੀ ਦਾ ਇੱਕ ਵੱਡਾ ਹਿੱਸਾ ਡੀਜ਼ਲ 'ਤੇ ਨਿਰਭਰ ਕਰਦਾ ਹੈ। ਡੀਜ਼ਲ ਦੀਆਂ ਕੀਮਤਾਂ ਕਿਸਾਨਾਂ ਦੀਆਂ ਲਾਗਤਾਂ ਨੂੰ ਵਧਾਉਣਗੀਆਂ ਅਤੇ ਭੋਜਨ ਦੀਆਂ ਕੀਮਤਾਂ ਨੂੰ ਪ੍ਰਭਾਵਤ ਕਰ ਸਕਦੀਆਂ ਹਨ। ਇਸ ਤੋਂ ਇਲਾਵਾ, ਖਾਦ ਉਦਯੋਗ ਕੁਦਰਤੀ ਗੈਸ ਅਤੇ ਪੈਟਰੋ ਕੈਮੀਕਲ ਉਤਪਾਦਾਂ 'ਤੇ ਨਿਰਭਰ ਕਰਦਾ ਹੈ। ਜੇਕਰ ਊਰਜਾ ਦੀਆਂ ਲਾਗਤਾਂ ਵਧਦੀਆਂ ਹਨ, ਤਾਂ ਖਾਦ ਉਤਪਾਦਨ ਵੀ ਮਹਿੰਗਾ ਹੋ ਸਕਦਾ ਹੈ। ਹਵਾਬਾਜ਼ੀ ਖੇਤਰ ਨੂੰ ਵੀ ਵਧੇ ਹੋਏ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੈੱਟ ਈਂਧਨ ਦੀਆਂ ਲਾਗਤਾਂ ਏਅਰਲਾਈਨਾਂ ਦੇ ਕੁੱਲ ਖਰਚਿਆਂ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਜੇਕਰ ਅੰਤਰਰਾਸ਼ਟਰੀ ਤੇਲ ਦੀਆਂ ਕੀਮਤਾਂ ਉੱਚੀਆਂ ਰਹਿੰਦੀਆਂ ਹਨ, ਤਾਂ ਘਰੇਲੂ ਅਤੇ ਅੰਤਰਰਾਸ਼ਟਰੀ ਹਵਾਈ ਕਿਰਾਏ ਵਧ ਸਕਦੇ ਹਨ। ਇਹ ਸੈਰ-ਸਪਾਟਾ ਉਦਯੋਗ, ਵਪਾਰਕ ਯਾਤਰਾ ਅਤੇ ਹਵਾਬਾਜ਼ੀ ਖੇਤਰ ਦੀ ਮੰਗ ਨੂੰ ਪ੍ਰਭਾਵਤ ਕਰ ਸਕਦਾ ਹੈ।

ਦੋਸਤੋ, ਭਾਰਤ ਲਈ ਇੱਕ ਹੋਰ ਵੱਡੀ ਚਿੰਤਾ ਐੱਲ.ਐੱਨ.ਜੀ. (ਤਰਲ ਕੁਦਰਤੀ ਗੈਸ) ਦੀ ਸਪਲਾਈ ਹੈ। ਭਾਰਤ ਕਤਰ ਸਮੇਤ ਖਾੜੀ ਦੇਸ਼ਾਂ ਤੋਂ ਵੱਡੀ ਮਾਤਰਾ ਵਿਚ ਐੱਲ.ਐੱਨ.ਜੀ. ਆਯਾਤ ਕਰਦਾ ਹੈ ਅਤੇ ਇਸਦਾ ਇੱਕ ਮਹੱਤਵਪੂਰਨ ਹਿੱਸਾ ਹੋਰਮੁਜ਼ ਜਲਡਮਰੂ ਰਾਹੀਂ ਆਉਂਦਾ ਹੈ। ਜੇਕਰ ਇਹ ਰਸਤਾ ਲੰਬੇ ਸਮੇਂ ਲਈ ਵਿਘਨ ਪਾਉਂਦਾ ਹੈ, ਤਾਂ ਇਹ ਸੀ.ਐੱਨ.ਜੀ. ਅਤੇ ਪੀ.ਐੱਨ.ਜੀ. ਦੀ ਉਪਲਬਧਤਾ ਅਤੇ ਕੀਮਤਾਂ ਨੂੰ ਪ੍ਰਭਾਵਤ ਕਰ ਸਕਦਾ ਹੈ। ਇਸ ਨਾਲ ਘਰੇਲੂ ਖਪਤਕਾਰਾਂ ਦੇ ਨਾਲ-ਨਾਲ ਬਿਜਲੀ ਉਤਪਾਦਨ, ਖਾਦ ਨਿਰਮਾਣ ਅਤੇ ਉਦਯੋਗਿਕ ਇਕਾਈਆਂ ਲਈ ਲਾਗਤਾਂ ਵਧ ਸਕਦੀਆਂ ਹਨ। ਹਾਲਾਂਕਿ ਸਥਿਤੀ ਗੰਭੀਰ ਹੈ, ਪਰ ਭਾਰਤ ਪੂਰੀ ਤਰ੍ਹਾਂ ਬੇਵੱਸ ਨਹੀਂ ਹੈ। ਪਿਛਲੇ ਸਾਲਾਂ ਵਿਚ, ਭਾਰਤ ਨੇ ਆਪਣੀ ਊਰਜਾ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕਈ ਕਦਮ ਚੁੱਕੇ ਹਨ। ਦੇਸ਼ ਕੋਲ ਰਣਨੀਤਕ ਪੈਟਰੋਲੀਅਮ ਭੰਡਾਰ ਹਨ, ਜਿਨ੍ਹਾਂ ਦੀ ਵਰਤੋਂ ਐਮਰਜੈਂਸੀ ਸਥਿਤੀਆਂ ਵਿਚ ਕੀਤੀ ਜਾ ਸਕਦੀ ਹੈ। ਵਿਸ਼ਾਖਾਪਟਨਮ, ਮੰਗਲੌਰ ਅਤੇ ਪਾਦੂਰ ਵਰਗੇ ਸਥਾਨਾਂ 'ਤੇ ਸਥਾਪਿਤ ਭੂਮੀਗਤ ਸਟੋਰੇਜ ਸਹੂਲਤਾਂ ਦੇਸ਼ ਨੂੰ ਸੀਮਤ ਸਮੇਂ ਲਈ ਰਾਹਤ ਪ੍ਰਦਾਨ ਕਰ ਸਕਦੀਆਂ ਹਨ। ਇਹ ਭੰਡਾਰ ਕਿਸੇ ਵੀ ਅਚਾਨਕ ਸਪਲਾਈ ਸੰਕਟ ਦੌਰਾਨ ਇੱਕ ਮਹੱਤਵਪੂਰਨ ਸੁਰੱਖਿਆ ਜਾਲ ਸਾਬਤ ਹੋ ਸਕਦੇ ਹਨ। ਇਸ ਤੋਂ ਇਲਾਵਾ, ਭਾਰਤ ਨੇ ਆਪਣੇ ਊਰਜਾ ਆਯਾਤ ਸਰੋਤਾਂ ਨੂੰ ਵਿਭਿੰਨ ਬਣਾਉਣ ਦੀ ਰਣਨੀਤੀ ਅਪਣਾਈ ਹੈ। ਰੂਸ ਤੋਂ ਤੇਲ ਆਯਾਤ ਵਧਾਉਣ ਨਾਲ ਭਾਰਤ ਨੂੰ ਇੱਕ ਵਿਕਲਪਿਕ ਸਪਲਾਈ ਸਰੋਤ ਪ੍ਰਦਾਨ ਹੋਇਆ ਹੈ। ਰੂਸੀ ਤੇਲ ਆਮ ਤੌਰ 'ਤੇ ਦੂਜੇ ਸਮੁੰਦਰੀ ਰਸਤਿਆਂ ਰਾਹੀਂ ਆਉਂਦਾ ਹੈ, ਇਸ ਲਈ ਇਹ ਹੋਰਮੁਜ਼ ਜਲਡਮਰੂ ਸੰਕਟ ਦੀ ਸਥਿਤੀ ਵਿਚ ਭਾਰਤ ਲਈ ਇੱਕ ਮਹੱਤਵਪੂਰਨ ਵਿਕਲਪ ਬਣ ਸਕਦਾ ਹੈ। ਜੇਕਰ ਜ਼ਰੂਰੀ ਹੋਵੇ, ਤਾਂ ਭਾਰਤ ਰੂਸ ਅਤੇ ਹੋਰ ਗੈਰ-ਖਾੜੀ ਸਪਲਾਇਰਾਂ ਤੋਂ ਆਯਾਤ ਵਧਾਉਣ ਲਈ ਕਦਮ ਚੁੱਕ ਸਕਦਾ ਹੈ।

ਦੋਸਤੋ, ਸਾਊਦੀ ਅਰਬ, ਯੂ.ਏ.ਈ. ਅਤੇ ਹੋਰ ਖਾੜੀ ਦੇਸ਼ਾਂ ਕੋਲ ਵੀ ਵਿਕਲਪਿਕ ਪਾਈਪਲਾਈਨ ਰੂਟ ਹਨ, ਜਿਨ੍ਹਾਂ ਰਾਹੀਂ ਸੀਮਤ ਤੇਲ ਨਿਰਯਾਤ ਕੀਤਾ ਜਾ ਸਕਦਾ ਹੈ। ਭਾਵੇਂ ਇਹ ਰਸਤੇ ਹੋਰਮੁਜ਼ ਜਲਡਮਰੂ ਦਾ ਪੂਰਾ ਬਦਲ ਨਹੀਂ ਹਨ, ਪਰ ਇਹ ਵਿਸ਼ਵਵਿਆਪੀ ਸਪਲਾਈ ਦੇ ਪੂਰੀ ਤਰ੍ਹਾਂ ਵਿਘਨ ਨੂੰ ਰੋਕਣ ਵਿਚ ਮਦਦ ਕਰ ਸਕਦੇ ਹਨ। ਇਸ ਲਈ, ਊਰਜਾ ਬਾਜ਼ਾਰਾਂ ਵਿਚ ਅਜੇ ਵੀ ਉਮੀਦ ਹੈ ਕਿ ਕੂਟਨੀਤਕ ਯਤਨਾਂ ਰਾਹੀਂ ਸਥਿਤੀ ਨੂੰ ਕਾਬੂ ਵਿਚ ਲਿਆਂਦਾ ਜਾ ਸਕਦਾ ਹੈ। ਭੂ-ਰਾਜਨੀਤਿਕ ਦ੍ਰਿਸ਼ਟੀਕੋਣ ਤੋਂ, ਇਹ ਸੰਕਟ ਤੇਲ ਜਾਂ ਗੈਸ ਤੱਕ ਸੀਮਿਤ ਨਹੀਂ ਹੈ। ਹੋਰਮੁਜ਼ ਜਲਡਮਰੂ ਵਿਸ਼ਵਵਿਆਪੀ ਸਮੁੰਦਰੀ ਵਪਾਰ ਲਈ ਸਭ ਤੋਂ ਸੰਵੇਦਨਸ਼ੀਲ ਰੂਟਾਂ ਵਿਚੋਂ ਇੱਕ ਹੈ। ਇਸਦੇ ਬੰਦ ਹੋਣ ਨਾਲ ਬੀਮਾ ਲਾਗਤਾਂ, ਮਾਲ ਭਾੜੇ ਅਤੇ ਸ਼ਿਪਿੰਗ ਸਮੇਂ ਵਿਚ ਵਾਧਾ ਹੁੰਦਾ ਹੈ। ਅੰਤਰਰਾਸ਼ਟਰੀ ਵਪਾਰਕ ਕੰਪਨੀਆਂ ਵਿਕਲਪਕ ਰੂਟਾਂ ਨੂੰ ਅਪਣਾਉਣ ਲਈ ਮਜਬੂਰ ਹਨ, ਜਿਸ ਨਾਲ ਵਿਸ਼ਵਵਿਆਪੀ ਸਪਲਾਈ ਚੇਨਾਂ 'ਤੇ ਵਾਧੂ ਦਬਾਅ ਪੈਂਦਾ ਹੈ। ਕੋਵਿਡ-19 ਮਹਾਂਮਾਰੀ ਅਤੇ ਯੂਕਰੇਨ ਸੰਕਟ ਤੋਂ ਬਾਅਦ ਵਿਸ਼ਵ ਅਰਥਵਿਵਸਥਾ ਪਹਿਲਾਂ ਹੀ ਸਪਲਾਈ ਵਿਘਨਾਂ ਦਾ ਅਨੁਭਵ ਕਰ ਚੁੱਕੀ ਹੈ; ਹੋਰਮੁਜ਼ ਸੰਕਟ ਨਵੀਆਂ ਚੁਣੌਤੀਆਂ ਪੈਦਾ ਕਰ ਸਕਦਾ ਹੈ।

ਦੋਸਤੋ, ਭਾਰਤ ਨੇ ਸੰਯੁਕਤ ਰਾਸ਼ਟਰ ਵਿਚ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਖੇਤਰ ਵਿਚ ਵਧ ਰਹੇ ਹਮਲੇ ਅਤੇ ਸਮੁੰਦਰੀ ਅਸੁਰੱਖਿਆ ਵਿਸ਼ਵ ਵਪਾਰ ਅਤੇ ਭਾਰਤੀ ਨਾਗਰਿਕਾਂ ਦੋਵਾਂ ਲਈ ਚਿੰਤਾ ਦਾ ਵਿਸ਼ਾ ਹਨ। ਭਾਰਤ ਦੀ ਤਰਜੀਹ ਆਪਣੇ ਨਾਗਰਿਕਾਂ, ਵਪਾਰੀ ਜਹਾਜ਼ਾਂ ਅਤੇ ਊਰਜਾ ਸਪਲਾਈ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। ਇਸ ਲਈ, ਨਵੀਂ ਦਿੱਲੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਵੱਖ-ਵੱਖ ਅੰਤਰਰਾਸ਼ਟਰੀ ਮੰਚਾਂ 'ਤੇ ਕੂਟਨੀਤਕ ਹੱਲ ਦਾ ਸਮਰਥਨ ਕਰ ਰਹੀ ਹੈ। ਮੌਜੂਦਾ ਹਾਲਾਤਾਂ ਵਿਚ ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਇਹ ਸੰਕਟ ਕਿੰਨਾ ਚਿਰ ਰਹੇਗਾ। ਜੇਕਰ ਕੂਟਨੀਤਕ ਯਤਨ ਸਫਲ ਹੁੰਦੇ ਹਨ ਅਤੇ ਜਲਡਮਰੂ ਜਲਦੀ ਖੁੱਲ੍ਹ ਜਾਂਦਾ ਹੈ, ਤਾਂ ਤੇਲ ਬਾਜ਼ਾਰ ਸਥਿਰਤਾ ਵਿਚ ਵਾਪਸ ਆ ਸਕਦੇ ਹਨ। ਹਾਲਾਂਕਿ, ਜੇਕਰ ਫੌਜੀ ਟਕਰਾਅ ਵਧਦਾ ਹੈ ਜਾਂ ਰਸਤਾ ਲੰਬੇ ਸਮੇਂ ਲਈ ਬੰਦ ਰਹਿੰਦਾ ਹੈ, ਤਾਂ ਵਿਸ਼ਵ ਅਰਥਵਿਵਸਥਾ ਨੂੰ ਗੰਭੀਰ ਝਟਕਾ ਲੱਗ ਸਕਦਾ ਹੈ। ਤੇਲ ਦੀਆਂ ਕੀਮਤਾਂ ਤਿੰਨ ਅੰਕਾਂ ਤੱਕ ਪਹੁੰਚ ਸਕਦੀਆਂ ਹਨ, ਮਹਿੰਗਾਈ ਵਧ ਸਕਦੀ ਹੈ, ਅਤੇ ਬਹੁਤ ਸਾਰੇ ਆਯਾਤ-ਨਿਰਭਰ ਦੇਸ਼ਾਂ ਨੂੰ ਆਰਥਿਕ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਸਾਰੇ ਬਿਰਤਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਹੋਰਮੁਜ਼ ਜਲਡਮਰੂ ਦਾ ਬੰਦ ਹੋਣਾ ਸਿਰਫ਼ ਪੱਛਮੀ ਏਸ਼ੀਆ ਲਈ ਇੱਕ ਸੰਕਟ ਨਹੀਂ ਹੈ, ਸਗੋਂ ਪੂਰੀ ਦੁਨੀਆ ਲਈ ਇੱਕ ਚੇਤਾਵਨੀ ਹੈ। ਊਰਜਾ ਸੁਰੱਖਿਆ, ਵਿਸ਼ਵ ਵਪਾਰ, ਮਹਿੰਗਾਈ, ਸਮੁੰਦਰੀ ਸੁਰੱਖਿਆ, ਅਤੇ ਭੂ-ਰਾਜਨੀਤਿਕ ਸਥਿਰਤਾ ਸਾਰੇ ਇਸ ਇੱਕਲੇ ਸਮੁੰਦਰੀ ਰਸਤੇ ਨਾਲ ਜੁੜੇ ਹੋਏ ਹਨ। ਇਹ ਸਮਾਂ ਹੈ ਕਿ ਭਾਰਤ ਊਰਜਾ ਸਰੋਤਾਂ ਨੂੰ ਵਿਭਿੰਨ ਬਣਾਉਣ, ਰਣਨੀਤਕ ਭੰਡਾਰਾਂ ਦਾ ਵਿਸਥਾਰ ਕਰਨ ਅਤੇ ਲੰਬੇ ਸਮੇਂ ਲਈ ਊਰਜਾ ਸਵੈ-ਨਿਰਭਰਤਾ ਪ੍ਰਾਪਤ ਕਰਨ ਵੱਲ ਯਤਨਾਂ ਨੂੰ ਹੋਰ ਤੇਜ਼ ਕਰੇ। ਆਉਣ ਵਾਲੇ ਦਿਨਾਂ ਵਿਚ, ਦੁਨੀਆਂ ਪੱਛਮੀ ਏਸ਼ੀਆ 'ਤੇ ਕੇਂਦ੍ਰਿਤ ਹੋਵੇਗੀ, ਕਿਉਂਕਿ ਹੋਰਮੁਜ਼ ਦੀ ਸਥਿਤੀ ਨਾ ਸਿਰਫ਼ ਤੇਲ ਦੀਆਂ ਕੀਮਤਾਂ, ਸਗੋਂ ਵਿਸ਼ਵ ਆਰਥਿਕ ਸਥਿਰਤਾ ਨੂੰ ਵੀ ਨਿਰਧਾਰਤ ਕਰੇਗੀ।

ਪੰਜਾਬ ਵਿਧਾਨ ਸਭਾ ਚੋਣਾਂ 2027

# ਰਾਖਵੇਂ ਹਲਕਾ ਪਾਇਲ ਦੀ ਲੜਾਈ ਵਿਚ ਪੁਰਾਣੇ ਚਿਹਰੇ ਹੋਣਗੇ ਸਾਹਮਣੇ

-ਪਰਮਜੀਤ ਸਿੰਘ ਬਾਗੜੀਆ
ਪੰਜਾਬ ਮੇਲ USA







ਪੰਜਾਬ ਵਿਚ 2022 'ਚ ਸੂਬੇ 'ਚ ਤਬਦੀਲੀ ਦੀ ਹਨ੍ਹੇਰੀ ਨਾਲ ਪ੍ਰਮੁੱਖ ਸਿਆਸੀ ਧਿਰਾਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਪਛਾੜ ਕੇ ਬਣੀ ਆਪ ਸਰਕਾਰ ਦੀ ਮਿਆਦ ਪੁੱਗਣ ਦਾ ਸਮਾਂ ਦਿਨ-ਬ-ਦਿਨ ਨੇੜੇ ਆਉਣ ਨਾਲ ਪੰਜਾਬ ਦੇ ਵਿਧਾਨ ਸਭਾ ਹਲਕਿਆਂ ਬਾਰੇ ਨਵੇਂ ਅਤੇ ਤਾਜ਼ਾ ਕਿਆਸੇ ਲਗਾਏ ਜਾ ਰਹੇ ਹਨ। ਅੱਜ ਅਸੀਂ ਲੁਧਿਆਣਾ ਜ਼ਿਲ੍ਹੇ ਦੇ ਹਲਕਾ ਪਾਇਲ (ਰਾਖਵਾਂ) ਬਾਰੇ ਲਿੱਖਾਂਗੇ ਕਿ ਇਸ ਵਿਧਾਨ ਸਭਾ ਹਲਕੇ ਵਿਚ 2027 ਦੀਆਂ ਚੋਣਾਂ ਵਿਚ ਮੁਕਾਬਲਾ ਕਿਹੋ ਜਿਹਾ ਰਹੇਗਾ ਅਤੇ ਸਿਆਸਤ ਦੇ ਪੁਰਾਣੇ ਖਿਡਾਰੀਆਂ ਦੇ ਨਾਲ ਕਿਹੜੇ-ਕਿਹੜੇ ਨਵੇਂ ਚਿਹਰਿਆਂ ਦੀ ਸੰਭਾਵੀ ਆਮਦ ਹੋ ਸਕਦੀ ਹੈ?

ਹਲਕੇ ਦੇ ਮੌਜੂਦਾ ਅਤੇ ਨੇੜ ਭਵਿੱਖ ਦੇ ਹਾਲਾਤ 'ਤੇ ਝਾਤ ਪਾਉਣ ਤੋਂ ਪਹਿਲਾਂ ਇਸ ਹਲਕੇ ਦੇ ਇਤਿਹਾਸਕ ਪਿਛੋਕੜ ਬਾਰੇ ਜਾਨਣਾ ਵੀ ਗੈਰਵਾਜਿਬ ਨਹੀਂ ਹੋਵੇਗਾ। ਪਾਇਲ ਹਲਕਾ 1977 ਵਿਚ ਜਨਰਲ ਹਲਕੇ ਵਜੋਂ ਹੋਂਦ ਵਿਚ ਆਉਣ ਤੋਂ ਲੈ ਕੇ 2012 ਦੀਆਂ ਵਿਧਾਨ ਸਭਾ ਚੋਣਾਂ ਤੱਕ ਪੰਜਾਬ ਦੀਆਂ ਦੋ ਪ੍ਰਮੁੱਖ ਸਿਆਸੀ ਧਿਰਾਂ ਅਕਾਲੀ ਦਲ ਅਤੇ ਕਾਂਗਰਸ ਵਿਚਕਾਰ ਕਾਂਟੇ ਦੀ ਟੱਕਰ ਦਾ ਮੈਦਾਨ ਬਣਿਆ ਰਿਹਾ। 1977 ਤੋਂ 2022 ਤੱਕ ਹੋਈਆਂ 10 ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ 6, ਅਕਾਲੀ ਦਲ ਨੇ 3 ਅਤੇ ਆਮ ਆਦਮੀ ਪਾਰਟੀ ਨੇ ਇਕ ਵਾਰ ਜਿੱਤ ਦਰਜ ਕੀਤੀ ਹੈ। ਕਾਂਗਰਸ ਦੀਆਂ ਇਨ੍ਹਾਂ 6 ਜਿੱਤਾਂ ਵਿਚੋਂ 4 ਵਾਰ ਤਾਂ ਇਹ ਸੀਟ ਸਿੱਧੇ ਤੌਰ 'ਤੇ ਬੇਅੰਤ ਸਿੰਘ ਦੇ ਪਰਿਵਾਰ ਕੋਲ ਰਹੀ ਹੈ। 1977, 1980 ਅਤੇ 1985 ਵਿਚ ਹੋਈਆਂ ਚੋਣਾਂ ਵਿਚ ਕਾਂਗਰਸੀ ਆਗੂ ਸਵ. ਬੇਅੰਤ ਸਿੰਘ ਲਗਾਤਾਰ ਦੋ ਵਾਰ ਅਕਾਲੀ ਉਮੀਦਵਾਰਾਂ ਕ੍ਰਮਵਾਰ ਜਰਨੈਲ ਸਿੰਘ ਅਤੇ ਬੀਬੀ ਨਿਰਲੇਪ ਕੌਰ ਨੂੰ ਹਰਾਉਣ ਤੋਂ ਬਾਅਦ 1985 ਦੀ ਚੋਣ ਵਿਚ ਅਕਾਲੀ ਦਲ ਦੇ ਉਮੀਦਵਾਰ ਦਵਿੰਦਰ ਸਿੰਘ ਗਰਚਾ ਹੱਥੋਂ 40124 ਵੋਟਾਂ ਦੇ ਮੁਕਾਬਲੇ ਸਿਰਫ 30871 ਵੋਟਾਂ ਪ੍ਰਾਪਤ ਕਰਨ ਕਰਕੇ 9253 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਫਿਰ 1992 ਦੀ ਵਿਧਾਨ ਸਭਾ ਚੋਣ ਵਿਚ ਪੰਜਾਬ ਵਿਚ ਖਾੜਕੂਵਾਦ ਦੇ ਸਿਖਰ ਅਤੇ ਪੰਜਾਬ ਪੁਲਿਸ ਦੇ ਅੰਨ੍ਹੇ ਜਬਰ ਦੇ ਦੌਰ ਦੀਆਂ ਵਿਸ਼ੇਸ਼ ਹਾਲਤਾਂ ਅਤੇ ਮੁੱਖ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਬਾਈਕਾਟ ਕਰਕੇ ਮੈਦਾਨੋਂ ਬਾਹਰ ਹੋਣ ਕਾਰਨ ਕਾਂਗਰਸ ਦੇ ਇਸ ਹਲਕੇ ਦੇ ਤਿੰਨ ਵਾਰ ਰਹੇ ਉਮੀਦਵਾਰ ਸ. ਬੇਅੰਤ ਸਿੰਘ ਨੇ ਜਲੰਧਰ ਛਾਉਣੀ ਦੀ ਸੀਟ ਤੋਂ ਜਿੱਤ ਪ੍ਰਾਪਤ ਕਰਕੇ ਪੰਜਾਬ ਦੇ ਮੁੱਖ ਮੰਤਰੀ ਬਣਨ ਦਾ ਇਤਿਹਾਸ ਰਚਿਆ ਪਰ ਇਸ ਵਿਸ਼ੇਸ਼ ਹਾਲਾਤ ਵਿਚ ਪਾਇਲ ਹਲਕੇ ਦੀ ਚੋਣ ਵਿਚ ਕਾਂਗਰਸੀ ਉਮੀਦਵਾਰ ਹਰਨੇਕ ਸਿੰਘ ਮਾਂਗੇਵਾਲ ਸਿਰਫ 8081 ਵੋਟਾਂ ਪ੍ਰਾਪਤ ਕਰਕੇ ਵਿਧਾਇਕ ਬਣ ਗਏ ਪਰ ਅਕਾਲੀ ਉਮੀਦਵਾਰ ਦੀ ਅਣਹੋਂਦ ਕਾਰਨ ਹਲਕੇ ਦੇ ਰਸੂਖਵਾਨ ਸੀ.ਪੀ.ਆਈ. ਆਗੂ ਕਾਮਰੇਡ ਕਰਤਾਰ ਬੁਆਣੀ ਨੇ 6772 ਵੋਟਾਂ ਲੈ ਕੇ ਟੱਕਰ ਦਾ ਮੁਕਾਬਲਾ ਕੀਤਾ ਸੀ।

ਫਿਰ 31 ਅਗਸਤ 1995 ਨੂੰ ਮੁੱਖ ਮੰਤਰੀ ਸ. ਬੇਅੰਤ ਸਿੰਘ ਦੇ ਕਤਲ ਤੋਂ ਬਾਅਦ ਕਾਂਗਰਸ ਫੁੱਟ ਦਾ ਸ਼ਿਕਾਰ ਹੋਣ ਕਰਕੇ ਮੁੱਖ ਮੰਤਰੀਆਂ ਸ. ਹਰਚਰਨ ਸਿੰਘ ਬਰਾੜ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਦੇ ਰਾਜ ਭਾਗ ਤੋਂ ਬਾਅਦ 1997 ਦੀ ਚੋਣ ਵਿਚ ਜੇਤੂ ਜਲਵਾ ਨਾ ਸਿਰਜ ਸਕੀ, ਲਿਹਾਜ਼ਾ ਇਕ ਦਹਾਕਾ ਸਿਆਸੀ ਹਾਸ਼ੀਏ 'ਤੇ ਰਹਿਣ ਵਾਲੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ 1997 ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਲਹਿਰ ਦਾ ਜਾਦੂ ਪਾਇਲ ਸੀਟ 'ਤੇ ਵੀ ਚੱਲਿਆ, ਜਿਥੇ ਅਕਾਲੀ ਦਲ ਦੇ ਉਮੀਦਵਾਰ ਸ. ਸਾਧੂ ਸਿੰਘ ਘੁਡਾਣੀ ਨੇ ਕਾਂਗਰਸ ਅਤੇ ਖੱਬੇ ਪੱਖੀ ਪਾਰਟੀ ਸੀ.ਪੀ.ਆਈ. ਦੇ ਸਾਂਝੇ ਉਮੀਦਵਾਰ ਕਾਮਰੇਡ ਕਰਤਾਰ ਬੁਆਣੀ ਨੂੰ 35185 ਦੇ ਮੁਕਾਬਲੇ 42459 ਵੋਟਾਂ ਲੈ ਕੇ 6772 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ ਸੀ। ਇਸ ਚੋਣ ਵਿਚ ਬਸਪਾ ਉਮੀਦਵਾਰ ਪ੍ਰਿਤਪਾਲ ਸਿੰਘ ਨੇ 8289 ਵੋਟਾਂ ਲੈ ਕੇ ਅਕਾਲੀ ਦਲ ਲਈ ਜਿੱਤ ਸੁਖਾਲੀ ਕਰ ਦਿੱਤੀ ਸੀ। ਪਰ 2002 ਅਤੇ 2007 ਦੀ ਚੋਣ ਵਿਚ ਸਵ. ਬੇਅੰਤ ਸਿੰਘ ਦੇ ਪੁੱਤਰ ਤੇਜਪ੍ਰਕਾਸ਼ ਸਿੰਘ ਕੋਟਲੀ ਨੇ ਲਗਾਤਾਰ ਦੋ ਵਾਰ ਜਿੱਤ ਦਰਜ ਕੀਤੀ, ਜਿਸ ਵਿਚ 2002 ਵਿਚ ਉਸਨੇ ਅਕਾਲੀ ਦਲ ਦੇ ਉਮੀਦਵਾਰ ਜਗਜੀਵਨ ਸਿੰਘ ਗਿੱਲ ਨੂੰ 34681 ਦੇ ਮੁਕਾਬਲੇ 42282 ਵੋਟਾਂ ਲੈ ਕੇ ਵੱਡੇ ਫਰਕ ਨਾਲ ਹਰਾਇਆ। ਅਕਾਲੀ ਦਲ ਨੇ 2007 ਦੀ ਚੋਣ ਵਿਚ ਟਿਕਟ ਬਦਲ ਕੇ ਮਹੇਸ਼ਇੰਦਰ ਸਿੰਘ ਗਰੇਵਾਲ ਨੂੰ ਦਿੱਤੀ, ਇਸਨੂੰ ਵੀ ਕਾਂਗਰਸੀ ਉਮੀਦਵਾਰ ਤੇਜਪ੍ਰਕਾਸ਼ ਸਿੰਘ ਕੋਟਲੀ ਨੇ 26461 ਦੇ ਮੁਕਾਬਲੇ 42535 ਵੋਟਾਂ ਲੈ ਕੇ ਕਰਾਰੀ ਹਾਰ ਦਿੱਤੀ। ਅਕਾਲੀ ਦੀ ਦਲ ਆਪਸੀ ਫੁੱਟ ਇਸ ਸੀਟ ਉਦੋਂ ਫੈਸਲਾਕੁੰਨ ਰੋਲ ਅਦਾ ਕਰ ਗਈ, ਜਦੋਂ ਅਕਾਲੀ ਦਲ ਦੇ ਬਾਗੀ ਅਤੇ ਪਿਛਲੀ ਚੋਣ ਵਿਚ ਪਸਤ ਹੋਏ ਉਮੀਦਵਾਰ ਜਗਜੀਵਨ ਸਿੰਘ ਗਿੱਲ ਨੇ ਆਜ਼ਾਦ ਚੋਣ ਲੜਕੇ 17496 ਵੋਟਾਂ ਲੈ ਕੇ ਅਕਾਲੀ ਦਲ ਦੀ ਬੇੜੀ ਵਿਚ ਵੱਟਿਆਂ ਦਾ ਕੰਮ ਕੀਤਾ ਕਿਉਂਕਿ ਜੇਕਰ ਦੋਵੇਂ ਅਕਾਲੀ ਉਮੀਦਵਾਰਾਂ ਨੂੰ ਮਿਲੀਆਂ ਵੋਟਾਂ ਦਾ ਜੋੜ ਕਰੀਏ, ਤਾਂ ਉਹ ਜੇਤੂ ਉਮੀਦਵਾਰ ਨਾਲੋਂ 1422 ਵੋਟਾਂ ਵੱਧ ਬਣਦੀਆਂ ਹਨ।

2012 ਦੀ ਪਾਇਲ ਵਿਧਾਨ ਸਭਾ ਸੀਟ ਜਨਰਲ ਤੋਂ ਬਦਲ ਕੇ ਐੱਸ.ਸੀ. ਉਮੀਦਵਾਰਾਂ ਲਈ ਰਾਂਖਵੀਂ ਹੋ ਗਈ। ਇਸ ਚੋਣ ਵਿਚ ਅਕਾਲੀ ਦਲ ਨੇ ਪਾਇਲ ਸੀਟ 'ਤੇ ਜਿੱਤ ਪ੍ਰਾਪਤ ਕਰਨ ਦੇ ਨਾਲ-ਨਾਲ ਮੁੜ ਸਰਕਾਰ ਵੀ ਬਣਾਈ। ਇਸ ਵਾਰ ਅਕਾਲੀ ਦਲ ਨੇ ਵੱਡੇ ਦਲਿਤ ਚਿਹਰੇ ਸ. ਚਰਨਜੀਤ ਸਿੰਘ ਅਟਵਾਲ ਨੂੰ ਲੜਾਇਆ ਸੀ, ਜਿਸਦੇ ਸਿਆਸੀ ਤਜ਼ਰਬੇ ਅਤੇ ਪਾਰਟੀ ਦੇ ਹੱਕ ਵਿਚ ਲੋਕ ਰੁਝਾਨ ਸਦਕਾ ਸ. ਅਟਵਾਲ ਨੇ ਇਸ ਹਲਕੇ ਵਿਚ ਬੇਅੰਤ ਸਿੰਘ ਪਰਿਵਾਰ ਦੇ ਖਾਸ ਮੰਨੇ ਜਾਂਦੇ ਨੌਜਵਾਨ ਕਾਂਗਰਸੀ ਆਗੂ ਲਖਵੀਰ ਸਿੰਘ ਲੱਖਾ ਪਾਇਲ ਨੂੰ ਬਹੁਤ ਹੀ ਸਖਤ ਮੁਕਾਬਲੇ 'ਚ 630 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਇਕ 74 ਸਾਲਾ ਸੀਨੀਅਰ ਅਕਾਲੀ ਆਗੂ ਸ. ਅਟਵਾਲ ਨੂੰ 36 ਸਾਲਾ ਨੌਜਵਾਨ ਲੱਖਾ ਪਾਇਲ ਨੇ ਨੀਂਦ ਉਡਾਊ ਟੱਕਰ ਦਿੱਤੀ ਸੀ। ਪਾਇਲ ਸੀਟ 'ਤੇ ਇਹ ਦੋ ਧਿਰੀ ਸਿੱਧੀ ਟੱਕਰ ਏਨੀ ਸਖਤ ਸੀ ਕਿ ਦੋਵੇਂ ਉਮੀਦਵਾਰ 45-45% ਤੋਂ ਵੱਧ ਵੋਟਾਂ ਲੈ ਕੇ ਗਏ। ਲੱਖਾ ਪਾਇਲ ਦੀਆਂ 54610 ਵੋਟਾਂ ਮੁਕਾਬਲੇ ਸ. ਅਟਵਾਲ 55240 ਵੋਟਾਂ ਨਾਲ ਜੇਤੂ ਰਹੇ ਅਤੇ ਬਾਦਲ ਸਰਕਾਰ ਵਿਚ ਕੈਬਨਿਟ ਮੰਤਰੀ ਬਣੇ। ਫਿਰ ਲੱਖਾ ਪਾਇਲ ਨੌਜਵਾਨ ਅਤੇ ਜੋਸ਼ੀਲਾ ਆਗੂ ਬਣ ਕੇ ਹਲਕੇ ਵਿਚ ਵਿਚਰਿਆ ਅਤੇ ਅਗਲੀ 2017 ਦੀ ਚੋਣ ਵਿਚ ਅਕਾਲੀ ਦਲ ਨੇ ਕਾਂਗਰਸ ਵਿਚੋਂ ਆਏ ਸਾਬਕਾ ਵਿਧਾਇਕ ਸ. ਈਸ਼ਰ ਸਿੰਘ ਮਿਹਰਬਾਨ ਨੂੰ ਮੈਦਾਨ ਵਿਚ ਉਤਾਰਿਆ। ਇਸ ਸੀਟ 'ਤੇ ਆਪ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਲਾਪਰਾਂ ਦੀ ਆਮਦ ਨਾਲ ਤਿਕੋਣੀ ਟੱਕਰ ਬਣੀ ਪਰ ਨੌਜਵਾਨ ਕਾਂਗਰਸੀ ਉਮੀਦਵਾਰ ਲਖਵੀਰ ਲੱਖਾ ਮੁਕਾਬਲੇ ਦੋਵਾਂ ਦੇ ਪੈਰ ਨਹੀਂ ਲੱਗੇ। ਸ. ਮਿਹਰਬਾਨ ਸਿਰਫ 33044 ਵੋਟਾਂ ਹੀ ਹਾਸਲ ਕਰ ਸਕੇ, ਜਦਕਿ ਕਾਂਗਰਸੀ ਆਗੂ ਲਖਵੀਰ ਸਿੰਘ ਲੱਖਾ ਰਿਕਾਰਡ 57776 ਵੋਟਾਂ ਲੈ ਕੇ ਜੇਤੂ ਬਣੇ। ਇਥੇ ਤੀਜੀ ਧਿਰ 'ਆਪ' ਵਲੋਂ ਪਹਿਲੀ ਵਾਰ ਖੜ੍ਹੇ ਉਮੀਦਵਾਰ ਗੁਰਪ੍ਰੀਤ ਲਾਪਰਾਂ ਨੇ 36280 ਵੋਟਾਂ ਹਾਸਲ ਕਰਕੇ ਅਕਾਲੀ ਦਲ ਦੀ ਖੇਡ ਹੀ ਵਿਗਾੜ ਕੇ ਰੱਖ ਦਿੱਤੀ। 2022 ਦੀ ਵਿਧਾਨ ਸਭਾ ਚੋਣ ਵਿਚ ਆਪ ਦੀ ਹਨ੍ਹੇਰੀ ਅੱਗੇ ਕੋਈ ਨਹੀਂ ਟਿਕਿਆ। ਆਪ ਨੇ 2019 ਵਿਚ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੀ ਅਸਫਲ ਚੋਣ ਲੜਨ ਵਾਲੇ ਪਾਰਟੀ ਆਗੂ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਲੜਾਇਆ, ਜਿਸਨੇ 50% ਤੋਂ ਉੱਪਰ 63633 ਵੋਟਾਂ ਹਾਸਲ ਕਰਕੇ ਜਿੱਤ ਹਾਸਲ ਕੀਤੀ। ਮੁਕਾਬਲੇ 'ਚ ਤੀਸਰੀ ਵਾਰ ਚੋਣ ਲੜੇ ਕਾਂਗਰਸੀ ਉਮੀਦਵਾਰ ਲਖਵੀਰ ਸਿੰਘ ਲੱਖਾ ਸਿਰਫ 30624 ਵੋਟਾਂ ਹੀ ਲਿਜਾ ਸਕੇ। ਅਕਾਲੀ ਦਲ ਨੇ ਇਸ ਵਾਰ ਇਹ ਸੀਟ ਸਹਿਯੋਗੀ ਪਾਰਟੀ ਬਸਪਾ ਲਈ ਛੱਡ ਦਿੱਤੀ ਸੀ। ਲਿਹਾਜ਼ਾ ਬਸਪਾ ਉਮੀਦਵਾਰ ਡਾ. ਜਸਪ੍ਰੀਤ ਸਿੰਘ ਬੀਜਾ ਵੀ ਸਿਰਫ 20648 ਵੋਟਾਂ ਹੀ ਲਿਜਾ ਸਕੇ।

ਹੁਣ 2027 ਦੀਆਂ ਚੋਣਾਂ 'ਚ ਸਥਿਤੀ ਵੱਖਰੀ ਹੈ। ਪਹਿਲੀਆਂ ਵਿਚ ਦੋ ਧਿਰੀ ਟੱਕਰ ਵਾਲੀ ਇਹ ਸੀਟ ਹੁਣ ਬਹੁਕੋਨੇ ਮੁਕਾਬਲੇ ਦਾ ਅਖਾੜਾ ਬਣੇਗੀ ਕਿਉਂਕਿ ਪਿਛਲੀਆਂ ਦੋ ਚੋਣਾਂ ਵਿਚ 'ਆਪ' ਦੀ ਐਂਟਰੀ ਵਾਂਗ ਹੁਣ ਭਾਜਪਾ ਵੀ ਇਹ ਸੀਟ ਆਪਣੇ ਬਲਬੂਤੇ 'ਤੇ ਲੜੇਗੀ। ਪਿਛਲੀ ਵਾਰ ਵਾਂਗ 33 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤਣ ਵਾਲੀ ਆਪ ਦੇ ਉਮੀਦਵਾਰ ਨੂੰ ਵੀ ਲੋਕਾਂ ਦੀ ਪਰਖ ਵਿਚੋਂ ਲੰਘਦਿਆਂ ਸਿਰਫ ਕਾਰਗੁਜ਼ਾਰੀ ਆਧਾਰਿਤ ਵੋਟ ਮਿਲੇਗੀ। ਅਕਾਲੀ ਦਲ ਨੇ ਅਜੇ ਤੱਕ ਤਾਂ ਹਲਕੇ ਦੇ ਆਗੂ ਮਨਜੀਤ ਸਿੰਘ ਮਦਨੀਪੁਰ ਨੂੰ ਪਾਇਲ ਹਲਕੇ ਦਾ ਹਲਕਾ ਇੰਚਾਰਜ ਬਣਾ ਕੇ ਤੋਰਿਆ ਹੋਇਆ ਹੈ। ਹਲਕੇ ਦੇ ਵੱਡੇ ਆਗੂਆਂ ਅਤੇ ਪਾਰਟੀ ਨੂੰ ਵਿੱਤੀ ਮਦਦ ਕਰਨ ਵਾਲਿਆਂ ਦਾ ਹੱਥ ਵੀ ਮਦਨੀਪੁਰ ਦੇ ਸਿਰ 'ਤੇ ਹੀ ਹੈ। ਇਸ ਲਈ ਮਦਨੀਪੁਰ ਦਾ ਇਥੋਂ ਅਕਾਲੀ ਉਮੀਦਵਾਰ ਹੋਣਾ ਲਗਭਗ ਤੈਅ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ 2012 ਦੀ ਚੋਣ ਵਿਚ ਆਪ ਆਗੂ ਵਜੋਂ ਲਗਭਗ 28% ਵੋਟ ਲਿਜਾਣ ਵਾਲੇ ਆਗੂ ਗੁਰਪ੍ਰੀਤ ਸਿੰਘ ਲਾਪਰਾਂ ਪਾਰਟੀ ਨਾਲ ਮੱਤਭੇਦਾਂ ਉਪਰੰਤ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਉਹ ਵੀ ਟਿਕਟ ਮਿਲਣ ਦੀ ਆਸ ਰੱਖ ਕੇ ਚੱਲ ਰਹੇ ਹਨ। ਬਸਪਾ ਦਾ ਭਾਵੇਂ ਇਸ ਸੀਟ 'ਤੇ ਬਹੁਤਾ ਦਬਦਬਾ ਨਹੀਂ ਹੈ ਪਰ ਬਸਪਾ ਦੇ ਅਕਾਲੀ ਦਲ ਨਾਲ ਗੱਠਜੋੜ ਦੀ ਸੂਰਤ ਵਿਚ ਕੁਝ ਲਾਭ ਹੋ ਸਕਦਾ ਹੈ। ਪਰ ਅਕਾਲੀ ਦਲ ਵਲੋਂ ਨੇੜੇ ਆ ਕੇ ਇਸ ਹਲਕੇ ਵਿਚ ਨਵਾਂ ਪ੍ਰਯੋਗ ਕਰਨ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਕੁਝ ਕੁ ਆਗੂ ਅਕਾਲੀ ਦਲ ਤੋਂ ਵੱਖ ਹੋਏ ਧੜੇ ਅਕਾਲੀ ਦਲ ਪੁਨਰ ਸੁਰਜੀਤੀ ਦੇ ਵੀ ਚੋਣ ਲੜ ਸਕਦੇ ਹਨ ਪਰ ਬਹੁਤਾ ਪ੍ਰਭਾਵ ਪਾਉਣ ਦੀ ਸਥਿਤੀ ਵਿਚ ਨਹੀਂ ਹਨ। ਹੁਣ ਰਹੀ ਗੱਲ ਕਾਂਗਰਸ ਦੀ, ਕਾਂਗਰਸੀ ਆਗੂ ਲਖਵੀਰ ਸਿੰਘ ਲੱਖਾ ਪਾਰਟੀ ਵਲੋਂ ਚੌਥੀ ਵਾਰ ਮੈਦਾਨ ਵਿਚ ਆਉਣੇ ਤੈਅ ਮੰਨੇ ਜਾ ਰਹੇ ਹਨ। ਮੌਜੂਦਾ ਆਪ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਵੀ ਘੱਟ ਕਰ ਕੇ ਨਹੀਂ ਆਕਿਆ ਜਾ ਸਕਦਾ। ਉਹ ਵੀ ਬਹੁਕੋਨੇ ਮੁਕਾਬਲੇ ਵਿਚ ਚੰਗੀ ਟੱਕਰ ਦੇਣ ਦੀ ਸਥਿਤੀ ਵਿਚ ਹੋਣਗੇ। ਪਰ ਹਾਲ ਹੀ ਵਿਚ ਹੋਈਆਂ ਨਗਰ ਨਗਰ ਕੌਂਸਲ ਚੋਣਾਂ ਵਿਚ ਉਹ ਦੋਰਾਹਾ ਵਿਚ ਤਾਂ 15 ਵਿਚੋਂ 8 ਆਪ ਕੌਂਸਲਰ ਜਿਤਾ ਕੇ ਆਪਣੀ ਕੁਝ ਸਾਖ ਬਚਾ ਗਏ ਪਰ ਪਾਇਲ ਨਗਰ ਕੌਂਸਲ ਵਿਚ ਆਪ 11 ਸੀਟਾਂ ਵਿਚੋਂ ਸਿਰਫ 3 ਹੀ ਜਿੱਤ ਸਕੀ। ਭਾਵੇਂ ਕਿ 2022 'ਚ ਬਸਪਾ ਉਮੀਦਵਾਰ ਵਜੋਂ 20 ਹਜ਼ਾਰ ਤੋਂ ਵੱਧ ਵੋਟ ਲਿਜਾਣ ਵਾਲੇ ਅਤੇ ਬਸਪਾ ਛੱਡ ਕੇ ਆਪ ਵਿਚ ਸ਼ਾਮਲ ਹੋ ਚੁੱਕੇ ਡਾ. ਜਸਪ੍ਰੀਤ ਸਿੰਘ ਬੀਜਾ ਵੀ ਪਾਇਲ ਤੋਂ ਆਪਣੀ ਦਾਅਵੇਦਾਰੀ ਮੰਨ ਕੇ ਚੱਲ ਰਹੇ ਹਨ। ਰਾਖਵਾਂ ਹਲਕਾ ਹੋਣ ਕਰਕੇ ਭਾਵੇਂ ਨਵੇਂ ਚਿਹਰੇ ਤਾਂ ਜ਼ਿਆਦਾ ਨਹੀਂ ਹਨ ਪਰ ਇਕ ਹੋਰ ਕੋਣ ਬਣਦਾ ਹੈ, ਉਹ ਇਹ ਹੈ ਕਿ ਭਾਜਪਾ ਇਥੇ ਆਪਣਾ ਉਮੀਦਵਾਰ ਖੜ੍ਹਾ ਕਰਦੀ ਹੈ ਜਾਂ ਬਾਗੀ ਅਕਾਲੀ ਧੜੇ ਪੁਨਰ ਸੁਰਜੀਤੀ ਜਾਂ ਕਿਸੇ ਹੋਰ ਨੂੰ ਸਮਰਥਨ ਦਿੰਦੀ ਹੈ। ਪਰ ਬੇਅੰਤ ਸਿੰਘ ਪਰਿਵਾਰ ਦੇ ਸਿਆਸੀ ਵਾਰਿਸ ਕਾਂਗਰਸ ਦੇ ਪ੍ਰਸਿੱਧ ਆਗੂ ਸ. ਰਵਨੀਤ ਸਿੰਘ ਬਿੱਟੂ ਦੇ ਭਾਜਪਾ 'ਚ ਜਾਣ ਅਤੇ ਮੋਦੀ ਸਰਕਾਰ ਵਿਚ ਸਟੇਟ ਮਨਿਸਟਰ ਬਣਨ ਨਾਲ ਉਸ ਉੱਤੇ ਵੀ ਇਸ ਹਲਕੇ ਵਿਚ ਭਾਜਪਾ ਨੂੰ ਮੁੱਖ ਲੜਾਈ ਵਿਚ ਲਿਆ ਖੜ੍ਹਾ ਕਰਨ ਦਾ ਦਬਾਅ ਹੈ। ਹੁਣ ਇਹ ਦੇਖਣਾ ਹੈ ਕਿ ਸ. ਬਿੱਟੂ ਆਪਣੇ ਪਰਿਵਾਰ ਦੇ ਖਾਸ ਰਹੇ ਅਤੇ ਪਰਿਵਾਰ ਦੇ ਵੱਡੇ ਸਮਰਥਨ ਨਾਲ 3 ਵਾਰ ਇਸੇ ਹਲਕੇ ਤੋਂ ਚੋਣ ਲੜਕੇ ਇਕ ਵਾਰ ਸਫਲ ਰਹਿਣ ਵਾਲੇ ਆਗੂ ਲਖਵੀਰ ਸਿੰਘ ਲੱਖਾ ਨੂੰ ਕਾਂਗਰਸ ਤੋਂ ਤੋੜ ਕੇ ਭਾਜਪਾ ਦਾ ਚਿਹਰਾ ਬਣਾ ਸਕਣਗੇ ਜਾਂ ਨਹੀਂ। ਜੇ ਅਜਿਹਾ ਨਾ ਹੋ ਸਕਿਆ, ਤਾਂ ਭਾਜਪਾ ਨੂੰ ਹਲਕੇ ਵਿਚ ਵੱਡੇ ਆਧਾਰ ਵਾਲੇ ਉਮੀਦਵਾਰ ਮਿਲਣ ਦੀ ਤੋਟ ਝੱਲਣੀ ਪੈ ਸਕਦੀ ਹੈ।

# ਕਾਕਰੋਚ ਪਾਰਟੀ, ਟੂਲਕਿੱਟ ਅਤੇ ਜਨਰਲ-ਜ਼ੀ ਨੂੰ ਭੜਕਾਉਣ ਦੀ ਸਾਜ਼ਿਸ਼ - ਪਰਦੇ ਪਿੱਛੇ ਕੌਣ ਹੈ?




ਪ੍ਰਿਅੰਕਾ ਸੌਰਭ
ਹਿਸਾਰ (ਹਰਿਆਣਾ
ਮੋਬਾਈਲ: 70153-75570
(ਗੱਲਬਾਤ ਅਤੇ ਵਟਸਐਪ)

ਪੰਜਾਬ ਮੇਲ USA

ਅੱਜ ਸੂਚਨਾ ਅਤੇ ਸੰਚਾਰ ਦਾ ਯੁੱਗ ਹੈ। ਇੰਟਰਨੈੱਟ, ਸੋਸ਼ਲ ਮੀਡੀਆ ਅਤੇ ਡਿਜ਼ੀਟਲ ਪਲੇਟਫਾਰਮਾਂ ਨੇ ਵਿਚਾਰਾਂ ਦੇ ਆਦਾਨ-ਪ੍ਰਦਾਨ ਨੂੰ ਬੇਮਿਸਾਲ ਗਤੀ ਨਾਲ ਤੇਜ਼ ਕਰ ਦਿੱਤਾ ਹੈ। ਇੱਕ ਸਮਾਂ ਸੀ, ਜਦੋਂ ਜਨਤਕ ਰਾਏ ਦਾ ਗਠਨ ਅਖ਼ਬਾਰਾਂ, ਰਸਾਲਿਆਂ ਅਤੇ ਟੈਲੀਵਿਜ਼ਨ ਤੱਕ ਸੀਮਤ ਸੀ। ਹੁਣ, ਇੱਕ ਸਾਧਾਰਨ ਮੋਬਾਈਲ ਫੋਨ ਅਤੇ ਇੰਟਰਨੈੱਟ ਕਨੈਕਸ਼ਨ ਨਾਲ, ਕੋਈ ਵੀ ਲੱਖਾਂ ਲੋਕਾਂ ਤੱਕ ਪਹੁੰਚ ਸਕਦਾ ਹੈ। ਇਸ ਤਬਦੀਲੀ ਨੇ ਲੋਕਤੰਤਰੀ ਸੰਵਾਦ ਨੂੰ ਨਵੀਂ ਤਾਕਤ ਦਿੱਤੀ ਹੈ, ਪਰ ਇਸਨੇ ਨਵੀਆਂ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ। ਇਨ੍ਹਾਂ ਚੁਣੌਤੀਆਂ ਦੇ ਵਿਚਕਾਰ, ਨਵੇਂ ਸ਼ਬਦ ਅਤੇ ਸੰਕਲਪ ਉਭਰਦੇ ਹਨ, ਜੋ ਹੌਲੀ-ਹੌਲੀ ਜਨਤਕ ਭਾਸ਼ਣ ਦਾ ਹਿੱਸਾ ਬਣਦੇ ਹਨ। ਹਾਲ ਹੀ ਦੇ ਸਾਲਾਂ ਵਿਚ, "ਕਾਕਰੋਚ ਪਾਰਟੀ" ਇੱਕ ਅਜਿਹੇ ਸ਼ਬਦ ਵਜੋਂ ਉਭਰਿਆ ਹੈ, ਜਿਸਨੇ ਸੋਸ਼ਲ ਮੀਡੀਆ ਦੀ ਸਥਾਨਕ ਭਾਸ਼ਾ ਵਿਚ ਆਪਣੀ ਜਗ੍ਹਾ ਸਥਾਪਿਤ ਕੀਤੀ ਹੈ।

ਇਹ ਸ਼ਬਦ ਕਿਸੇ ਰਸਮੀ ਰਾਜਨੀਤਿਕ ਪਾਰਟੀ ਦਾ ਨਾਮ ਨਹੀਂ ਹੈ, ਸਗੋਂ ਇੱਕ ਪ੍ਰਤੀਕਾਤਮਕ ਪ੍ਰਗਟਾਵਾ ਹੈ। ਇਸਦੀ ਵਰਤੋਂ ਉਨ੍ਹਾਂ ਸਮੂਹਾਂ, ਮੁਹਿੰਮਾਂ, ਜਾਂ ਔਨਲਾਈਨ ਗਤੀਵਿਧੀਆਂ ਦਾ ਵਰਣਨ ਕਰਨ ਲਈ ਕੀਤੀ ਜਾਂਦੀ ਹੈ, ਜੋ ਅਚਾਨਕ ਕਿਸੇ ਮੁੱਦੇ ਦੇ ਆਲੇ-ਦੁਆਲੇ ਕਾਫ਼ੀ ਹਲਚਲ ਪੈਦਾ ਕਰਦੀਆਂ ਹਨ। ਸੋਸ਼ਲ ਮੀਡੀਆ 'ਤੇ ਵਾਇਰਲ ਪੋਸਟਾਂ, ਮੀਮਜ਼, ਵੀਡੀਓਜ਼ ਅਤੇ ਟ੍ਰੈਂਡਿੰਗ ਹੈਸ਼ਟੈਗ ਅਕਸਰ ਇਸ ਸ਼ਬਦ ਨਾਲ ਜੁੜੇ ਹੁੰਦੇ ਹਨ। ਬਹੁਤ ਸਾਰੇ ਇਸਨੂੰ ਇੱਕ ਸੰਗਠਿਤ ਡਿਜ਼ੀਟਲ ਮੁਹਿੰਮ ਦਾ ਹਿੱਸਾ ਮੰਨਦੇ ਹਨ, ਜਦੋਂਕਿ ਦੂਸਰੇ ਇਸਨੂੰ ਸਮਾਜਿਕ ਅਤੇ ਰਾਜਨੀਤਿਕ ਪ੍ਰਤੀਕ੍ਰਿਆਵਾਂ ਦੇ ਕੁਦਰਤੀ ਨਤੀਜੇ ਵਜੋਂ ਦੇਖਦੇ ਹਨ। ਇਸ ਲਈ ਇਸ ਵਿਸ਼ੇ 'ਤੇ ਗੰਭੀਰ ਚਰਚਾ ਦੀ ਲੋੜ ਹੈ।

ਪਹਿਲਾਂ, ਇਹ ਸਮਝਣਾ ਮਹੱਤਵਪੂਰਨ ਹੈ ਕਿ ਸੋਸ਼ਲ ਮੀਡੀਆ ਰਵਾਇਤੀ ਮੀਡੀਆ ਤੋਂ ਵੱਖਰੇ ਢੰਗ ਨਾਲ ਕੰਮ ਕਰਦਾ ਹੈ। ਇੱਥੇ, ਕਿਸੇ ਵੀ ਸਮੱਗਰੀ ਦੀ ਸਫਲਤਾ ਇਸਦੇ ਅਸਲ ਮੁੱਲ ਨਾਲੋਂ ਇਸਦੇ ਭਾਵਨਾਤਮਕ ਪ੍ਰਭਾਵ 'ਤੇ ਜ਼ਿਆਦਾ ਨਿਰਭਰ ਕਰਦੀ ਹੈ। ਜੇਕਰ ਕੋਈ ਪੋਸਟ ਲੋਕਾਂ ਨੂੰ ਗੁੱਸਾ ਦਿੰਦੀ ਹੈ, ਡਰਾਉਂਦੀ ਹੈ, ਉਤੇਜਿਤ ਕਰਦੀ ਹੈ ਜਾਂ ਭਾਵੁਕ ਕਰਦੀ ਹੈ, ਤਾਂ ਇਸਦੇ ਵਾਇਰਲ ਹੋਣ ਦੀ ਸੰਭਾਵਨਾ ਤੇਜ਼ੀ ਨਾਲ ਵੱਧ ਜਾਂਦੀ ਹੈ। ਇਹੀ ਕਾਰਨ ਹੈ ਕਿ ਛੋਟੇ ਮੁੱਦੇ ਵੀ ਕਈ ਵਾਰ ਵੱਡੇ ਜਨਤਕ ਬਹਿਸਾਂ ਵਿਚ ਬਦਲ ਸਕਦੇ ਹਨ। ਐਲਗੋਰਿਦਮ ਉਸ ਸਮੱਗਰੀ ਨੂੰ ਵੀ ਉਤਸ਼ਾਹਿਤ ਕਰਦੇ ਹਨ, ਜੋ ਸਭ ਤੋਂ ਵੱਧ ਪ੍ਰਤੀਕਿਰਿਆਵਾਂ ਪੈਦਾ ਕਰਦੀ ਹੈ। ਨਤੀਜੇ ਵਜੋਂ, ਅਸਲ ਮੁੱਦੇ ਅਕਸਰ ਢੱਕੇ ਰਹਿੰਦੇ ਹਨ ਅਤੇ ਭਾਵਨਾਤਮਕ ਸ਼ੋਰ ਕੇਂਦਰ ਵਿਚ ਆ ਜਾਂਦਾ ਹੈ।

ਮਨੋਵਿਗਿਆਨੀ ਮਾਹਿਰ ਦੱਸਦੇ ਹਨ ਕਿ ਮਨੁੱਖ ਤੱਥਾਂ ਨਾਲੋਂ ਕਹਾਣੀਆਂ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਜੇਕਰ ਕੋਈ ਘਟਨਾ ਇੱਕ ਦਿਲਚਸਪ ਕਹਾਣੀ ਜਾਂ ਬਿਰਤਾਂਤ ਵਿਚ ਪੇਸ਼ ਕੀਤੀ ਜਾਂਦੀ ਹੈ, ਤਾਂ ਲੋਕ ਇਸਨੂੰ ਸਵੀਕਾਰ ਕਰਨ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ। ਇਹੀ ਸਿਧਾਂਤ ਡਿਜ਼ੀਟਲ ਮੁਹਿੰਮਾਂ ਵਿਚ ਵਰਤਿਆ ਜਾਂਦਾ ਹੈ। ਇੱਕ ਛੋਟੀ ਜਿਹੀ ਘਟਨਾ ਨੂੰ ਇੱਕ ਵਿਸ਼ਾਲ ਸਮਾਜਿਕ ਬੇਇਨਸਾਫ਼ੀ, ਰਾਜਨੀਤਿਕ ਸਾਜ਼ਿਸ਼, ਜਾਂ ਸੱਭਿਆਚਾਰਕ ਟਕਰਾਅ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਜਾਂਦਾ ਹੈ। ਫਿਰ ਲੋਕ ਬਿਨਾਂ ਕਿਸੇ ਜਾਂਚ ਦੇ ਉਸ ਬਿਰਤਾਂਤ ਦੇ ਹੱਕ ਵਿਚ ਜਾਂ ਵਿਰੁੱਧ ਸਟੈਂਡ ਲੈਂਦੇ ਹਨ। ਇਹ ਪ੍ਰਕਿਰਿਆ ਅਕਸਰ ਭੀੜ ਦੀ ਮਾਨਸਿਕਤਾ ਨੂੰ ਜਨਮ ਦਿੰਦੀ ਹੈ।

ਇਹ ਇਸ ਸੰਦਰਭ ਵਿਚ ਹੈ ਕਿ "ਟੂਲਕਿੱਟ" ਸ਼ਬਦ ਚਰਚਾ ਵਿਚ ਆਇਆ। ਇੱਕ ਟੂਲਕਿੱਟ ਆਮ ਤੌਰ 'ਤੇ ਇੱਕ ਮੁਹਿੰਮ ਨੂੰ ਸੇਧ ਦੇਣ ਲਈ ਤਿਆਰ ਕੀਤੀ ਗਈ ਇੱਕ ਗਾਈਡ ਹੁੰਦੀ ਹੈ। ਇਸ ਵਿਚ ਸੁਝਾਏ ਗਏ ਹੈਸ਼ਟੈਗ, ਨਮੂਨਾ ਪੋਸਟਾਂ, ਪ੍ਰਚਾਰ ਸਮੱਗਰੀ, ਵੀਡੀਓ ਲਿੰਕ, ਸੰਪਰਕ ਜਾਣਕਾਰੀ ਅਤੇ ਪ੍ਰੋਗਰਾਮ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਇਹ ਕੋਈ ਨਵੀਂ ਧਾਰਨਾ ਨਹੀਂ ਹੈ। ਸਮਾਜਿਕ ਅੰਦੋਲਨਾਂ, ਗੈਰ-ਸਰਕਾਰੀ ਸੰਗਠਨਾਂ, ਰਾਜਨੀਤਿਕ ਪਾਰਟੀਆਂ ਅਤੇ ਨਾਗਰਿਕ ਮੁਹਿੰਮਾਂ ਨੇ ਲੰਬੇ ਸਮੇਂ ਤੋਂ ਅਜਿਹੇ ਦਸਤਾਵੇਜ਼ ਤਿਆਰ ਕੀਤੇ ਹਨ। ਡਿਜ਼ੀਟਲ ਯੁੱਗ ਵਿਚ, ਉਨ੍ਹਾਂ ਦੀ ਪਹੁੰਚ ਅਤੇ ਪ੍ਰਭਾਵ ਵਧਿਆ ਹੈ।

ਸਮੱਸਿਆਵਾਂ ਉਦੋਂ ਪੈਦਾ ਹੁੰਦੀਆਂ ਹਨ, ਜਦੋਂ ਕਿਸੇ ਟੂਲਕਿੱਟ ਦਾ ਉਦੇਸ਼ ਸਿਰਫ਼ ਜਾਗਰੂਕਤਾ ਪੈਦਾ ਕਰਨ ਤੋਂ ਵੱਧ ਜਾਪਦਾ ਹੈ, ਸਗੋਂ ਜਨਤਕ ਭਾਵਨਾਵਾਂ ਨੂੰ ਭੜਕਾਉਣਾ ਜਾਂ ਸਮਾਜਿਕ ਧਰੁਵੀਕਰਨ ਵਧਾਉਣਾ ਹੈ। ਅਜਿਹੇ ਮਾਮਲਿਆਂ ਵਿਚ, ਦੋਸ਼ ਲਗਾਏ ਜਾਂਦੇ ਹਨ ਕਿ ਇੱਕ ਖਾਸ ਸਮੂਹ ਜਾਂ ਸ਼ਕਤੀ ਯੋਜਨਾਬੱਧ ਢੰਗ ਨਾਲ ਜਨਤਕ ਰਾਏ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਹਾਲਾਂਕਿ, ਇਸ ਗੱਲ 'ਤੇ ਜ਼ੋਰ ਦੇਣਾ ਵੀ ਓਨਾ ਹੀ ਮਹੱਤਵਪੂਰਨ ਹੈ ਕਿ ਹਰੇਕ ਟੂਲਕਿੱਟ ਨੂੰ ਸਾਜ਼ਿਸ਼ ਦਸਤਾਵੇਜ਼ ਵਜੋਂ ਖਾਰਜ ਕਰਨਾ ਉਚਿਤ ਨਹੀਂ ਹੋਵੇਗਾ। ਕਈ ਵਾਰ, ਇਹ ਸਿਰਫ਼ ਆਮ ਮੁਹਿੰਮ ਪ੍ਰਬੰਧਨ ਸਾਧਨ ਹੁੰਦੇ ਹਨ। ਇਸ ਲਈ, ਕਿਸੇ ਵੀ ਦਸਤਾਵੇਜ਼ ਜਾਂ ਮੁਹਿੰਮ ਦਾ ਮੁਲਾਂਕਣ ਇਸਦੇ ਉਦੇਸ਼, ਸਮੱਗਰੀ ਅਤੇ ਪ੍ਰਭਾਵ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ।

ਮੌਜੂਦਾ ਨੌਜਵਾਨ ਪੀੜ੍ਹੀ, ਜਨਰਲ-ਜ਼ੈੱਡ, ਇਸ ਪੂਰੀ ਚਰਚਾ ਦੇ ਕੇਂਦਰ ਵਿਚ ਜਾਪਦੀ ਹੈ। ਇਹ ਪੀੜ੍ਹੀ ਇੱਕ ਡਿਜ਼ੀਟਲ ਦੁਨੀਆਂ ਵਿਚ ਪੈਦਾ ਹੋਈ ਅਤੇ ਵੱਡੀ ਹੋਈ। ਉਨ੍ਹਾਂ ਦੀਆਂ ਜਾਣਕਾਰੀ ਪ੍ਰਾਪਤ ਕਰਨ ਦੀਆਂ ਆਦਤਾਂ ਪਿਛਲੀਆਂ ਪੀੜ੍ਹੀਆਂ ਨਾਲੋਂ ਵੱਖਰੀਆਂ ਹਨ। ਅਖ਼ਬਾਰਾਂ ਪੜ੍ਹਨ ਜਾਂ ਲੰਬੀਆਂ ਬਹਿਸਾਂ ਸੁਣਨ ਦੀ ਬਜਾਏ, ਉਹ ਛੋਟੀਆਂ ਵੀਡੀਓਜ਼, ਮੀਮਜ਼, ਰੀਲਾਂ ਅਤੇ ਸੋਸ਼ਲ ਮੀਡੀਆ ਪੋਸਟਾਂ ਰਾਹੀਂ ਜਾਣਕਾਰੀ ਪ੍ਰਾਪਤ ਕਰਦੇ ਹਨ। ਨਤੀਜੇ ਵਜੋਂ, ਉਹ ਨਵੀਂ ਜਾਣਕਾਰੀ ਨੂੰ ਜਲਦੀ ਜਜ਼ਬ ਕਰ ਲੈਂਦੇ ਹਨ, ਪਰ ਅਕਸਰ ਇਸਦੀ ਸੱਚਾਈ ਦੀ ਪੁਸ਼ਟੀ ਕਰਨ ਲਈ ਸਮਾਂ ਨਹੀਂ ਕੱਢਦੇ।

ਇਸੇ ਕਰਕੇ ਜਨਰਲ-ਜ਼ੀ ਨੂੰ ਕਿਸੇ ਵੀ ਮੁਹਿੰਮ ਲਈ ਸਭ ਤੋਂ ਪ੍ਰਭਾਵਸ਼ਾਲੀ ਨਿਸ਼ਾਨਾ ਮੰਨਿਆ ਜਾਂਦਾ ਹੈ। ਜੇਕਰ ਕੋਈ ਸੁਨੇਹਾ ਨੌਜਵਾਨਾਂ ਦੀਆਂ ਭਾਵਨਾਵਾਂ, ਪਛਾਣ, ਭਵਿੱਖ ਬਾਰੇ ਚਿੰਤਾਵਾਂ, ਜਾਂ ਸਮਾਜਿਕ ਨਿਆਂ ਦੀ ਭਾਵਨਾ ਨੂੰ ਸੰਬੋਧਿਤ ਕਰਦਾ ਹੈ, ਤਾਂ ਇਹ ਬਹੁਤ ਤੇਜ਼ੀ ਨਾਲ ਫੈਲ ਸਕਦਾ ਹੈ। ਸੰਵੇਦਨਸ਼ੀਲ ਤਸਵੀਰਾਂ, ਭਾਵਨਾਤਮਕ ਵੀਡੀਓ, ਸ਼ਕਤੀਸ਼ਾਲੀ ਸੰਗੀਤ ਅਤੇ ਪ੍ਰੇਰਨਾਦਾਇਕ ਨਾਅਰਿਆਂ ਦੀ ਵਰਤੋਂ ਨੌਜਵਾਨਾਂ ਨੂੰ ਅਪੀਲ ਕਰਨ ਲਈ ਵਿਆਪਕ ਤੌਰ 'ਤੇ ਕੀਤੀ ਜਾਂਦੀ ਹੈ। ਕਈ ਵਾਰ ਇਹ ਸਕਾਰਾਤਮਕ ਸਮਾਜਿਕ ਤਬਦੀਲੀ ਲਈ ਇੱਕ ਵਾਹਨ ਬਣ ਜਾਂਦੇ ਹਨ, ਪਰ ਕਈ ਵਾਰ ਇਹੀ ਤਕਨੀਕਾਂ ਗਲਤ ਜਾਣਕਾਰੀ ਅਤੇ ਕੱਟੜਪੰਥੀ ਵਿਚਾਰਾਂ ਨੂੰ ਵੀ ਪ੍ਰਸਿੱਧ ਬਣਾਉਂਦੀਆਂ ਹਨ।

**ਇਹ ਇੱਕ ਮਹੱਤਵਪੂਰਨ ਸਵਾਲ ਖੜ੍ਹਾ ਕਰਦਾ ਹੈ:** ਕੀ ਸੱਚਮੁੱਚ ਨੌਜਵਾਨ ਪੀੜ੍ਹੀ ਨੂੰ ਭੜਕਾਉਣ ਲਈ ਕੋਈ ਸੰਗਠਿਤ ਸਾਜ਼ਿਸ਼ ਕੰਮ ਕਰ ਰਹੀ ਹੈ? ਇਸ ਸਵਾਲ ਦਾ ਜਵਾਬ ਸੌਖਾ ਨਹੀਂ ਹੈ। ਇਤਿਹਾਸ ਦਰਸਾਉਂਦਾ ਹੈ ਕਿ ਵੱਖ-ਵੱਖ ਦੇਸ਼ਾਂ ਵਿਚ ਵਿਦੇਸ਼ੀ ਸ਼ਕਤੀਆਂ, ਵਿਚਾਰਧਾਰਕ ਸੰਗਠਨਾਂ ਅਤੇ ਰਾਜਨੀਤਿਕ ਸਮੂਹਾਂ ਨੇ ਜਨਤਕ ਰਾਏ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਡਿਜ਼ੀਟਲ ਯੁੱਗ ਨੇ ਇਨ੍ਹਾਂ ਕੋਸ਼ਿਸ਼ਾਂ ਨੂੰ ਆਸਾਨ ਬਣਾ ਦਿੱਤਾ ਹੈ। ਜਾਅਲੀ ਖਾਤਿਆਂ, ਬੋਟ ਨੈੱਟਵਰਕਾਂ, ਸਪਾਂਸਰਡ ਸਮੱਗਰੀ ਅਤੇ ਤਾਲਮੇਲ ਮੁਹਿੰਮਾਂ ਰਾਹੀਂ, ਕਿਸੇ ਵੀ ਵਿਸ਼ੇ ਨੂੰ ਨਕਲੀ ਤੌਰ 'ਤੇ ਪ੍ਰਸਿੱਧ ਕੀਤਾ ਜਾ ਸਕਦਾ ਹੈ। ਇਹ ਇੱਕ ਅਸਲ ਚੁਣੌਤੀ ਹੈ, ਜਿਸਨੂੰ ਪੂਰੀ ਤਰ੍ਹਾਂ ਖਾਰਜ ਨਹੀਂ ਕੀਤਾ ਜਾ ਸਕਦਾ।

ਪਰ ਦੂਜੇ ਪਾਸੇ, ਇਹ ਮੰਨਣਾ ਗਲਤ ਹੋਵੇਗਾ ਕਿ ਹਰ ਸਮਾਜਿਕ ਅਸ਼ਾਂਤੀ ਕਿਸੇ ਵਿਦੇਸ਼ੀ ਸਾਜ਼ਿਸ਼ ਦਾ ਨਤੀਜਾ ਹੈ। ਬੇਰੁਜ਼ਗਾਰੀ, ਆਰਥਿਕ ਅਸਮਾਨਤਾ, ਵਿਦਿਅਕ ਸਮੱਸਿਆਵਾਂ, ਪ੍ਰਸ਼ਾਸਨਿਕ ਅਸਫਲਤਾਵਾਂ ਅਤੇ ਸਮਾਜਿਕ ਬੇਇਨਸਾਫ਼ੀ ਵਰਗੇ ਮੁੱਦੇ ਕੁਦਰਤੀ ਤੌਰ 'ਤੇ ਲੋਕਾਂ ਵਿਚ ਅਸੰਤੁਸ਼ਟੀ ਪੈਦਾ ਕਰਦੇ ਹਨ। ਜੇਕਰ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਨਹੀਂ ਕੀਤਾ ਜਾਂਦਾ, ਤਾਂ ਕੋਈ ਵੀ ਮੁਹਿੰਮ ਜਾਂ ਬਿਰਤਾਂਤ ਆਸਾਨੀ ਨਾਲ ਪ੍ਰਸਿੱਧੀ ਪ੍ਰਾਪਤ ਕਰ ਸਕਦਾ ਹੈ। ਇਸ ਲਈ, ਕਿਸੇ ਵੀ ਅੰਦੋਲਨ ਜਾਂ ਡਿਜ਼ੀਟਲ ਮੁਹਿੰਮ ਨੂੰ ਸਮਝਣ ਲਈ, ਇਸਦੇ ਸਮਾਜਿਕ ਅਤੇ ਆਰਥਿਕ ਸੰਦਰਭ 'ਤੇ ਵਿਚਾਰ ਕਰਨਾ ਜ਼ਰੂਰੀ ਹੈ।

ਵਿਦੇਸ਼ੀ ਦਖਲਅੰਦਾਜ਼ੀ ਅਤੇ ਅੰਤਰਰਾਸ਼ਟਰੀ ਸਹਿਯੋਗ ਵਿਚ ਫਰਕ ਕਰਨਾ ਵੀ ਮਹੱਤਵਪੂਰਨ ਹੈ। ਇੱਕ ਵਿਸ਼ਵੀਕਰਨ ਵਾਲੀ ਦੁਨੀਆਂ ਵਿਚ, ਵੱਖ-ਵੱਖ ਦੇਸ਼ਾਂ ਦੇ ਸੰਗਠਨ, ਖੋਜ ਸੰਸਥਾਵਾਂ ਅਤੇ ਸਿਵਲ ਸੋਸਾਇਟੀ ਸਮੂਹ ਇੱਕ ਦੂਜੇ ਨਾਲ ਗੱਲਬਾਤ ਕਰਦੇ ਹਨ। ਇਹ ਸਹਿਯੋਗ ਲੋਕਤੰਤਰੀ ਪ੍ਰਕਿਰਿਆਵਾਂ ਦਾ ਇੱਕ ਆਮ ਹਿੱਸਾ ਹੋ ਸਕਦਾ ਹੈ। ਹਾਲਾਂਕਿ, ਜੇਕਰ ਕਿਸੇ ਮੁਹਿੰਮ ਦੇ ਫੰਡਿੰਗ, ਰਣਨੀਤੀ ਜਾਂ ਕਾਰਜਾਂ ਵਿਚ ਪਾਰਦਰਸ਼ਤਾ ਦੀ ਘਾਟ ਹੈ, ਤਾਂ ਸ਼ੱਕ ਪੈਦਾ ਹੋਣਾ ਲਾਜ਼ਮੀ ਹੈ। ਇਸ ਲਈ, ਪਾਰਦਰਸ਼ਤਾ ਸਭ ਤੋਂ ਮਹੱਤਵਪੂਰਨ ਹੈ। ਜਨਤਾ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਮੁਹਿੰਮ ਦੇ ਪਿੱਛੇ ਕੌਣ ਹੈ, ਇਸਦੇ ਵਿੱਤੀ ਸਰੋਤ ਅਤੇ ਇਸਦੇ ਦੱਸੇ ਗਏ ਉਦੇਸ਼।

ਰਾਜਨੀਤਿਕ ਚਰਚਾ ਵਿਚ ਅਕਸਰ ਵੱਖ-ਵੱਖ ਸਮੂਹਾਂ ਨੂੰ ਲੇਬਲ ਕਰਨ ਦੀ ਪ੍ਰਵਿਰਤੀ ਹੁੰਦੀ ਹੈ। "ਖੱਬੇ", "ਉਦਾਰਵਾਦੀ", "ਸੱਜੇ-ਪੱਖੀ", "ਸ਼ਹਿਰੀ ਨਕਸਲ", "ਰਾਸ਼ਟਰਵਾਦੀ" ਜਾਂ ਹੋਰ ਬਹੁਤ ਸਾਰੇ ਸ਼ਬਦ ਬਹਿਸ ਦਾ ਹਿੱਸਾ ਬਣ ਜਾਂਦੇ ਹਨ। ਸਮੱਸਿਆ ਉਦੋਂ ਪੈਦਾ ਹੁੰਦੀ ਹੈ, ਜਦੋਂ ਇਨ੍ਹਾਂ ਲੇਬਲਾਂ ਦੀ ਵਰਤੋਂ ਵਿਅਕਤੀਆਂ ਜਾਂ ਸਮੂਹਾਂ ਨੂੰ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਸੱਚਮੁੱਚ ਸੁਣੇ ਬਿਨਾਂ ਖਾਰਜ ਕਰਨ ਲਈ ਕੀਤੀ ਜਾਂਦੀ ਹੈ। ਲੋਕਤੰਤਰ ਵਿਚ ਵਿਚਾਰਾਂ ਦੀ ਵਿਭਿੰਨਤਾ ਕੁਦਰਤੀ ਹੈ। ਕਿਸੇ ਵੀ ਅਸਹਿਮਤੀ ਨੂੰ ਸਾਜ਼ਿਸ਼ ਜਾਂ ਰਾਸ਼ਟਰ ਵਿਰੋਧੀ ਗਤੀਵਿਧੀਆਂ ਨਾਲ ਜੋੜਨਾ ਅਸਲ ਖਤਰਿਆਂ ਨੂੰ ਨਜ਼ਰਅੰਦਾਜ਼ ਕਰਨ ਜਿੰਨਾ ਖਤਰਨਾਕ ਹੈ।

ਅਜਿਹੇ ਹਾਲਾਤਾਂ ਵਿਚ, ਨਾਗਰਿਕਾਂ ਦੀ ਭੂਮਿਕਾ ਮਹੱਤਵਪੂਰਨ ਹੋ ਜਾਂਦੀ ਹੈ। ਸਭ ਤੋਂ ਪ੍ਰਭਾਵਸ਼ਾਲੀ ਬਚਾਅ ਮੀਡੀਆ ਸਾਖਰਤਾ ਹੈ। ਲੋਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸੋਸ਼ਲ ਮੀਡੀਆ 'ਤੇ ਦਿਖਾਈ ਦੇਣ ਵਾਲੀ ਸਾਰੀ ਜਾਣਕਾਰੀ ਸੱਚ ਨਹੀਂ ਹੁੰਦੀ। ਕਿਸੇ ਵੀ ਵਾਇਰਲ ਪੋਸਟ ਨੂੰ ਸਾਂਝਾ ਕਰਨ ਤੋਂ ਪਹਿਲਾਂ, ਇਸਦੇ ਸਰੋਤ ਦੀ ਪੁਸ਼ਟੀ ਕਰੋ। ਜੇਕਰ ਕੋਈ ਵੀਡੀਓ, ਫੋਟੋ, ਜਾਂ ਦਸਤਾਵੇਜ਼ ਬਹੁਤ ਜ਼ਿਆਦਾ ਭਾਵਨਾਤਮਕ ਪ੍ਰਤੀਕਿਰਿਆ ਪੈਦਾ ਕਰ ਰਿਹਾ ਹੈ, ਤਾਂ ਇਸਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰਨਾ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ।

ਨੌਜਵਾਨਾਂ ਨੂੰ, ਖਾਸ ਕਰਕੇ, ਡਿਜ਼ੀਟਲ ਖੋਜ ਹੁਨਰ ਸਿਖਾਏ ਜਾਣੇ ਚਾਹੀਦੇ ਹਨ। ਉਨ੍ਹਾਂ ਨੂੰ ਜਾਣਕਾਰੀ ਸਰੋਤਾਂ ਦੀ ਤੁਲਨਾ ਕਿਵੇਂ ਕਰਨੀ ਹੈ, ਤੱਥ-ਜਾਂਚ ਕਰਨ ਵਾਲੀਆਂ ਵੈੱਬਸਾਈਟਾਂ ਦੀ ਵਰਤੋਂ ਕਿਵੇਂ ਕਰਨੀ ਹੈ ਅਤੇ ਐਲਗੋਰਿਦਮ ਚੋਣਵੇਂ ਸਮੱਗਰੀ ਨੂੰ ਕਿਵੇਂ ਪੇਸ਼ ਕਰਦੇ ਹਨ, ਇਹ ਸਿਖਾਇਆ ਜਾਣਾ ਚਾਹੀਦਾ ਹੈ। ਜੇਕਰ ਜਨਰਲ ਜ਼ੈੱਡ ਇਨ੍ਹਾਂ ਹੁਨਰਾਂ ਵਿਚ ਨਿਪੁੰਨ ਹੋ ਜਾਂਦਾ ਹੈ, ਤਾਂ ਉਨ੍ਹਾਂ ਦੇ ਕਿਸੇ ਵੀ ਗੁੰਮਰਾਹਕੁੰਨ ਮੁਹਿੰਮ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਘੱਟ ਹੋਵੇਗੀ।

ਗੱਲਬਾਤ ਵੀ ਓਨੀ ਹੀ ਮਹੱਤਵਪੂਰਨ ਹੈ। ਲੋਕਤੰਤਰ ਵਿਚ ਵਿਰੋਧ, ਆਲੋਚਨਾ ਅਤੇ ਅਸਹਿਮਤੀ ਸੁਭਾਵਿਕ ਹਨ। ਪਰ ਜਦੋਂ ਗੱਲਬਾਤ ਦੀ ਥਾਂ ਦੋਸ਼ਾਂ, ਅਫਵਾਹਾਂ ਅਤੇ ਨਫ਼ਰਤ ਨੇ ਲੈ ਲਈ ਹੈ, ਤਾਂ ਸਮਾਜ ਵਿਚ ਵੰਡ ਵਧਦੀ ਹੈ। ਇਸ ਲਈ, ਵੱਖ-ਵੱਖ ਵਿਚਾਰਧਾਰਾਵਾਂ ਵਾਲੇ ਲੋਕਾਂ ਵਿਚਕਾਰ ਗੱਲਬਾਤ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਵਿਚਾਰਾਂ ਦੇ ਮਤਭੇਦ ਸਮੱਸਿਆ ਨਹੀਂ ਹਨ; ਸਮੱਸਿਆ ਉਦੋਂ ਪੈਦਾ ਹੁੰਦੀ ਹੈ, ਜਦੋਂ ਗੱਲਬਾਤ ਬੰਦ ਹੋ ਜਾਂਦੀ ਹੈ।

ਅੰਤ ਵਿਚ, "ਕਾਕਰੋਚ ਪਾਰਟੀ", ਟੂਲਕਿੱਟ ਅਤੇ ਜਨਰਲ-ਜ਼ੀ ਨੂੰ ਭੜਕਾਉਣ ਦੀ ਕਥਿਤ ਸਾਜ਼ਿਸ਼ ਵਰਗੇ ਵਿਸ਼ਿਆਂ 'ਤੇ ਚਰਚਾ ਕਰਦੇ ਸਮੇਂ ਇੱਕ ਸੰਤੁਲਿਤ ਦ੍ਰਿਸ਼ਟੀਕੋਣ ਅਪਣਾਉਣਾ ਜ਼ਰੂਰੀ ਹੈ। ਸੋਸ਼ਲ ਮੀਡੀਆ ਅਤੇ ਡਿਜ਼ੀਟਲ ਮੁਹਿੰਮਾਂ ਵਿਚ ਨਿਸ਼ਚਿਤ ਤੌਰ 'ਤੇ ਜਨਤਕ ਰਾਏ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਹੈ। ਕੁਝ ਮਾਮਲਿਆਂ ਵਿਚ, ਸੰਗਠਿਤ ਅਤੇ ਉਦੇਸ਼ਪੂਰਨ ਯਤਨ ਹੋ ਸਕਦੇ ਹਨ। ਹਾਲਾਂਕਿ, ਹਰ ਵਾਇਰਲ ਘਟਨਾ ਜਾਂ ਵਿਦੇਸ਼ੀ ਸੰਪਰਕ ਨੂੰ ਸਾਜ਼ਿਸ਼ ਵਜੋਂ ਖਾਰਜ ਕਰਨਾ ਅਸਲ ਵਿਚ ਸਹੀ ਨਹੀਂ ਹੈ। ਅਸਲੀਅਤ ਅਕਸਰ ਵਧੇਰੇ ਗੁੰਝਲਦਾਰ ਹੁੰਦੀ ਹੈ, ਜਿਸ ਵਿਚ ਸਥਾਨਕ ਮੁੱਦੇ, ਸਮਾਜਿਕ ਅਸੰਤੋਸ਼, ਰਾਜਨੀਤਿਕ ਮੁਕਾਬਲਾ, ਡਿਜ਼ੀਟਲ ਤਕਨਾਲੋਜੀ ਅਤੇ ਮਨੁੱਖੀ ਮਨੋਵਿਗਿਆਨ ਸਭ ਭੂਮਿਕਾ ਨਿਭਾਉਂਦੇ ਹਨ।

ਰਾਸ਼ਟਰੀ ਅਤੇ ਸਮਾਜਿਕ ਸਥਿਰਤਾ ਨੂੰ ਬਣਾਈ ਰੱਖਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਡਰ ਜਾਂ ਅੰਧਵਿਸ਼ਵਾਸ ਦੁਆਰਾ ਨਹੀਂ, ਸਗੋਂ ਪਾਰਦਰਸ਼ਤਾ, ਤਰਕ, ਸੰਵਾਦ ਅਤੇ ਜ਼ਿੰਮੇਵਾਰ ਨਾਗਰਿਕਤਾ ਦੁਆਰਾ ਹੈ। ਜੇਕਰ ਨਾਗਰਿਕ ਤੱਥ ਅਤੇ ਅਫਵਾਹ ਵਿਚ ਫਰਕ ਕਰਨਾ ਸਿੱਖਦੇ ਹਨ, ਜੇਕਰ ਨੌਜਵਾਨ ਮੀਡੀਆ ਸਾਖਰਤਾ ਅਪਣਾਉਂਦੇ ਹਨ ਅਤੇ ਜੇਕਰ ਸੰਸਥਾਵਾਂ ਪਾਰਦਰਸ਼ੀ ਅਤੇ ਜਵਾਬਦੇਹ ਬਣ ਜਾਂਦੀਆਂ ਹਨ, ਤਾਂ ਕਿਸੇ ਵੀ ਟੂਲਕਿੱਟ, ਅਸਲੀ ਜਾਂ ਕਲਪਿਤ ਦੀ ਸ਼ਕਤੀ ਸੀਮਤ ਹੋ ਜਾਵੇਗੀ। ਇੱਕ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਇਸਦੇ ਸੂਚਿਤ ਨਾਗਰਿਕਾਂ ਵਿਚ ਹੈ, ਜੋ ਕਿਸੇ ਵੀ ਤਰ੍ਹਾਂ ਦੀ ਗਲਤ ਜਾਣਕਾਰੀ ਜਾਂ ਅਸਥਿਰਤਾ ਦੇ ਵਿਰੁੱਧ ਇਸਦੀ ਸਭ ਤੋਂ ਪ੍ਰਭਾਵਸ਼ਾਲੀ ਸੁਰੱਖਿਆ ਵੀ ਹਨ।

***(ਡਾ. ਪ੍ਰਿਯੰਕਾ ਸੌਰਭ, ਪੀਐਚਡੀ (ਰਾਜਨੀਤੀ ਵਿਗਿਆਨ), ਇੱਕ ਕਵੀ ਅਤੇ ਸਮਾਜਿਕ ਚਿੰਤਕ ਹਨ।)***

# ਕੀ ਨਿੱਜੀ ਸਕੂਲਾਂ 'ਤੇ ਸ਼ਿਕੰਜਾ ਕਸ ਪਾਵੇਗੀ ਪੰਜਾਬ ਸਰਕਾਰ?

ਡਾ. ਅਮਨਪ੍ਰੀਤ ਸਿੰਘ ਬਰਾੜ
ਮੋਬ : 96537-90000
ਪੰਜਾਬ ਮੇਲ USA






ਸਕੂਲਾਂ ਨੇ ਇਕੱਠੇ ਹੋ ਕੇ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਦੁਹਾਈ ਦਿੱਤੀ ਜਾ ਰਹੀ ਹੈ ਕਿ ਇਸ ਨਾਲ ਨਿੱਜੀ ਸਕੂਲਾਂ ਨੂੰ ਨਵੀਂ ਸਿੱਖਿਆ ਨੀਤੀ ਲਾਗੂ ਕਰਨੀ ਔਖੀ ਹੋ ਜਾਊਗੀ। ਸਵਾਲ ਹੈ ਕਿ ਸਿੱਖਿਆ ਨੀਤੀ ਲਾਗੂ ਕਰਨ ਵਾਲਿਆ ਲਈ ਨਾ ਤਾਂ ਸਿੱਖਿਆ ਨੀਤੀ ਵਿਚ ਕੁੱਝ ਹੈ ਅਤੇ ਨਾ ਹੀ ਸਕੂਲ ਕੁੱਝ ਦੇਣਾ ਚਾਹੁੰਦੇ ਹਨ। ਕੀ ਵਧੀ ਫੀਸ ਵਿਚੋਂ ਹੁਣ 5 ਫੀਸਦੀ ਅਧਿਆਪਕਾਂ ਨੂੰ ਵੀ ਕੁੱਝ ਦਿੱਤਾ ਜਾਵੇਗਾ ਕਾਨੂੰਨ ਅਨੁਸਾਰ। ਦੂਜੀ ਗੱਲ ਕਿ ਇਹ 5 ਫੀਸਦੀ ਪੱਕੀ ਦੀ ਬਜਾਏ ਇਸ ਨੂੰ ਮਹਿੰਗਾਈ ਦਰ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਵਧੀ ਫੀਸ ਵਿਚੋਂ ਅਧਿਆਪਕਾਂ ਦੀ ਤਨਖਾਹ ਵੀ ਮਹਿੰਗਾਈ ਦਰ ਨਾਲ ਵਧਣੀ ਚਾਹੀਦੀ ਹੈ।

ਹਾਲ ਹੀ ਵਿਚ ਪੰਜਾਬ ਸਰਕਾਰ ਨੇ ਨਿੱਜੀ ਸਕੂਲਾਂ ਤੇ ਫੀਸਾਂ ਸਬੰਧੀ ਥੋੜ੍ਹਾ ਜਿਹਾ ਸ਼ਿਕੰਜਾ ਕੱਸਿਆ ਹੈ। ਸਾਲ 2016 ਵਿਚ ਪਾਸ ਕੀਤੇ ਐਕਟ ਦੇ ਅਧੀਨ ਸਕੂਲਾਂ ਨੂੰ 8 ਫੀਸਦੀ ਤੱਕ ਫੀਸ ਵਧਾਉਣ ਦੀ ਖੁੱਲ੍ਹ ਦਿੱਤੀ ਸੀ। ਇਸ ਤੋਂ ਬਾਅਦ ਸਾਲ 2019 ਵਿਚ ਸੋਧ ਕੀਤੀ ਗਈ ਅਤੇ ਕਿਹਾ ਗਿਆ, ਜੇ ਕਿਸੇ ਸਕੂਲ ਦੇ ਵਿਕਾਸ ਲਈ ਇਸ ਤੋਂ ਵੀ ਵੱਧ ਵਧਾਉਣ ਦੀ ਲੋੜ ਪੈਂਦੀ ਹੈ, ਤਾਂ ਉਹ ਵਧਾ ਸਕਦਾ ਹੈ। ਪਰ ਹੁਣ ਜੂਨ 2026 ਵਿਚ ਸਰਕਾਰ ਨੇ ਇਸ ਨੂੰ ਘਟਾ ਕਿ 5 ਫੀਸਦੀ 'ਤੇ ਲਿਆਂਦਾ ਹੈ। ਇਹ ਕਦਮ ਸਰਕਾਰ ਨੇ ਉਦੋਂ ਚੁੱਕਿਆ, ਜਦੋਂ ਅੰਮ੍ਰਿਤਸਰ ਦੀ 17 ਸਾਲਾ ਵਿਦਿਆਰਥਣ ਨੇ ਇਸ ਕਾਰਨ ਆਤਮ ਹੱਤਿਆ ਕੀਤੀ ਕਿ ਉਹ ਸਕੂਲ ਵੱਲੋਂ ਬਕਾਇਆ ਰਹਿੰਦੀ 20,000/- ਰੁਪਏ ਦੀ ਫੀਸ ਦੇਣ ਤੋਂ ਅਸਮਰੱਥ ਹੋਣ ਕਰਕੇ ਉਸਨੂੰ ਮਾਨਸਿਕ ਤੌਰ 'ਤੇ ਜ਼ਲੀਲ ਕੀਤਾ ਜਾ ਰਿਹਾ ਸੀ। ਇਸ ਤੋਂ ਇਲਾਵਾ ਸਾਲ 2022 ਤੋਂ ਲੈ ਕੇ ਸਰਕਾਰ ਕੋਲ ਨਿੱਜੀ ਸਕੂਲਾਂ ਦੀ ਮਨਮਾਨੀ ਖਿਲਾਫ 166 ਸ਼ਿਕਾਇਤਾਂ ਦਰਜ਼ ਹੋਈਆਂ ਹਨ। ਕਹਿਣ ਨੂੰ ਤਾਂ ਇਨ੍ਹਾਂ ਵਿਚੋਂ 80 ਫੀਸਦੀ ਦਾ ਨਿਪਟਾਰਾ ਹੋ ਗਿਆ ਹੈ ਪਰ ਫੇਰ ਉਦੋਂ ਫੀਸ ਕਿਉਂ ਨਹੀਂ ਘਟਾਈ ਗਈ। ਅਕਸਰ ਸਰਕਾਰ ਉਦੋਂ ਹਰਕਤ ਵਿਚ ਆਉਂਦੀ ਹੈ, ਜਦੋਂ ਕੋਈ ਵੱਡਾ ਹਾਦਸਾ ਵਾਪਰਦਾ ਹੈ। ਜਾਂ ਕਿਤੇ ਇਹ ਤਾਂ ਨਹੀਂ ਕਿ ਇਹ ਸ਼ਿਕਾਇਤਾਂ ਅਫ਼ਸਰਸ਼ਾਹੀ ਦੇ ਮੇਜ਼ਾਂ ਤੱਕ ਹੀ ਰਹਿ ਜਾਂਦੀਆਂ ਹਨ ਅਤੇ ਮੰਤਰੀ ਤੇ ਮੁੱਖ ਮੰਤਰੀ ਤੱਕ ਪਹੁੰਚਦੀਆਂ ਹੀ ਨਹੀਂ। ਇਸ ਦੇ ਪਿੱਛੇ ਵੀ ਤਰਕ ਹੈ ਕਿਉਂਕਿ ਮੈਂ ਆਪ ਵੀ ਮੁੱਖ ਮੰਤਰੀ ਪੰਜਾਬ ਜੀ ਨੂੰ ਈ-ਮੇਲ ਰਾਹੀਂ ਸੁਝਾਅ ਭੇਜੇ ਸੀ ਕਿ ਬਾਹਰ ਜਾਣ ਵਾਲਿਆਂ ਨਾਲ ਹੋ ਰਹੀ ਠੱਗੀ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ। ਉਹ ਈਮੇਲ ਦੇ ਜਵਾਬ ਵਿਚ ਸੀ.ਐੱਮ. ਦਫ਼ਤਰ ਵੱਲੋਂ ਉਹ ਚਿੱਠੀ ਸਿੱਖਿਆ ਸਕੱਤਰ ਨੂੰ ਮਾਰਕ ਕਰ ਦਿੱਤੀ ਸੀ ਪਰ ਉਸ ਤੋਂ ਬਾਅਦ ਨਾ ਕੋਈ ਜਵਾਬ ਤੇ ਨਾ ਹੀ ਉਹ ਲਾਗੂ ਹੋਏ। ਸਰਕਾਰ ਫੀਸ ਕਾਨੂੰਨ 2016 ਨੂੰ ਵਿਧਾਨ ਸਭਾ ਦੇ ਅਗਲੇ ਸ਼ੈਸ਼ਨ ਵਿਚ ਲਿਆ ਕੇ ਬਦਲਣ ਦੀ ਗੱਲ ਕਰਦੀ ਹੈ।

ਸਕੂਲਾਂ ਨੇ ਇਕੱਠੇ ਹੋ ਕੇ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਦੁਹਾਈ ਦਿੱਤੀ ਜਾ ਰਹੀ ਹੈ ਕਿ ਇਸ ਨਾਲ ਨਿੱਜੀ ਸਕੂਲਾਂ ਨੂੰ ਨਵੀਂ ਸਿੱਖਿਆ ਨੀਤੀ ਲਾਗੂ ਕਰਨੀ ਔਖੀ ਹੋ ਜਾਊਗੀ। ਸਵਾਲ ਹੈ ਕਿ ਸਿੱਖਿਆ ਨੀਤੀ ਲਾਗੂ ਕਰਨ ਵਾਲਿਆ ਲਈ ਨਾ ਤਾਂ ਸਿੱਖਿਆ ਨੀਤੀ ਵਿਚ ਕੁੱਝ ਹੈ ਅਤੇ ਨਾ ਹੀ ਸਕੂਲ ਕੁੱਝ ਦੇਣਾ ਚਾਹੁੰਦੇ ਹਨ। ਕੀ ਵਧੀ ਫੀਸ ਵਿਚੋਂ ਹੁਣ 5 ਫੀਸਦੀ ਅਧਿਆਪਕਾਂ ਨੂੰ ਵੀ ਕੁੱਝ ਦਿੱਤਾ ਜਾਵੇਗਾ ਕਾਨੂੰਨ ਅਨੁਸਾਰ। ਦੂਜੀ ਗੱਲ ਕਿ ਇਹ 5 ਫੀਸਦੀ ਪੱਕੀ ਦੀ ਬਜਾਏ ਇਸ ਨੂੰ ਮਹਿੰਗਾਈ ਦਰ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਵਧੀ ਫੀਸ ਵਿਚੋਂ ਅਧਿਆਪਕਾਂ ਦੀ ਤਨਖਾਹ ਵੀ ਮਹਿੰਗਾਈ ਦਰ ਨਾਲ ਵਧਣੀ ਚਾਹੀਦੀ ਹੈ। ਅਕਸਰ ਉਨ੍ਹਾਂ ਦੇ ਵੀ ਖਰਚੇ ਵਧਦੀ ਮਹਿੰਗਾਈ ਨਾਲ ਵੱਧਦੇ ਹਨ। ਇੱਥੇ ਸਵਾਲ ਇਹ ਵੀ ਆਉਂਦਾ ਹੈ ਕਿ ਬਹੁਤ ਅਧਿਆਪਕ ਖਾਸ ਕਰਕੇ ਆਦਮੀ ਜਿਨ੍ਹਾਂ ਦਾ ਘਰ ਚਲਾਉਣ ਲਈ ਮੁੱਢਲਾ ਸਰੋਤ ਤਨਖਾਹ ਹੈ ਕਿ ਉਹ ਜਿਸ ਸਕੂਲ ਵਿਚ ਪੜ੍ਹਾ ਰਹੇ ਹਨ, ਉਸ ਵਿਚ ਆਪਣੇ ਬੱਚੇ ਪੜ੍ਹਾ ਸਕਦੇ ਹਨ ।

**ਨਿੱਜੀ ਸਕੂਲ:** ਨਿੱਜੀ ਸਕੂਲਾਂ ਦੀ ਪ੍ਰਚੱਲਤਾ ਵਧਾਉਣ ਲਈ ਸਮੇਂ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ। ਸਕੂਲ ਆਫ ਐਮੀਨੈਂਸ/ਆਦਰਸ਼ ਸਕੂਲ ਮਾਡਲ ਸਕੂਲਾਂ ਨੂੰ ਛੱਡ ਕੇ ਬਹੁਤੇ ਸਰਕਾਰੀ ਸਕੂਲਾਂ ਦੀ ਹਾਲਤ ਪਤਲੀ ਹੈ। ਪਿੰਡਾਂ ਦੀਆਂ ਫਿਰਨੀਆਂ ਤੇ ਪ੍ਰਾਈਵੇਟ ਸਕੂਲਾਂ ਦੀਆਂ ਵਰਦੀਆਂ ਪਾ ਕੇ ਬੱਸਾਂ ਦੀ ਉਡੀਕ ਵਿਚ ਖੜ੍ਹੇ ਬੱਚੇ ਇਸ ਗੱਲ ਦਾ ਪ੍ਰਮਾਣ ਹਨ। ਆਪਣੇ ਪਿੰਡ ਦੇ ਸਰਕਾਰੀ ਸਕੂਲ ਨੂੰ ਛੱਡ ਕੇ ਸ਼ਹਿਰ ਦੇ ਪ੍ਰਾਈਵੇਟ ਸਕੂਲ ਵੱਲ ਭੱਜਣਾ ਇਹ ਦਰਸਾਉਂਦਾ ਹੈ ਕਿ ਹੋਰ ਸੁਧਾਰ ਦੀ ਲੋੜ ਹੈ। ਹਾਲਾਂਕਿ ਨੀਤੀ ਆਯੋਗ ਦੀ ਰਿਪੋਰਟ ਮੁਤਾਬਕ ਪੰਜਾਬ ਦੇ ਸਰਕਾਰੀ ਸਕੂਲ ਦੇਸ਼ ਵਿਚ ਨੰਬਰ ਇੱਕ 'ਤੇ ਹਨ। ਹੁਣ ਸਰਕਾਰ ਦੇ ਮੁਤਾਬਕ ਮਾਸਟਰਾਂ ਦੀ ਭਰਤੀ ਵੀ ਕੀਤੀ ਗਈ ਹੈ ਪਰ ਕੀ ਮਾਸਟਰ ਪੜ੍ਹਾਉਣ 'ਤੇ ਲਾਏ ਹਨ ਜਾਂ ਫਿਰ ਕੋਈ ਮਰਦਸ਼ੁਮਾਰੀ/ ਐੱਸ.ਆਈ.ਆਰ., ਨਸ਼ਾ ਸਰਵੇ 'ਤੇ ਜਾਂ ਇਲੈਕਸ਼ਨ ਡਿਊਟੀ ਉਪਰ ਹਨ। ਹਾਲਾਤ ਇਹ ਹਨ ਕਿ ਕੋਈ ਮੰਤਰੀ ਸੰਤਰੀ ਜਾਂ ਆਲਾ ਅਫ਼ਸਰ ਨੇ, ਤਾਂ ਆਪਣੇ ਬੱਚੇ ਸਰਕਾਰੀ ਸਕੂਲ ਵਿਚ ਕੀ ਭੇਜਣੇ, ਸਗੋਂ ਜਿਹੜੇ ਸਰਕਾਰੀ ਲੱਗੇ ਅਧਿਆਪਕ ਹਨ, ਉਹ ਵੀ ਆਪਣੇ ਬੱਚੇ ਨਿੱਜੀ ਸਕੂਲਾਂ ਵਿਚ 20-25 ਹਜ਼ਾਰ ਤਨਖਾਹ ਲੈਣ ਵਾਲੇ ਅਧਿਆਪਕਾਂ ਕੋਲ ਭੇਜ ਰਹੇ ਹਨ। ਜਦਕਿ ਇਹ ਸਰਕਾਰੀ ਲੱਗੇ ਆਪਣੇ ਆਪ ਨੂੰ ਜ਼ਿਆਦਾ ਲਾਇਕ ਅਤੇ ਸਮਰੱਥ ਸਮਝਦੇ ਹਨ ਕਿਉਂਕਿ ਉਹ ਈ.ਟੀ.ਟੀ. ਵਰਗੇ ਟੈਸਟ ਪਾਸ ਕਰਕੇ ਆਏ ਹਨ ਅਤੇ ਨਿੱਜੀ ਸਕੂਲ ਅਧਿਆਪਕਾਂ ਨਾਲੋਂ ਦੋ ਤੋਂ ਤਿੰਨ ਗੁਣਾ ਤਨਖਾਹ ਵੱਧ ਲੈਂਦੇ ਹਨ।

ਸਰਕਾਰ ਨੂੰ ਸਹੂਲਤਾਂ ਦੇ ਆਧਾਰ 'ਤੇ ਮੁੱਢਲੀ ਫੀਸ ਤਹਿ ਕਰਨੀ ਚਾਹੀਦੀ ਹੈ। ਇਸ ਵਿਚ ਬੁਨਿਆਦੀ ਢਾਂਚਾ ਕਿਹੋ ਜਿਹਾ ਹੈ, ਸਹਾਇਕ ਸਟਾਫ ਕਿੰਨਾ ਹੈ, ਜੋ ਬੱਚਿਆਂ ਦੀ ਦੇਖਭਾਲ ਕਰ ਸਕੇ ਅਤੇ ਅਧਿਆਪਕਾਂ ਦਾ ਤਜ਼ਰਬਾ ਕੀ ਹੈ ਤੇ ਉਨ੍ਹਾਂ ਦਾ ਵੇਤਨ ਕਿੰਨਾ ਹੈ। ਇਸ ਬੇਸ ਟਿਊਸ਼ਨ ਫੀਸ ਦੇ ਨਾਲ ਕੰਪਿਊਟਰ ਫੀਸ, ਰੋਬੋਟਿਕ ਜਾਂ ਏ.ਆਈ. ਪ੍ਰਯੋਗਸ਼ਾਲਾ ਦੇ ਖਰਚੇ ਕਿੰਨੇ ਹਨ ਅਤੇ ਉਨ੍ਹਾਂ ਦੀ ਵਰਤੋਂ ਕਿਵੇਂ ਹੋ ਰਹੀ ਹੈ। ਇਨ੍ਹਾਂ ਖਰਚਿਆਂ ਨੂੰ ਟਿਊਸ਼ਨ ਫੀਸ ਵਿਚ ਹੀ ਗਿਣਨਾ ਚਾਹੀਦਾ ਹੈ ਕਿਉਂਕਿ ਇਹ ਤਾਂ ਪੜ੍ਹਾਈ ਦਾ ਹਿੱਸਾ ਹਨ। ਖੇਡਾਂ ਵੀ ਇਸੇ ਫੀਸ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ। ਚਾਹੇ ਕਰਾਟੇ ਸਿਖਾਉ ਜਾਂ ਕੋਈ ਹੋਰ ਅੱਡ ਖੇਡ, ਫੀਸ ਦਾ ਕੋਈ ਮਤਲਬ ਨਹੀਂ। ਫੀਸ ਦਾ ਵਾਧਾ ਵੀ ਬੇਸ ਆਧਾਰ 'ਤੇ ਹੀ ਹੋਣਾ ਚਾਹੀਦਾ ਹੈ, ਜਿਵੇਂ ਮੁਲਾਜ਼ਮਾਂ ਦੀ ਬੇਸ ਤਨਖਾਹ 'ਤੇ ਵਾਧਾ ਹੁੰਦਾ ਹੈ। ਪੀ.ਟੀ.ਏ. ਯਾਨੀ ਪੇਰੈਂਟ ਟੀਚਰ ਐਸੋਸੀਏਸ਼ਨ ਤਾਂ ਸਿਰਫ ਕਾਗਜ਼ਾਂ ਵਿਚ ਬਣਦੀ ਹੈ ਅਤੇ ਸਕੂਲ ਦਾ ਹੀ ਪੱਖ ਪੂਰਦੀ ਨਜ਼ਰ ਆਉਂਦੀ ਹੈ।

**ਸਕੂਲਾਂ ਦਾ ਆਡਿਟ** : ਸਰਕਾਰ ਹਰ ਨਿੱਜੀ ਸਕੂਲ ਦਾ ਵਿੱਤੀ ਆਡਿਟ ਕਰਨ ਲਈ ਪੁਰਾਣੇ ਨਿਯਮਾਂ ਨੂੰ ਘੋਖ ਕੇ ਨਵਾਂ ਖਰੜਾ ਤਿਆਰ ਕਰ ਰਹੀ ਹੈ। ਇਸ ਵਿਚ ਸੀ.ਏ. ਲਾਉਣ ਦੀ ਸੋਚੀ ਜਾ ਰਹੀ ਹੈ। ਇਥੇ ਪਹਿਲਾਂ ਵੀ ਇਹੋ ਜਿਹੇ ਆਡਿਟ ਚਾਹੇ ਵਿੱਤੀ ਹੋਣ ਜਾਂ ਅਕੈਡਮਿਕ ਆਡਿਟ ਹੋਵੇ ਕੀਤੇ ਜਾਂਦੇ ਹਨ। ਪਰ ਜਿਹੜੀ ਟੀਮ ਪਹੁੰਚਦੀ ਹੈ, ਉਸਨੂੰ ਆਉ ਭਗਤ ਅਤੇ ਹੋਰ ਲਾਲਚ ਵਿਚ ਭਰਮਾ ਲਿਆ ਜਾਂਦਾ ਹੈ।

ਸਾਲ 2025 ਵਿਚ ਇੱਕ ਟੀਮ ਕਿਸੇ ਨਿੱਜੀ ਯੂਨੀਵਰਸਿਟੀ ਦੇ ਅਕੈਡਮਿਕ ਆਡਿਟ ਲਈ ਗਈ ਸੀ। ਉਸ ਵਿਚ ਸਰਕਾਰੀ ਯੂਨੀਵਰਸਿਟੀ ਦੇ ਉੱਚ ਕੋਟੀ ਦੇ ਪ੍ਰੋਫੈਸਰ ਸਨ। ਉਨ੍ਹਾਂ ਨੇ ਯੂਨੀਵਰਸਿਟੀ ਦੀ ਰਿਪੋਰਟ ਚੰਗੀ ਲਿਖਣ ਲਈ ਪੈਸੇ ਲਏ। ਅੱਧੇ ਰਸਤੇ ਵਿਚ ਉਸੇ ਯੂਨੀਵਰਸਿਟੀ ਦੀ ਸ਼ਿਕਾਇਤ 'ਤੇ ਉਨ੍ਹਾਂ ਨੂੰ ਫੜ ਲਿਆ ਗਿਆ। ਇਹ ਕੇਸ ਅਖ਼ਬਾਰਾਂ ਦੀ ਸੁਰਖੀਆਂ ਬਣੀਆਂ ਪਰ ਨਤੀਜਾ ਕੁੱਝ ਵੀ ਨਹੀਂ ਨਿਕਲਿਆ। ਇਸ ਨੂੰ ਕਿਸ ਤਰ੍ਹਾਂ ਰੋਕੂਗੀ ਸਰਕਾਰ, ਇਹ ਬਹੁਤ ਵੱਡਾ ਚੈਲੇਂਜ ਹੈ। ਚੋਣਾਂ ਦਾ ਵਰ੍ਹਾ ਹੈ ਪਾਰਟੀਆਂ ਨੂੰ ਚੰਦਾ ਵੀ ਚਾਹੀਦਾ ਹੈ ਅਤੇ ਵੋਟਾਂ ਵੀ।

**ਕਿਤਾਬਾਂ:** ਅੱਜ ਤੁਸੀਂ ਦੇਖੋਗੇ ਕਿ ਸਕੂਲ ਤਾਂ ਕਿਤਾਬਾਂ ਨਹੀਂ ਦਿੰਦੇ ਪਰ ਕਿਤਾਬਾਂ ਦੀ ਲਿਸਟ ਦੇ ਦਿੰਦੇ ਹਨ। ਜਿਹੜੀਆਂ ਕਿਤਾਬਾਂ ਦੱਸੀਆ ਜਾਂਦੀਆ ਹਨ, ਉਹ ਆਮ ਦੁਕਾਨਾਂ ਤੋਂ ਮਿਲਦੀਆਂ ਹੀ ਨਹੀ। ਹਰ ਸਕੂਲ ਦੀ ਕਿਤਾਬ ਕਿਸੇ ਖਾਸ ਦੁਕਾਨਦਾਰ ਤੋਂ ਹੀ ਮਿਲਦੀ ਹੈ। ਉਹ ਪੈਸੇ ਸਕੂਲ ਤੋਂ ਵੀ ਵੱਧ ਲਾਉਂਦਾ ਹੈ ਅਤੇ ਧੱਕੇ ਨਾਲ ਸਟੇਸ਼ਨਰੀ ਅਤੇ ਕਾਪੀਆਂ ਵੀ ਚੁਕਾਉਂਦਾ ਹੈ। ਜਿਹੜੇ ਵਿਸ਼ਿਆਂ ਦੀਆਂ ਕਿਤਾਬਾਂ ਐੱਨ.ਸੀ.ਈ.ਆਰ.ਟੀ. ਨਹੀਂ ਛਾਪਦੀ, ਕਿਉਂ ਨਹੀਂ ਸਕੂਲ ਸੰਬੰਧਿਤ ਬੋਰਡ ਕਿਤਾਬਾਂ ਦੀ ਪ੍ਰਮਾਣਿਤ ਲਿਸਟ ਜਾਰੀ ਕਰਨ ਅਤੇ ਲਾਜ਼ਮੀ ਹੋਵੇ ਕਿ ਸਕੂਲ ਉਸੇ ਲਿਸਟ ਵਿਚੋਂ ਕਿਤਾਬਾਂ ਸਿਫਾਰਿਸ਼ ਕਰਨ।

**ਵਰਦੀਆਂ:-** ਵਰਦੀਆਂ ਦਾ ਹਾਲ ਵੀ ਇਹੋ ਜਿਹਾ ਹੀ ਹੈ। ਇਹ ਲਾਜ਼ਮੀ ਹੋਵੇ ਕਿ ਜੋ ਵਰਦੀ ਸਕੂਲ ਲਗਵਾਉਂਦਾ ਹੈ, ਉਸ ਦਾ ਰੰਗ, ਡਿਜ਼ਾਇਨ ਘੱਟੋ-ਘੱਟ 5 ਸਾਲ ਤੋਂ ਪਹਿਲ਼ਾਂ ਬਦਲਿਆ ਨਹੀਂ ਜਾਣੀਆਂ ਚਾਹੀਦਾ, ਤਾਂ ਜੋ ਸਾਰੇ ਵਰਦੀ ਬਣਾਉਣ ਵਾਲਿਆਂ ਨੂੰ ਪਤਾ ਹੋਵੇ ਅਤੇ ਉਹ ਵਰਦੀਆਂ ਬਣਾਉਣ। ਹੁਣ ਹੁੰਦਾ ਕੀ ਹੈ ਕਿ ਇੱਕ ਬਣਾਉਣ ਵਾਲੇ ਨੂੰ ਸਕੂਲ ਡਿਜ਼ਾਈਨ ਤੇ ਰੰਗ ਦੱਸ ਦਿੰਦਾ ਹੈ ਅਤੇ ਉਹ ਹੀ ਬਣਾਉਦਾ ਹੈ ਅਤੇ ਮਨਮਰਜ਼ੀ ਦਾ ਰੇਟ ਲਾਉਂਦੇ ਹਨ, ਬਾਕੀਆਂ ਨੂੰ ਅਗਲੇ ਸਾਲ ਪਤਾ ਲੱਗਦਾ ਹੈ। ਸਕੂਲ ਦਾ ਪਤਾ ਨਹੀਂ, ਕਦੋਂ ਵਰਦੀ ਦੇ ਰੰਗ ਜਾਂ ਡਿਜ਼ਾਇਨ ਬਦਲ ਦਿੰਦੇ ਹਨ।

**ਰੈਗੂਲੈਟਰੀ ਅਥਾਰਟੀ:-** ਇੱਕ ਨਵੀਂ ਰੈਗੂਲੇਟਰੀ ਅਥਾਰਟੀ ਬਣਨੀ ਚਾਹੀਦੀ, ਜਿਸ ਕੋਲ ਫੀਸ ਨੂੰ ਸੈਟ ਕਰਨ ਦੇ ਨਾਲ-ਨਾਲ ਬਾਕੀ ਅਧਿਕਾਰ ਵੀ ਹੋਣ, ਜਿਵੇਂ ਬੁਨਿਆਦੀ ਢਾਚਾਂ, ਕਿਤਾਬਾਂ, ਡਰੈਸ, ਟੀਚਰਾਂ ਦੀ ਤਨਖਾਹ ਅਤੇ ਪੜ੍ਹਾਈ ਦਾ ਮਿਆਰ ਕਿਹੋ ਜਿਹਾ ਹੈ। ਇਸ ਵਿਚ ਧਿਆਨ ਦੇਣ ਦੀ ਲੋੜ ਹੈ ਕਿ 2016 ਵਿਚ ਜੋ ਰੈਗੂਲੇਟਰੀ ਅਥਾਰਟੀ ਬਣਾਈ ਸੀ, ਉਹ ਸਿਰਫ ਫੀਸ ਪ੍ਰਤੀ ਹੀ ਸੀ ਅਤੇ ਉਸ ਵਿਚ ਮਾਪਿਆਂ ਨੂੰ ਨਹੀਂ ਰੱਖਿਆ ਗਿਆ ਸੀ। ਸੋ ਇਸ ਨਵੀਂ ਅਥਾਰਟੀ ਵਿਚ ਮਾਪਿਆਂ ਦੇ ਪ੍ਰਤੀਨਿਧੀ ਵੀ ਹੋਣ ਅਤੇ ਚੁਣੇ ਉਹ ਹੀ ਜਾਣ, ਜਿਨ੍ਹਾਂ ਦੇ ਬੱਚੇ ਸਕੂਲਾਂ ਵਿਚ ਪੜ੍ਹਦੇ ਹੋਣ ਅਤੇ ਪ੍ਰਾਇਮਰੀ, ਮਿਡਲ, ਹਾਈ, ਤਿੰਨਾਂ ਦੀ ਪ੍ਰਤੀਨਿਧਤਾ ਕਰਨ।

ਇਕ ਹੋਰ ਗੱਲ ਵੀ ਜ਼ਿਕਰ ਯੋਗ ਹੈ ਕਿ ਜੇ ਬੱਚਾ ਪੜ੍ਹਾਈ ਵਿਚ ਕਮਜ਼ੋਰ ਹੈ, ਉਸ ਨੂੰ ਅੱਠਵੀਂ ਤੱਕ ਸਕੂਲ ਵਿਚ ਬਿਠਾਈ ਰੱਖਦੇ ਹਨ ਅਤੇ ਫੀਸ ਲਈ ਜਾਂਦੇ ਹਨ। ਉਸ ਤੋਂ ਬਾਅਦ ਆਪਣੇ ਸਕੂਲਾਂ ਦਾ ਨਤੀਜਾ ਠੀਕ ਰੱਖਣ ਲਈ ਨੌਂਵੀ, ਦਸਵੀਂ ਵਿਚ ਉਸ ਨੂੰ ਕੱਢ ਦਿੰਦੇ ਹਨ। ਇਹ ਗਲਤ ਹੈ। ਸਕੂਲਾਂ 'ਤੇ ਕੋਈ ਆਮਦਨ ਟੈਕਸ ਨਹੀਂ ਲੱਗਦਾ ਕਿਉਂਕਿ ਇਹ ਸਮਾਜ ਭਲਾਈ ਦਾ ਕੰਮ ਕਰ ਰਹੇ ਹਨ। ਸੋ ਇਨ੍ਹਾਂ ਦਾ ਸਮਾਜਿਕ ਆਡਿਟ ਹੋਵੇ ਅਤੇ ਉਸ ਨੂੰ ਜਨਤਕ ਕੀਤਾ ਜਾਵੇ।

**ਨਿਚੋੜ:** ਅਗਰ ਉਪਰੋਕਤ ਸਿਸਟਮ ਵਿਚ ਬਦਲਾਵ ਲਿਆਉਣਾ ਹੈ, ਇਕ ਅਸਰਦਾਰ ਰੇਗੂਲੇਟਰੀ ਅਥਾਰਟੀ ਬਣਾਈ ਜਾਵੇ, ਜੋ ਘੱਟੋ-ਘੱਟ ਸਾਲ ਵਿਚ ਦੋ ਵਾਰ ਸਕੂਲ ਦਾ ਮੁਆਇਨਾ ਕਰਕੇ ਰਿਪੋਰਟ ਦੇਵੇ, ਜਿਸ ਲਈ ਇੱਕ ਵਿਸਥਾਰਪੂਰਵਕ ਪ੍ਰੋਫਰਮਾ ਅੰਕੜੇ ਆਧਾਰਿਤ ਬਣਾਇਆ ਜਾਵੇ।

# ਪੰਜਾਬ ਦੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ

ਡਾ. ਸਰਬਜੀਤ ਸਿੰਘ
ਅਸਿਸਟੈਂਟ ਪ੍ਰੋਫੈਸਰ,
ਖ਼ਾਲਸਾ ਕਾਲਜ, ਪਟਿਆਲਾ।
94176-26925



ਪੰਜਾਬ ਮੇਲ USA



ਪੰਜਾਬੀ ਭਾਸ਼ਾ ਸਿਰਫ਼ ਇੱਕ ਸੰਚਾਰ ਦਾ ਸਾਧਨ ਨਹੀਂ, ਸਗੋਂ ਪੰਜਾਬ ਦੀ ਸੱਭਿਆਚਾਰਕ, ਇਤਿਹਾਸਕ ਅਤੇ ਸਮਾਜਿਕ ਪਛਾਣ ਦਾ ਆਧਾਰ ਹੈ। ਪੰਜਾਬ ਰਾਜ ਦੀ ਸਰਕਾਰੀ ਭਾਸ਼ਾ ਹੋਣ ਦੇ ਨਾਤੇ ਪੰਜਾਬੀ ਨੂੰ ਸਿੱਖਿਆ, ਪ੍ਰਸ਼ਾਸਨ ਅਤੇ ਸਰਕਾਰੀ ਕੰਮਕਾਜ ਵਿਚ ਪਹਿਲਾ ਸਥਾਨ ਪ੍ਰਾਪਤ ਹੋਣਾ ਚਾਹੀਦਾ ਹੈ। ਪਿਛਲੇ ਕੁਝ ਸਾਲਾਂ ਤੋਂ ਇਹ ਚਿੰਤਾ ਲਗਾਤਾਰ ਵਧ ਰਹੀ ਹੈ ਕਿ ਪੰਜਾਬ ਦੇ ਕਈ ਪ੍ਰਾਈਵੇਟ, ਖਾਸ ਕਰਕੇ ਸੀ.ਬੀ.ਐੱਸ.ਈ. ਨਾਲ ਸੰਬੰਧਿਤ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਠੀਕ ਨਹੀਂ ਹੈ। ਮਾਪੇ, ਸਿੱਖਿਆ ਸ਼ਾਸਤਰੀ ਅਤੇ ਭਾਸ਼ਾ ਮਾਹਿਰ ਇਹ ਸਵਾਲ ਉਠਾ ਰਹੇ ਹਨ ਕਿ ਜਦੋਂ ਪੰਜਾਬੀ ਰਾਜ ਦੀ ਸਰਕਾਰੀ ਭਾਸ਼ਾ ਹੈ, ਤਾਂ ਫਿਰ ਸੈਕੰਡਰੀ ਕਲਾਸਾਂ ਵਿਚ ਇਸ ਨੂੰ ਲਾਜ਼ਮੀ ਵਿਸ਼ੇ ਦੀ ਥਾਂ ਇੱਕ ਚੋਣਵੇਂ ਵਿਸ਼ੇ ਵਜੋਂ ਕਿਉਂ ਪੜ੍ਹਾਇਆ ਜਾ ਰਿਹਾ ਹੈ?


ਇਹ ਬਹੁਤ ਗੰਭੀਰ ਮਸਲਾ ਹੈ ਕਿ ਸੂਬਾ ਜਿਸ ਦੀ ਬੁਨਿਆਦ ਹੀ ਉਸਦੀ ਭਾਸ਼ਾ ਉੱਤੇ ਟਿਕੀ ਹੁੰਦੀ ਹੈ ਤੇ ਉਸ ਸੂਬੇ ਵਿਚ ਕਿਸ ਤਰ੍ਹਾਂ ਸਰਕਾਰੀ ਪ੍ਰਬੰਧ ਦੇ ਬਦਲ ਵਜੋਂ ਪ੍ਰਾਈਵੇਟ ਸਿੱਖਿਆ ਪ੍ਰਬੰਧ ਵਿਚ ਰਾਜ ਦੀ ਸਰਕਾਰੀ ਭਾਸ਼ਾ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਇਸ ਮਸਲੇ ਨੂੰ ਸਮਝਣ ਲਈ ਤੱਥਾਂ, ਕਾਨੂੰਨੀ ਪ੍ਰਬੰਧ ਅਤੇ ਸਿੱਖਿਆ ਨੀਤੀਆਂ ਦਾ ਅਧਿਐਨ ਕਰਨਾ ਜ਼ਰੂਰੀ ਹੈ।

ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਸਿੱਖਿਆ ਨੂੰ ਲੈ ਕੇ ਸਭ ਤੋਂ ਮਹੱਤਵਪੂਰਨ ਕਾਨੂੰਨੀ ਪ੍ਰਬੰਧ 'ਭਾਸ਼ਾ ਐਕਟ 2008' ਹੈ। ਇਸ ਕਾਨੂੰਨ ਦਾ ਉਦੇਸ਼ ਰਾਜ ਦੇ ਸਾਰੇ ਸਕੂਲਾਂ ਵਿਚ ਪੰਜਾਬੀ ਦੀ ਸਿੱਖਿਆ ਯਕੀਨੀ ਬਣਾਉਣਾ ਸੀ। ਇਸ ਦੇ ਅਨੁਸਾਰ ਪੰਜਾਬ ਵਿਚ ਚੱਲ ਰਹੇ ਸਰਕਾਰੀ, ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾਣੀ ਜਰੂਰੀ ਹੈ। ਇਹ ਧਾਰਨਾ ਹੈ ਕਿ ਪੰਜਾਬੀ ਦਸਵੀਂ ਤੱਕ ਲਾਜ਼ਮੀ ਤੌਰ 'ਤੇ ਪੜ੍ਹਾਈ ਜਾਂਦੀ ਹੈ ਪਰ ਅਸਲ ਹਕੀਕਤ ਕਈ ਸਕੂਲਾਂ ਵਿਚ ਇਸ ਤੋਂ ਵੱਖਰੀ ਹੈ। ਸੀ.ਬੀ.ਐੱਸ.ਈ. ਸਕੂਲਾਂ ਵਿਚ ਲੰਮੇ ਸਮੇਂ ਤੱਕ ਅਜਿਹੀ ਪ੍ਰਥਾ ਰਹੀ ਕਿ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾਈ ਤਾਂ ਜਾਂਦੀ ਸੀ ਪਰ ਨੌਵੀਂ ਅਤੇ ਦਸਵੀਂ ਵਿਚ ਕਈ ਵਾਰ ਇਸ ਨੂੰ ਵਾਧੂ ਜਾਂ ਵਿਕਲਪਿਕ ਵਿਸ਼ੇ ਦੇ ਰੂਪ ਚੁਣਿਆ ਜਾਂਦਾ ਹੈ। ਕੁਝ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਪੰਜਾਬੀ ਅਤੇ ਹਿੰਦੀ ਵਿਚੋਂ ਇੱਕ ਚੁਣਨ ਦਾ ਵਿਕਲਪ ਦਿੱਤਾ ਜਾਂਦਾ ਸੀ। ਇਸ ਕਾਰਨ ਵਿਦਿਆਰਥੀਆਂ ਦਾ ਰੁਝਾਨ ਅਕਸਰ ਹਿੰਦੀ ਜਾਂ ਹੋਰ ਵਿਸ਼ਿਆਂ ਵੱਲ ਹੋ ਜਾਂਦਾ ਸੀ। ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਇਹ ਸਥਿਤੀ ਭਾਸ਼ਾ ਦੇ ਅਧਿਐਨ ਨੂੰ ਸਿਰਫ਼ ਇੱਕ ਰਸਮੀ ਕਾਰਵਾਈ ਵਜੋਂ ਹੀ ਸਮਾਪਤ ਕਰ ਦਿੰਦੀ ਹੈ। ਨਵੀਂ ਸਿੱਖਿਆ ਨੀਤੀ 2020 ਨੇ ਮਾਤ ਭਾਸ਼ਾ ਅਤੇ ਖੇਤਰੀ ਭਾਸ਼ਾਵਾਂ ਦੇ ਮਹੱਤਵ 'ਤੇ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਹੈ। ਇਸ ਨੀਤੀ ਵਿਚ ਦੱਸਿਆ ਗਿਆ ਹੈ ਕਿ ਬੱਚਿਆਂ ਦੀ ਸ਼ੁਰੂਆਤੀ ਸਿੱਖਿਆ ਮਾਤ ਭਾਸ਼ਾ ਜਾਂ ਸਥਾਨਕ ਭਾਸ਼ਾ ਵਿਚ ਹੋਣੀ ਚਾਹੀਦੀ ਹੈ ਅਤੇ ਬਹੁਭਾਸ਼ੀ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਬਾਵਜੂਦ ਜ਼ਮੀਨੀ ਪੱਧਰ 'ਤੇ ਕਈ ਨਿੱਜੀ ਸਕੂਲ ਅੰਗਰੇਜ਼ੀ ਮਾਧਿਅਮ ਨੂੰ ਹੀ ਸਫਲਤਾ ਦਾ ਪ੍ਰਤੀਕ ਮੰਨਦੇ ਰਹੇ ਹਨ। ਨਤੀਜੇ ਵਜੋਂ ਪੰਜਾਬੀ ਦੀ ਪੜ੍ਹਾਈ ਨੂੰ ਉਹ ਮਹੱਤਵ ਨਹੀਂ ਮਿਲਿਆ, ਜੋ ਇੱਕ ਰਾਜ ਭਾਸ਼ਾ ਨੂੰ ਮਿਲਣਾ ਚਾਹੀਦਾ ਸੀ।

**ਕਈ ਨਿੱਜੀ ਸਕੂਲ ਅੰਗਰੇਜ਼ੀ ਮਾਧਿਅਮ ਨੂੰ ਹੀ ਸਫਲਤਾ ਦਾ ਪ੍ਰਤੀਕ ਮੰਨਦੇ ਰਹੇ ਹਨ। ਨਤੀਜੇ ਵਜੋਂ ਪੰਜਾਬੀ ਦੀ ਪੜ੍ਹਾਈ ਨੂੰ ਉਹ ਮਹੱਤਵ ਨਹੀਂ ਮਿਲਿਆ, ਜੋ ਇੱਕ ਗਜ ਭਾਸ਼ਾ ਨੂੰ ਮਿਲਣਾ ਚਾਹੀਦਾ ਸੀ। ਸਾਲ 2025 ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਲੈ ਕੇ ਸੀ.ਬੀ.ਐੱਸ.ਈ. ਦੇ ਪ੍ਰੀਖਿਆ ਕਰਵਾਉਣ ਸਬੰਧੀ ਜਾਰੀ ਕੀਤੇ ਇੱਕ ਡਰਾਫਟ ਵਿਚ ਪੰਜਾਬੀ ਦਾ ਨਾਮ ਸਪੱਸ਼ਟ ਤੌਰ 'ਤੇ ਦਰਸਾਇਆ ਨਹੀਂ ਗਿਆ ਸੀ।**

ਸਾਲ 2025 ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਲੈ ਕੇ ਸੀ.ਬੀ.ਐੱਸ.ਈ. ਦੇ ਪ੍ਰੀਖਿਆ ਕਰਵਾਉਣ ਸਬੰਧੀ ਜਾਰੀ ਕੀਤੇ ਇੱਕ ਡਰਾਫਟ ਵਿਚ ਪੰਜਾਬੀ ਦਾ ਨਾਮ ਸਪੱਸ਼ਟ ਤੌਰ 'ਤੇ ਦਰਸਾਇਆ ਨਹੀਂ ਗਿਆ ਸੀ। ਇਸ 'ਤੇ ਪੰਜਾਬ ਸਰਕਾਰ, ਭਾਸ਼ਾ ਮਾਹਿਰ ਅਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਨੇ ਸਖ਼ਤ ਇਤਰਾਜ਼ ਜਤਾਇਆ ਸੀ। ਇਸ ਇਤਰਾਜ ਉਪਰੰਤ ਸੀ.ਬੀ.ਐੱਸ.ਈ. ਨੇ ਸਪੱਸ਼ਟੀਕਰਨ ਦਿੱਤਾ ਕਿ ਪੰਜਾਬੀ ਨੂੰ ਹਟਾਇਆ ਨਹੀਂ ਗਿਆ ਹੈ ਅਤੇ ਉਹ ਪਹਿਲਾਂ ਦੀ ਤਰ੍ਹਾਂ ਜਾਰੀ ਰਹੇਗੀ। ਤਾਜ਼ਾ ਸਥਿਤੀ ਵਿਚ ਸੈਨਿਕ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਦੀ ਸਥਿਤੀ ਅਸੀਂ ਸਾਰੇ ਭਲੀਭਾਂਤ ਜਾਣੂ ਹਾਂ। ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਇੱਕ ਮਹੱਤਵਪੂਰਨ ਫੈਸਲਾ ਲੈਂਦਿਆਂ ਐਲਾਨ ਕੀਤਾ ਕਿ ਪੰਜਾਬ ਦੇ ਸਾਰੇ ਸਕੂਲਾਂ ਵਿਚ ਭਾਵੇਂ ਉਹ ਕਿਸੇ ਵੀ ਬੋਰਡ ਨਾਲ ਸੰਬੰਧਿਤ ਹੋਣ, ਪੰਜਾਬੀ ਨੂੰ ਮੁੱਖ ਅਤੇ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇਗਾ। ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਪੰਜਾਬੀ ਪੜ੍ਹੇ ਬਿਨਾਂ ਵਿਦਿਆਰਥੀ ਨੂੰ ਦਸਵੀਂ ਪਾਸ ਨਹੀਂ ਮੰਨਿਆ ਜਾਵੇਗਾ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਇਸ ਸਰਕਾਰੀ ਫੈਸਲੇ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਨੂੰ ਵੀ ਇਹ ਮਹਿਸੂਸ ਹੋਇਆ ਕਿ ਕਾਨੂੰਨ ਹੋਣ ਦੇ ਬਾਵਜੂਦ ਪੰਜਾਬੀ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਕੂਲਾਂ 'ਚ ਪੰਜਾਬੀ ਦੀ ਸਥਿਤੀ ਪੂਰੀ ਤਰ੍ਹਾਂ ਠੀਕ ਹੁੰਦੀ, ਤਾਂ ਅਜਿਹੀ ਨਵੀਂ ਹਦਾਇਤ ਜਾਰੀ ਕਰਨ ਦੀ ਲੋੜ ਸ਼ਾਇਦ ਨਾ ਪੈਂਦੀ। ਭਾਸ਼ਾ ਵਿਗਿਆਨੀਆਂ ਅਤੇ ਸਿੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਭਾਸ਼ਾ ਦੀ ਸੁਰੱਖਿਆ ਕੇਵਲ ਕਾਨੂੰਨ ਨਾਲ ਨਹੀਂ ਹੁੰਦੀ, ਸਗੋਂ ਉਸ ਦੇ ਸੰਪੂਰਨ ਉਪਯੋਗ ਨਾਲ ਹੁੰਦੀ ਹੈ। ਪੰਜਾਬ ਦੇ ਕਈ ਨਿੱਜੀ ਸਕੂਲਾਂ ਵਿਚ ਅੱਜ ਵੀ ਵਿਦਿਆਰਥੀਆਂ ਨੂੰ ਪੰਜਾਬੀ ਬੋਲਣ ਲਈ ਉਤਸ਼ਾਹਿਤ ਕਰਨ ਦੀ ਥਾਂ ਅੰਗਰੇਜ਼ੀ ਬੋਲਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਸਕੂਲਾਂ ਦੇ ਨੋਟਿਸ, ਸਮਾਗਮ ਅਤੇ ਆਪਸੀ ਸੰਚਾਰ, ਅਕਸਰ ਅੰਗਰੇਜ਼ੀ ਵਿਚ ਹੀ ਹੁੰਦੇ ਹਨ। ਅਜਿਹੇ ਮਾਹੌਲ ਵਿਚ ਪੰਜਾਬੀ ਸਿਰਫ਼ ਇੱਕ ਵਿਸ਼ਾ ਬਣ ਕੇ ਰਹਿ ਜਾਂਦੀ ਹੈ। ਖੋਜ ਅਧਿਐਨ ਤੋਂ ਵੀ ਇਹ ਗੱਲ ਸਾਹਮਣੇ ਆਈ ਹੈ ਕਿ ਮਾਤ ਭਾਸ਼ਾ ਵਿਚ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਬੌਧਿਕ ਅਤੇ ਭਾਵਨਾਤਮਕ ਤੌਰ 'ਤੇ ਵਧੇਰੇ ਮਜ਼ਬੂਤ ਹੁੰਦੇ ਹਨ। ਅੰਤਰਰਾਸ਼ਟਰੀ ਸੰਸਥਾਵਾਂ ਵੀ ਮਾਤ ਭਾਸ਼ਾ-ਆਧਾਰਿਤ ਸਿੱਖਿਆ ਪ੍ਰਣਾਲੀ ਦੀ ਸਿਫ਼ਾਰਸ਼ ਕਰਦੀਆਂ ਹਨ। ਨਵੀਂ ਸਿੱਖਿਆ ਨੀਤੀ ਵੀ ਇਸੇ ਸਿਧਾਂਤ ਨੂੰ ਮੰਨਦੀ ਹੈ। ਇਸ ਲਈ ਪੰਜਾਬੀ ਨੂੰ ਕਮਜ਼ੋਰ ਕਰਨਾ, ਸਿਰਫ਼ ਇੱਕ ਭਾਸ਼ਾ ਦਾ ਨੁਕਸਾਨ ਨਹੀਂ, ਸਗੋਂ ਸਿੱਖਿਆ ਦੀ ਗੁਣਵੱਤਾ ਨਾਲ ਵੀ ਜੁੜਿਆ ਹੋਇਆ ਮਸਲਾ ਹੈ। ਇਹ ਵੀ ਧਿਆਨਦੇਣ ਯੋਗ ਹੈ ਕਿ ਪੰਜਾਬੀ ਭਾਸ਼ਾ ਦਾ ਮਹੱਤਵ ਸਿਰਫ਼ ਸਾਹਿਤ ਜਾਂ ਸੱਭਿਆਚਾਰ ਤੱਕ ਸੀਮਿਤ ਨਹੀਂ ਹੈ। ਪੰਜਾਬ ਸਰਕਾਰ ਅਤੇ ਕੇਂਦਰਤ ਦੀਆਂ ਨੌਕਰੀਆਂ, ਪ੍ਰਸ਼ਾਸਕੀ ਕੰਮਕਾਜ ਅਤੇ ਸਮਾਜਿਕ ਜੀਵਨ ਵਿਚ ਪੰਜਾਬੀ ਭਾਸ਼ਾ ਦੀ ਸਮਝ ਇੱਕ ਲਾਜ਼ਮੀ ਪਹਿਲੂ ਹੈ। ਨਵੀਂ ਪੀੜ੍ਹੀ ਜੇਕਰ ਪੰਜਾਬੀ ਪੜ੍ਹਨ ਅਤੇ ਲਿਖਣ ਵਿਚ ਪਛੜ ਜਾਵੇਗੀ, ਤਾਂ ਇਸ ਦਾ ਪ੍ਰਭਾਵ ਭਵਿੱਖ ਵਿਚ ਰਾਜ ਦੇ ਸੱਭਿਆਚਾਰਕ, ਸਮਾਜਿਕ ਆਰਥਿਕ ਅਤੇ ਪ੍ਰਸ਼ਾਸਕੀ ਢਾਂਚੇ 'ਤੇ ਵੀ ਪਵੇਗਾ। ਸੂਬੇ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਸਮਝਦੇ ਹੋਏ ਬਹੁਤ ਸਾਰੇ ਸੁਹਿਰਦ ਯਤਨ ਵੀ ਹੋਏ ਹਨ। ਪਿਛਲੇ ਕੁਝ ਸਾਲਾਂ ਦੌਰਾਨ, ਪੰਜਾਬੀ ਭਾਸ਼ਾ ਦੀ ਰਾਖੀ ਲਈ ਸਮਾਜਿਕ ਜਾਗਰੂਕਤਾ ਵਿਚ ਵਾਧਾ ਹੋਇਆ ਹੈ। ਯੂਨੀਵਰਸਿਟੀਆਂ, ਸਾਹਿਤਕ ਸੰਸਥਾਵਾਂ ਅਤੇ ਭਾਸ਼ਾ ਪ੍ਰੇਮੀ ਪੰਜਾਬੀ ਦੇ ਹੱਕ ਵਿਚ ਆਵਾਜ਼ ਉਠਾ ਰਹੇ ਹਨ। ਉੱਚ ਸਿੱਖਿਆ ਸੰਸਥਾਵਾਂ ਵੀ ਪੰਜਾਬੀ ਨੂੰ ਖੋਜ ਅਤੇ ਅਕਾਦਮਿਕ ਕੰਮਾਂ ਵਿਚ ਵਧੇਰੇ ਮਹੱਤਵ ਦੇਣ ਵੱਲ ਕਦਮ ਚੁੱਕ ਰਹੀਆਂ ਹਨ। ਇਸ ਸਥਿਤੀ ਨੂੰ ਭਾਂਪਦਿਆਂ ਇਸ ਗੱਲ ਦੀ ਜ਼ਰੂਰਤ ਹੈ ਕਿ ਪੰਜਾਬੀ ਨੂੰ ਕੇਵਲ ਪ੍ਰੀਖਿਆ ਪਾਸ ਕਰਨ ਦਾ ਵਿਸ਼ਾ ਨਾ ਸਮਝਿਆ ਜਾਵੇ। ਸਕੂਲ ਪੱਧਰ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਯਕੀਨੀ ਬਣਾਇਆ ਜਾਵੇ। ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਬੋਲਣ, ਲਿਖਣ ਅਤੇ ਪੜ੍ਹਨ ਦਾ ਮਾਹੌਲ ਬਣਾਇਆ ਜਾਵੇ। ਸਕੂਲੀ ਸਮਾਗਮਾਂ, ਨਾਟਕਾਂ, ਭਾਸ਼ਣ ਮੁਕਾਬਲਿਆਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿਚ ਪੰਜਾਬੀ ਨੂੰ ਅਹਿਮ ਸਥਾਨ ਦਿੱਤਾ ਜਾਵੇ। ਤਕਨੀਕ ਦੇ ਇਸ ਸਮੇਂ ਵਿਚ ਪੰਜਾਬੀ ਅਧਿਆਪਕਾਂ ਦੀ ਗੁਣਵੱਤਾ ਅਤੇ ਸਿਖਲਾਈ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਪ੍ਰਾਈਵੇਟ ਸੀ.ਬੀ.ਐੱਸ.ਈ. ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਲੈ ਕੇ ਚਿੰਤਾ ਪੂਰੀ ਤਰ੍ਹਾਂ ਬੇਬੁਨਿਆਦ ਨਹੀਂ ਹੈ। ਰਾਜ ਦੀ ਸਰਕਾਰੀ ਭਾਸ਼ਾ ਦੇ ਸਬੰਧ ਵਿਚ ਕਾਨੂੰਨੀ ਤੌਰ 'ਤੇ ਪੰਜਾਬੀ ਨੂੰ ਮਹੱਤਵ ਪ੍ਰਾਪਤ ਹੈ ਅਤੇ ਇਸ ਨੂੰ ਹੋਰ ਮਜ਼ਬੂਤ ਬਣਾਉਣ ਲਈ ਸਰਕਾਰ ਨੇ ਨਵੇਂ ਕਦਮ ਵੀ ਚੁੱਕੇ ਹਨ ਪਰ ਜ਼ਮੀਨੀ ਪੱਧਰ 'ਤੇ ਅਜੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਪੰਜਾਬੀ ਭਾਸ਼ਾ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲਈ ਸਰਕਾਰ, ਸਕੂਲਾਂ, ਮਾਪਿਆਂ, ਅਧਿਆਪਕਾਂ ਅਤੇ ਸਮੁੱਚੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਅਸੀਂ ਆਪਣੀ ਭਾਸ਼ਾ ਨੂੰ ਸਿੱਖਿਆ ਦੇ ਕੇਂਦਰ ਵਿਚ ਨਹੀਂ ਰੱਖਾਂਗੇ, ਤਾਂ ਭਵਿੱਖ ਦੀਆਂ ਪੀੜ੍ਹੀਆਂ ਆਪਣੀਆਂ ਜੜ੍ਹਾਂ ਤੋਂ ਦੂਰ ਹੋ ਜਾਣਗੀਆਂ। ਵਿਸ਼ਵ ਦੇ ਬਹੁਤ ਸਾਰੇ ਦੇਸ਼ ਹਨ, ਜਿੱਥੇ ਉਹ ਆਪਣੀ ਮਾਤ ਭਾਸ਼ਾ ਵਿਚ ਆਪਣੀ ਸਾਰੀ ਸ਼ਾਸਨ ਪ੍ਰਣਾਲੀ ਚਲਾਉਂਦੇ ਹਨ, ਅੱਜ ਉਨ੍ਹਾਂ ਦੀ ਸਥਿਤੀ ਵਿਸ਼ਵ ਵਿਚ ਬਹੁਤ ਅਹਿਮ ਹੈ। ਅੱਜ ਦੇ ਸਮੇਂ ਵਿਚ ਪੰਜਾਬ ਦੀ ਗੱਲ ਕਰੀਏ, ਤਾਂ ਪੰਜਾਬੀ ਭਾਸ਼ਾ ਦੀ ਮਜ਼ਬੂਤੀ ਹੀ ਪੰਜਾਬ ਦੀ ਸੱਭਿਆਚਾਰਕ ਅਤੇ ਬੌਧਿਕ ਵਿਕਾਸ ਦਾ ਅਹਿਮ ਪਹਿਲੂ ਹੈ। ਸੋ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿੱਖਿਆ ਦੇ ਵਿਚ ਆਪਣੇ ਸਰਕਾਰੀ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਦੀ ਸਥਿਤੀ ਵਿਚ ਹੋਰ ਸੁਧਾਰ ਕਰੇ ਅਤੇ ਸਿੱਖਿਆ ਅਤੇ ਸਿਹਤ ਵਰਗੇ ਬਹੁਤ ਹੀ ਮਹੱਤਵਪੂਰਨ ਖੇਤਰਾਂ ਵਿਚ ਪ੍ਰਾਈਵੇਟ ਸੰਸਥਾਵਾਂ ਦੀ ਇਜ਼ਾਰੇਦਾਰੀ ਨੂੰ ਘੱਟ ਕਰਦੀ ਹੋਈ ਮਾਤ ਭਾਸ਼ਾ 'ਚ ਸਿੱਖਿਆ ਨੂੰ ਆਪਣੀ ਤਵੱਜੋ ਬਣਾਏ, ਤਾਂ ਜੋ ਇਸ ਖਿੱਤੇ ਦੇ ਲੋਕਾਂ ਨੂੰ ਚੰਗੀ ਸਿੱਖਿਆ ਪ੍ਰਾਪਤ ਹੋ ਸਕੇ।

# ਫ਼ਿਲਮੀ ਜਗਤ ਅਤੇ ਲਾਲਚੀ ਕੰਪਨੀਆਂ ਦਾ ਕਰੂਰ ਚਿਹਰਾ ਨੰਗਾ ਕਰਦਾ ਹੈ ਨਾਵਲ "ਮਹਿਕਾਂ ਹੇਠ ਮਿੱਧਿਆ ਫੁੱਲ"




-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA



"ਸਾਥ ਛੱਡਦਾ ਦਿਸੇ ਪ੍ਰਛਾਵਾਂ, ਆਖ ਆਪਣਾ ਮੈਂ ਕਿਸ ਨੂੰ ਬੁਲਾਵਾਂ, ਮੈਨੂੰ ਕੁਝ ਸੁੱਝਦਾ ਨਹੀਂ...!" ਗੀਤ ਉਸ ਦੀ ਜ਼ਿੰਦਗੀ ਦਾ ਅਧਾਰ ਬਣ ਜਾਂਦਾ ਹੈ। ਇਸ ਕਲਾਕਾਰੀ ਕਾਰਨ ਮਿਸਜ਼ ਘੁੰਮਣ ਰਮਨ ਦੀ ਜ਼ਿੰਦਗੀ ਵਿੱਚ ਆਉਂਦੀ ਹੈ ਅਤੇ ਬੱਦਲੀ ਵਾਂਗ 'ਵਰ੍ਹ' ਕੇ, ਰਾਤ 'ਰੰਗੀਨ' ਕਰਦੀ ਹੈ, ਜਿਸ ਨੂੰ ਰਮਨ 'ਰੇਪ' ਮੰਨਦਾ ਹੈ। ਪਰ ਨਗਿੰਦਰ ਸਿੰਘ ਅਤੇ ਨੂਰ ਸਾਹਿਬ ਇਸ ਨੂੰ 'ਸ਼ੁਗਲ' ਹੀ ਸਮਝਦੇ ਹਨ, "ਚਲੋ ਕੈਸ਼ ਨਹੀਂ ਤਾਂ ਜਿਣਸ ਹੀ ਸਹੀ...। ਮੁੰਡਾ ਮਿਹਨਤਾਨਾ ਤਾਂ ਲੈ ਆਇਆ...?" ਨਗਿੰਦਰ ਸਿੰਘ ਗੱਲ ਹਾਸੇ ਪਾ ਲੈਂਦਾ ਹੈ, "ਓਏ ਮੁੰਡਿਆ, ਨਾਲੇ ਜਤ-ਸਤ ਤਾਂ ਇੱਕ ਨਾ ਇੱਕ ਦਿਨ ਟੁੱਟਣਾ ਹੀ ਹੁੰਦੈ...।

ਨਾਵਲ ਲਿਖਣਾ ਕੋਈ ਸੌਖਾ ਕਾਰਜ ਨਹੀਂ, ਇੱਕ ਪਿੰਡ 'ਬੰਨ੍ਹਣ' ਜਿੱਡਾ ਜ਼ਿੰਮੇਵਾਰੀ ਵਾਲਾ ਕੰਮ ਹੁੰਦਾ ਹੈ। ਪਿਛਲੇ ਹਫ਼ਤੇ ਹੀ ਮੇਰੇ ਹੱਥ ਬਾਬਾ ਬਖਸ਼ਿੰਦਰ ਦਾ ਨਾਵਲ "ਮਹਿਕਾਂ ਹੇਠ ਮਿੱਧਿਆ ਫੁੱਲ" ਲੱਗਿਆ। 168 ਪੰਨੇ ਦੇ ਇਸ ਨਾਵਲ ਵਿੱਚ ਬਾਬਾ ਬਖਸ਼ਿੰਦਰ ਨੇ ਇੱਕ ਅਜੀਬ ਅਤੇ ਦਿਲਚਸਪ ਦੁਨੀਆਂ ਸਿਰਜ ਦਿੱਤੀ।

"ਕੁੜੇ ਇਹਦੇ 'ਚ ਹੁਣ ਕੀ ਐ...? ਇਹ ਤਾਂ ਹੁਣ ਮਿੱਟੀ ਐ...!" ਤੋਂ ਸ਼ੁਰੂ ਹੋ ਕੇ 'ਇੰਦੋ' ਦੀ ਮੌਤ ਤੋਂ ਹੁੰਦਾ ਹੋਇਆ, ਸੋਗੀ ਮਾਹੌਲ ਵਿੱਚ ਅੱਗੇ ਵਧਦਾ ਹੈ। ਇੱਕ ਪਾਸੇ 'ਵਧਾਈਆਂ' ਅਤੇ ਇੱਕ ਪਾਸੇ 'ਅਫ਼ਸੋਸ' ਵਿੱਚ ਵਿਚਰਨ ਵਾਲਾ ਪਰਿਵਾਰ ਇਹ ਨਾ ਸਮਝ ਸਕਿਆ ਕਿ ਉਹ ਪੁੱਤਰ ਦੀ ਆਮਦ ਤੋਂ ਖ਼ੁਸ਼ ਸੀ, ਜਾਂ ਇੰਦੋ ਦੇ ਤੁਰ ਜਾਣ ਤੋਂ ਦੁਖੀ? ਇੰਦੋ ਦੀ ਨਣਾਨ ਕਾਂਤੀ ਹੋਣ ਵਾਲੇ ਬੱਚੇ ਨੂੰ 'ਨਹਿਸ਼' ਮੰਨਣ ਲੱਗ ਪਈ, ਜਿਸ ਨੇ ਜੰਮਦੇ ਨੇ ਹੀ ਆਪਣੀ ਜਨਮ ਦੇਣ ਵਾਲੀ ਮਾਂ 'ਖਾ' ਲਈ ਸੀ। ਪਰ ਜਦ ਉਸ ਨੇ ਮੁੜ ਆਪਣੇ ਭਤੀਜੇ ਵੱਲ ਦੇਖਿਆ, ਤਾਂ ਭਰਜਾਈ ਇੰਦੋ ਦਾ ਮੜ੍ਹੰਗਾ ਹੂ-ਬ-ਹੂ ਦਿਸਿਆ। ਕਾਂਤੀ ਦੀ ਸੋਚ ਬਦਲ ਗਈ। ਪਰ ਕਾਂਤੀ ਇਸ ਗੱਲੋਂ ਵੀ ਅਵਾਜ਼ਾਰ ਸੀ ਕਿ ਲਾਲਾ ਸ੍ਰਿਸ਼ਟਪਾਲ ਅਤੇ ਮਾਂ ਗੁਰਾਂਦਿੱਤੀ ਨੂੰ ਕਿਹੜੀ ਖ਼ਬਰ ਦੇਵੇ...? ਮੁੰਡਾ ਹੋਣ ਦੀ, ਜਾਂ ਨੂੰਹ ਦੇ ਜੱਗੋਂ ਤੁਰ ਜਾਣ ਦੀ...??

ਨਾਵਲ ਦਾ ਅਗਲਾ ਪੜਾਅ ਉਸ ਮੁੰਡੇ ਰਮਨ ਅਤੇ ਉਸ ਨਾਲ ਪੜ੍ਹਦੀ ਕੁੜੀ ਰਾਜੀ ਨਾਲ ਸ਼ੁਰੂ ਹੁੰਦਾ ਹੈ! ਇਕੱਠੇ ਪੜ੍ਹਦਿਆਂ ਉਸ ਨੂੰ ਉਸ ਨੂੰ ਰਾਜੀ ਦੀ 'ਚਾਟ' ਜਿਹੀ ਲੱਗ ਗਈ। ਪਾਲ, ਰਮਨ ਦਾ ਬਾਪ ਰਮਨ ਦੇ ਜੰਮਣ ਤੋਂ ਪਹਿਲਾਂ ਵਲਾਇਤ ਚਲਿਆ ਗਿਆ ਸੀ ਅਤੇ ਉਹ ਹਰ ਖ਼ਤ ਵਿੱਚ ਆਪਣੇ ਬਾਪ ਸ੍ਰਿਸ਼ਟਪਾਲ ਨੂੰ ਰਮਨ ਨੂੰ ਖੁੱਲ੍ਹਾ ਖਰਚਾ ਅਤੇ ਸੁੱਖ-ਸਹੂਲਤਾਂ ਦੇਣ ਦੀ ਤਾਕੀਦ ਕਰਦਾ। ਹਾਲਾਂਕਿ ਉਸ ਦਾ ਬਾਪ ਕਦੇ ਵੀ ਵਾਪਸ ਨਾ ਪਰਤਿਆ। ਰਾਜੀ ਅਤੇ ਰਮਨ ਦੀ ਰੂਹਾਨੀ ਨਜ਼ਦੀਕੀ ਉਸ ਦੀ ਗੁਣਗੁਣਾਈ ਇੱਕ ਕਵਿਤਾ ਤੋਂ ਸ਼ੁਰੂ ਹੁੰਦੀ ਹੈ। ਉਹ, "ਵਾਹ ਵੇ ਮਾਂ ਦਿਆ ਰਾਗੀਆ...!" ਆਖ ਕੇ ਉਸ ਦੇ ਹੋਰ ਨੇੜੇ ਹੁੰਦੀ ਹੈ। ਜਗਰਾਤੇ 'ਚ ਗਾਉਣ ਤੋਂ ਬਾਅਦ ਰਮਨ ਦੇ ਸਿਰ ਤੋਂ ਨੋਟਾਂ ਦਾ ਮੀਂਹ ਵਰ੍ਹਦੈ...। ਉਸ ਜਗਰਾਤੇ ਤੋਂ ਰਾਜੀ ਅਤੇ ਰਮਨ ਦੀ ਮੁਹੱਬਤ ਦਾ ਰਾਗ ਸ਼ੁਰੂ ਹੁੰਦਾ ਹੈ। ਦੋ ਰੂਹਾਂ 'ਇੱਕ' ਹੁੰਦੀਆਂ ਹਨ ਅਤੇ ਰੂਹਾਂ ਦਾ ਨਾਦ ਵੱਜਦਾ ਹੈ। ਪਰ ਇਸ ਨਾਦ ਵਿੱਚ ਪੱਥਰ ਓਦੋਂ ਵੱਜਦਾ ਹੈ, ਜਦ ਰਾਜੀ ਦਾ ਦਸਵੀਂ ਜਮਾਤ ਪਾਸ ਕਰਨ ਤੋਂ ਤੁਰੰਤ ਬਾਅਦ ਵਿਆਹ ਕਰ ਦਿੱਤਾ ਜਾਂਦਾ ਹੈ। ਰਮਨ ਮਾਨਸਿਕ ਤੌਰ 'ਤੇ ਡੋਲ ਜਾਂਦਾ ਹੈ ਅਤੇ ਉਸ ਨੂੰ ਇਹ ਸਮਝ ਨਹੀਂ ਲੱਗਦੀ ਕਿ ਦਸਵੀਂ ਪਾਸ ਕਰਨ ਤੋਂ ਤੁਰੰਤ ਬਾਅਦ ਹੀ ਰਾਜੀ ਦਾ ਵਿਆਹ 'ਕਿਉਂ' ਕਰ ਦਿੱਤਾ ਗਿਆ?

ਰਾਜੀ ਦੇ ਵਿਆਹ ਤੋਂ ਬਾਅਦ ਸੁਰੀਲਾ ਗਾਇਕ ਰਮਨ, ਇੱਕ ਤਰ੍ਹਾਂ ਨਾਲ ਬਿਨ-ਬਰੇਕਾ ਇੰਜਣ ਅਤੇ ਬੇਸੁਰਾ ਜਿਹਾ ਹੋ ਗਿਆ। ਗਾਉਣ ਵਿੱਚ ਉਸ ਦਾ ਮਨ ਨਾ ਲੱਗਦਾ ਅਤੇ ਬਿਰਤੀ ਨਾ ਟਿਕਦੀ। ਕਿਉਂਕਿ ਉਸ ਦੀ 'ਅਸਲ' ਬੈਟਰੀ ਤਾਂ ਰਾਜੀ ਸੀ, ਜਿਸ ਦੀ ਊਰਜਾ ਨਾਲ ਉਹ ਚਮਕਦਾ ਸੀ, ਗਾਉਂਦਾ ਸੀ, ਚਹਿਕਦਾ ਸੀ। ਰਾਜੀ ਦੇ ਸਹੁਰੇ ਤੁਰ ਜਾਣ ਤੋਂ ਬਾਅਦ ਨਦੀ ਦੇ ਪਾਣੀਆਂ ਦੀ 'ਕਲ-ਕਲ' ਉਸ ਨੂੰ 'ਓਪਰੀ' ਅਤੇ ਪੰਛੀਆਂ ਦੀ ਚਹਿਕ ਉਸ ਨੂੰ ਰੋਣਹਾਕੀ ਪ੍ਰਤੀਤ ਹੁੰਦੀ। ਰਾਜੀ ਦੇ ਵਿਛੋੜੇ ਬਾਅਦ ਰਮਨ ਗਾਉਣਾ ਛੱਡ ਗਿਆ। ਪਰ ਅਚਨਚੇਤ ਨੂਰ ਸਾਹਿਬ ਦੇ ਦਿੱਤੇ 'ਇੱਕ ਗੀਤ' ਨੇ ਉਸ ਦਾ ਧਿਆਨ ਮੁੜ ਖਿੱਚਿਆ ਅਤੇ "ਸਰ ਜੀ, ਮੇਰਾ ਮੁੜ ਗਾਉਣ ਨੂੰ ਜੀਅ ਕਰ ਆਇਆ!" ਆਖ ਉਸ ਨੇ ਫਿਰ ਗਾਇਕੀ ਵੱਲ ਰੁੱਖ ਕੀਤਾ। ਨੂਰ ਸਾਹਿਬ ਅਤੇ ਨਗਿੰਦਰ ਸਿੰਘ ਦੀ ਬਦੌਲਤ ਉਹ 'ਰਮਨ' ਤੋਂ 'ਰਮੀ ਕਪੂਰ' ਬਣ, ਅੱਗੇ ਦਾ ਰੁੱਖ ਕਰਦਾ ਹੈ ਅਤੇ ਗਾਇਕੀ ਦੇ ਖੇਤਰ ਵਿੱਚ ਤੂਫ਼ਾਨ ਬਣ, ਛਾ ਜਾਂਦਾ ਹੈ, "ਉਹ ਸੱਟ ਹੀ ਕੀ, ਜੋ ਨਿਸ਼ਾਨ ਨਾ ਛੱਡੇ, ਤੇ ਜਿਸ ਦਾ ਚੇਤਾ ਨਾ ਰਹੇ...?" ਨੂਰ ਸਾਹਿਬ ਦੇ ਇਨ੍ਹਾਂ ਸ਼ਬਦਾਂ ਨੇ ਉਸ ਦੇ ਜੀਵਨ ਵਿੱਚ ਇੱਕ ਸਾਰਥਿਕ ਮੋੜ ਲਿਆਂਦਾ। ਰਾਤ ਦੀ ਸੂਰੀ ਮਹਿਫ਼ਲ ਵਿੱਚ ਜਦ ਰਮਨ ਨੂਰ ਸਾਹਿਬ ਨੂੰ ਇਹ ਦੱਸਦਾ ਘੋਰ ਦੁਖੀ ਹੋ ਜਾਂਦਾ ਹੈ, "ਸਰ, ਜਦੋਂ ਉਸ ਦਾ ਵਿਆਹ ਹੋਇਆ ਸੀ, ਤਾਂ ਉਸ ਦੇ ਪੇਟ ਵਿੱਚ ਕਿਸੇ ਦਾ ਬੱਚਾ ਪਲ ਰਿਹਾ ਸੀ...। ਪਰ ਇਹ ਬੱਚਾ ਰਾਜੀ ਦੀ ਰਜ਼ਾਮੰਦੀ ਨਾਲ ਨਹੀਂ, ਮਿੰਧੇ ਦੀ ਜ਼ਬਰਦਸਤੀ ਦਾ ਸਿੱਟਾ ਸੀ...।" ਰਮਨ ਦਾ ਰੋਣ ਨਿਕਲ ਗਿਆ ਅਤੇ ਇਸ ਵਿੱਚ ਉਹ ਆਪਣੇ ਆਪ ਨੂੰ 'ਦੋਸ਼ੀ' ਮੰਨ ਰਿਹਾ ਸੀ, ਕਿਉਂਕਿ ਮਿੰਧੇ ਨਾਲ ਉਸ ਦੀ ਮਿੱਤਰਤਾ ਸੀ। ਅਸਲ ਵਿੱਚ ਰਾਜੀ ਨਾਲ ਹੋਏ 'ਧੱਕੇ' ਦਾ ਰਾਜੀ ਦੇ ਪਤੀ ਨੂੰ ਪਤਾ ਲੱਗ ਗਿਆ ਸੀ, ਇਸ ਲਈ ਉਸ ਨੇ ਉਸ ਨੂੰ ਪੇਕੀਂ ਆਉਣ ਤੋਂ ਸਖਤੀ ਨਾਲ ਵਰਜਿਆ ਹੋਇਆ ਸੀ।

"ਸਾਥ ਛੱਡਦਾ ਦਿਸੇ ਪ੍ਰਛਾਵਾਂ, ਆਖ ਆਪਣਾ ਮੈਂ ਕਿਸ ਨੂੰ ਬੁਲਾਵਾਂ, ਮੈਨੂੰ ਕੁਝ ਸੁੱਝਦਾ ਨਹੀਂ...!" ਗੀਤ ਉਸ ਦੀ ਜ਼ਿੰਦਗੀ ਦਾ ਅਧਾਰ ਬਣ ਜਾਂਦਾ ਹੈ। ਇਸ ਕਲਾਕਾਰੀ ਕਾਰਨ ਮਿਸਜ਼ ਘੁੰਮਣ ਰਮਨ ਦੀ ਜ਼ਿੰਦਗੀ ਵਿੱਚ ਆਉਂਦੀ ਹੈ ਅਤੇ ਬੱਦਲੀ ਵਾਂਗ 'ਵਰ੍ਹ' ਕੇ, ਰਾਤ 'ਰੰਗੀਨ' ਕਰਦੀ ਹੈ, ਜਿਸ ਨੂੰ ਰਮਨ 'ਰੇਪ' ਮੰਨਦਾ ਹੈ। ਪਰ ਨਗਿੰਦਰ ਸਿੰਘ ਅਤੇ ਨੂਰ ਸਾਹਿਬ ਇਸ ਨੂੰ 'ਸ਼ੁਗਲ' ਹੀ ਸਮਝਦੇ ਹਨ, "ਚਲੋ ਕੈਸ਼ ਨਹੀਂ ਤਾਂ ਜਿਣਸ ਹੀ ਸਹੀ...। ਮੁੰਡਾ ਮਿਹਨਤਾਨਾ ਤਾਂ ਲੈ ਆਇਆ...?" ਨਗਿੰਦਰ ਸਿੰਘ ਗੱਲ ਹਾਸੇ ਪਾ ਲੈਂਦਾ ਹੈ, "ਓਏ ਮੁੰਡਿਆ, ਨਾਲੇ ਜਤ-ਸਤ ਤਾਂ ਇੱਕ ਨਾ ਇੱਕ ਦਿਨ ਟੁੱਟਣਾ ਹੀ ਹੁੰਦੈ...। ਬੱਕਰੇ ਦੀ ਮਾਂ ਆਖਰ ਕਿੰਨਾ ਕੁ ਚਿਰ ਖ਼ੈਰ ਮਨਾਊ...? ਨਾਲੇ ਤੂੰ ਸ਼ੁਕਰ ਕਰ ਤੇਰਾ ਜਤ-ਸਤ ਮੁਲਕ ਦੀ ਸਰਕਾਰ ਦੇ ਕੰਮ ਆ ਗਿਆ...।" ਨਗਿੰਦਰ ਸਿੰਘ ਫਿਰ ਵਿਅੰਗਮਈ ਆਖਦਾ ਹੈ। ਪਰ ਇਹ ਗੱਲ ਰਮਨ ਨੂੰ ਅੰਦਰੋ-ਅੰਦਰੀ ਘੁਣ ਵਾਂਗ ਖਾਣ ਲੱਗਦੀ ਹੈ। ਉਹ ਕੀੜਿਆਂ ਵਾਲੇ ਕੁੱਤੇ ਵਾਂਗ ਅੰਦਰੋਂ ਨਹੀਂ ਨਿਕਲਦਾ, ਤਾਂ ਦਾਦੇ ਦਾਦੀ ਨੂੰ ਫ਼ਿਕਰ ਹੁੰਦਾ ਹੈ। ਪ੍ਰਦੇਸ ਗਏ ਪੁੱਤਰ ਦਾ ਹੇਰਵਾ ਅਤੇ ਹੁਣ ਪੋਤਰੇ ਦਾ ਬੇਮੁੱਖ ਜਾਂ ਉਦਾਸ ਜਿਹਾ ਹੋਣਾ, ਦਾਦੇ ਸ੍ਰਿਸ਼ਟਪਾਲ ਅਤੇ ਦਾਦੀ ਗੁਰਾਂਦਿੱਤੀ ਨੂੰ ਬੇਹੱਦ ਪ੍ਰੇਸ਼ਾਨ ਕਰ ਰਿਹਾ ਸੀ।

ਫ਼ਿਰ ਰਮਨ ਦੇ ਦੋਸਤ ਰਣਧੀਰ ਦੇ ਦੱਸਣ ਅਨੁਸਾਰ ਕਾਲਜ ਵਿੱਚ ਇੱਕ ਖ਼ਤ ਆਇਆ, ਜੋ ਕਿਸੇ ਰੇਡੀਓ ਸਟੇਸ਼ਨ ਤੋਂ ਸੀ। ਉਸ ਖ਼ਤ ਬਾਰੇ ਵੀ ਬਹੁਤ ਅਫ਼ਵਾਹਾਂ ਅਤੇ ਕਾਫ਼ੀ ਕਿਆਫ਼ੇ ਲਾਏ ਜਾ ਰਹੇ ਸਨ ਕਿ ਇਹ ਖ਼ਤ ਮਿਸਜ਼ ਘੁੰਮਣ ਨੇ ਸਿਫ਼ਾਰਸ਼ ਕਰ ਕੇ ਲਿਖਵਾਇਆ ਸੀ। ਰਮਨ ਲੋਕਾਂ ਵੱਲੋਂ ਕਰੀਆਂ ਜਾ ਰਹੀਆਂ ਗੱਲਾਂ ਕਾਰਨ ਅਤੀਅੰਤ ਪ੍ਰੇਸ਼ਾਨ ਹੋ ਜਾਂਦਾ ਹੈ ਅਤੇ ਨਗਿੰਦਰ ਸਿੰਘ ਇਹ ਆਖ ਕੇ ਉਸ ਦਾ ਦਿਲ ਧਰਾਉਂਦਾ ਹੈ, ਕਿ ਲੋਕਾਂ ਨੇ ਤਾਂ ਵੱਡੇ-ਵੱਡੇ ਨੌਲ ਧਰੇ...। ਤੈਨੂੰ ਇਹ ਕਿੱਥੇ ਬਖਸ਼ਣਗੇ...? ਅਖੀਰ ਪ੍ਰੋਗਰਾਮ ਦੇ ਦਿਨ "ਸੱਜਰੀ ਮਹਿਫ਼ਲ" ਵਿੱਚ ਰਮਨ ਦੇ ਗੀਤ ਨਸ਼ਰ ਕਰ ਦਿੱਤੇ ਗਏ। ਉਸ ਪ੍ਰੋਗਰਾਮ ਤੋਂ ਬਾਅਦ ਉਸ ਦੀ ਕਿਸਮਤ ਚਮਕ ਗਈ ਅਤੇ ਉਹ "ਸਟਾਰ ਗਾਇਕ" ਅਤੇ "ਰੇਡੀਓ ਆਰਟਿਸਟ" ਵੀ ਗਿਣਿਆਂ ਜਾਣ ਲੱਗਿਆ। ਉਨ੍ਹਾਂ ਦੇ ਘਰ ਦਾ ਸੁਸਤ ਜਿਹਾ ਪਿਆ ਫ਼ੋਨ ਹੁਣ ਦਿਨ ਵਿੱਚ ਵਾਰ-ਵਾਰ "ਟਰਰ-ਟਰਰ" ਵੱਜਣ ਲੱਗਿਆ ਅਤੇ ਘਰ ਵਿੱਚ ਰੌਣਕ ਅਤੇ ਖੇੜਾ ਵਧਣ ਲੱਗਿਆ। ਦਾਦਾ-ਦਾਦੀ ਅਥਾਹ ਖ਼ੁਸ਼ ਸਨ। ਹੁਣ 'ਕਪੂਰਾਂ' ਦੇ ਘਰ ਦਾ ਫ਼ੋਨ 'ਰੇਡੀਓ ਸਿੰਗਰ ਰਮਨ ਕਪੂਰ ਦਾ ਫੋਨ' ਬਣ ਗਿਆ ਅਤੇ ਗਹਿਮਾਂ-ਗਹਿਮੀ ਹੋ ਗਈ। ਨਗਿੰਦਰ ਸਿੰਘ ਦੇ ਦੋਸਤ ਦੀ ਦੁਕਾਨ ਦੇ ਮੱਥੇ ਉੱਪਰ ਬੋਰਡ ਵੀ ਲੁਆ ਦਿੱਤਾ ਅਤੇ ਇੱਕ ਸੈਕਟਰੀ ਵੀ ਨਿਯੁਕਤ ਕਰ ਦਿੱਤਾ।

ਇੱਥੇ ਲੇਖਕ ਨੇ ਕੰਪਨੀਆਂ ਵੱਲੋਂ ਕੀਤੇ ਜਾਂਦੇ 'ਇੱਕਰਾਰਨਾਮਿਆਂ' ਦੀ ਆੜ ਹੇਠ ਕੀਤੀਆਂ ਜਾਂਦੀਆਂ 'ਗਿੱਦੜਮਾਰੀਆਂ' ਦਾ ਚਿਤਰਣ ਬਾਖ਼ੂਬੀ ਕੀਤਾ ਹੈ, ਜੋ ਕਲਾਕਾਰ ਦੇ ਦਸਤਖ਼ਤ ਲੈ ਕੇ ਦਸ ਸਾਲਾਂ ਲਈ 'ਬੰਨ੍ਹ' ਲੈਂਦੇ ਹਨ ਅਤੇ ਆਪਣੇ ਅਨੁਸਾਰ 'ਵਰਤਦੇ' ਹਨ। ਉਹ 'ਤਕਦੀਰਾਂ' ਅਤੇ 'ਤਦਬੀਰਾਂ' ਦੇ ਗੇੜ ਵਿੱਚ ਉਲਝਿਆ, ਮਿੱਠੀਆਂ ਗੱਲਾਂ ਵਿੱਚ ਆ ਕੇ ਉਨ੍ਹਾਂ ਦੇ 'ਚੁੰਗਲ' ਵਿਚ 'ਫ਼ਸ' ਜਾਂਦਾ ਹੈ। ਮਹਿਕ ਮਲਿਕ ਦੇ ਮਹਿਕਦੇ ਜਿਸਮ ਦੀ ਖ਼ੁਸ਼ਬੂ ਵੀ ਉਸ ਨੂੰ 'ਬਾਂਵਰਾ' ਕਰੀ ਰੱਖਦੀ ਹੈ ਅਤੇ ਉਹ ਆਪਣਾ ਕਿੱਤਾ ਭੁੱਲ ਕੇ, ਜਿਸਮ ਦੀ ਲਾਲਸਾ ਵੱਸ ਸੁੱਧ-ਬੁੱਧ ਖੋਅ ਬੈਠਦਾ ਹੈ। ਮਹਿਕ ਉਸ ਦੀ ਮੈਨੇਜਰ ਬਣ ਜਾਂਦੀ ਹੈ ਅਤੇ ਉਨ੍ਹਾਂ ਦੀ ਗੁੱਡੀ ਐਨੀ ਚੜ੍ਹ ਜਾਂਦੀ ਹੈ ਕਿ ਮੰਤਰੀਆਂ-ਸੰਤਰੀਆਂ ਨਾਲ ਲੰਚ-ਡਿਨਰ ਹੋਣ ਲੱਗਦਾ ਹੈ। ਦਿਨ ਬਦਲਦੇ ਹਨ ਅਤੇ ਰਮਨ 'ਰਮੀ ਕਪੂਰ' ਬਣ ਕੇ ਫ਼ਿਲਮੀ ਜਗਤ ਵਿਚ ਉੱਤਰਦਾ ਹੈ, ਜਾਂ ਉਤਾਰਿਆ ਜਾਂਦਾ ਹੈ ਅਤੇ ਚੰਗੀ ਕਿਸਮਤ ਨਾਲ ਉਸ ਦੇ ਨਾਮ ਦੀ ਧੁੰਮ ਪੈ ਜਾਂਦੀ ਹੈ।

ਪਰ ਸਮਾਂ ਪਾ ਕੇ 'ਐਗਰੀਮੈਂਟ' ਵਿਚਲੇ 'ਲੂਪਹੋਲ' ਲੱਭ ਕੇ ਹੋਰ ਕੰਪਨੀ ਨਾਲ ਸਾਂਢੇ-ਗਾਂਢੇ ਦੀ ਗੱਲ ਚੱਲ ਪੈਂਦੀ ਹੈ। ਜੋੜ-ਤੋੜ ਅਤੇ ਤੋੜ-ਜੋੜ ਦਾ ਸਿਲਸਿਲਾ ਬੜੇ ਰੰਗ ਦਿਖਾਉਂਦਾ ਹੈ। ਲੇਖਕ ਨੇ ਇੱਕ ਵਿਸ਼ਾ ਹੋਰ ਵੀ ਚੁੱਕਿਆ ਹੈ, ਜਿੱਥੇ ਚਰਨਜੀਤ ਚੋਪੜਾ ਅਤੇ ਪ੍ਰਵੀਨ ਚੋਪੜਾ, ਅਰਥਾਤ ਮਾਂ-ਧੀ ਇੱਕੋ ਮਰਦ ਨੂੰ ਹੰਢਾਉਣ ਦਾ ਸ਼ੌਕ ਰੱਖਦੀਆਂ ਹਨ। ਜਿਵੇਂ ਵੱਡੀ ਮੱਛੀ ਛੋਟੀ ਨੂੰ ਖਾ ਜਾਂਦੀ ਹੈ, ਬਿਲਕੁਲ ਉਸੀ ਤਰ੍ਹਾਂ ਫ਼ਿਲਮ ਨਗਰੀ ਵੀ ਕਈਆਂ ਨੂੰ ਘੁਣ ਵਾਂਗ 'ਲੱਗ ਕੇ' ਸਮੇਟਣਾ ਸ਼ੁਰੂ ਕਰ ਦਿੰਦੀ ਹੈ। ਉਥੇ ਕਈ ਕਲਾਕਾਰ, ਕਲਾਕਾਰ ਨਹੀਂ ਕੱਠਪੁਤਲੀ, ਜਾਂ ਐਸ਼ਪ੍ਰਸਤੀ ਵਿੱਚ ਪੈ ਕੇ ਕੌਡੀਓਂ ਖੋਟੇ ਹੋ ਜਾਂਦੇ ਹਨ ਅਤੇ ਮਾੜੀਆਂ ਆਦਤਾਂ ਅਤੇ ਸੁਨੱਖੀਆਂ ਔਰਤਾਂ ਦੇ 'ਗੁਲਾਮ' ਬਣ ਕੇ ਰਹਿ ਜਾਂਦੇ ਹਨ। ਜਿੱਥੇ ਇੰਡਸਟਰੀ ਉਨ੍ਹਾਂ ਦੀ ਆਪਣੇ ਹਿਸਾਬ ਨਾਲ 'ਚੱਕ-ਥੱਲ' ਕਰਦੀ ਅਤੇ ਰੋਟੀ ਵਾਂਗ ਸੇਕਦੀ ਹੈ। ਕਲਾਕਾਰਾਂ ਨੂੰ ਸ਼ਰਾਬ ਅਤੇ ਸ਼ਬਾਬ ਮਾਰ ਲੈਂਦਾ ਹੈ ਅਤੇ ਜਦ ਉਨ੍ਹਾਂ ਨੂੰ ਸੁਰਤ ਆਉਂਦੀ ਹੈ, ਤਾਂ ਉਨ੍ਹਾਂ ਨੂੰ 'ਅਸਲ ਗੱਲ' ਦੀ 'ਸਮਝ' ਪੈਂਦੀ ਹੈ ਅਤੇ ਐਸ਼ੋ-ਅਰਾਮ ਵਾਲਾ ਬੰਗਲਾ ਮਲਕਾ ਦੀ 'ਜੇਲ੍ਹ' ਵਰਗਾ ਜਾਪਣ ਲੱਗਦਾ ਹੈ।

ਇੰਦਰ ਚੋਪੜਾ ਦੀ ਧੀ ਪ੍ਰਵੀਨ ਚੋਪੜਾ ਵਰਗੀ ਕਲਾਕਾਰ ਹੁਣ ਫ਼ਿਲਮੀ ਸੁਹਾਗਣ ਨਹੀਂ, ਸੱਚੀਂ ਸੁਹਾਗਣ ਬਣਨਾ ਲੋਚਦੀ ਹੈ ਅਤੇ ਆਪਣੀ ਮਾਂ ਦੇ ਖ਼ਿਲਾਫ਼ 'ਬਗਾਵਤੀ' ਕਦਮ ਚੁੱਕਣ ਲਈ ਤਹੱਈਆ ਕਰਦੀ ਹੈ। ਨਾਵਲ ਇੱਕ ਘਿਨਾਉਣੇ ਮੋੜ 'ਤੇ ਆ ਕੇ ਖਤਮ ਹੁੰਦਾ ਹੈ, ਜਿੱਥੇ ਮਾਂਵਾਂ ਧੀਆਂ ਮਾਂ-ਧੀ ਵਾਲੇ ਰਿਸ਼ਤੇ ਵਿੱਚ ਨਹੀਂ, 'ਸੌਂਕਣਾਂ' ਬਣ ਕੇ ਇੱਕ-ਦੂਜੀ ਦੀਆਂ ਦੁਸ਼ਮਣ ਬਣ ਖੜ੍ਹਦੀਆਂ ਹਨ। ਮਾਂਵਾਂ ਧੀਆਂ ਦੇ ਇਸ਼ਕ ਵਿੱਚ ਫ਼ਸੇ ਰਮੀ ਕਪੂਰ ਨੂੰ ਅਖੀਰ ਆਪਣਾ ਆਪ 'ਭਿੱਟਿਆ' ਜਿਹਾ ਲੱਗਣ ਲੱਗ ਪਿਆ। ਮਹਿਕ, ਰਾਜੀ, ਮਿਸਜ਼ ਘੁੰਮਣ ਅਤੇ ਫਿਰ ਆਪਣੇ ਬਜ਼ੁਰਗ ਉਸ ਦੇ ਜ਼ਿਹਨ ਵਿੱਚ ਵਿਚਰਨ ਲੱਗਦੇ ਹਨ ਅਤੇ ਉਹ, "ਮੁਆਫ਼ ਹੀ ਕਰ ਦੇਣਾ ਵੱਡਿਓ, ਇਸ ਨਾਲਾਇਕ ਨੂੰ...!" ਰਮੀ ਕਪੂਰ ਦਾ ਅੰਤ ਅਤੀਅੰਤ ਦੁਖਦਾਈ ਹੁੰਦਾ ਹੈ। ਬਾਬਾ ਬਖਸ਼ਿੰਦਰ ਨੂੰ ਨਾਵਲ ਲਿਖਣ ਦਾ ਵੱਲ ਹੈ ਅਤੇ ਸ਼ਬਦਾਂ ਦੀ ਖੇਡ ਬਾਕਮਾਲ ਖੇਡਣੀ ਆਉਂਦੀ ਹੈ। ਉਸ ਨੂੰ ਗੱਲ ਕਹਿਣ ਦੀ ਮੁਹਾਰਤ ਬਾਖ਼ੂਬੀ ਹਾਸਲ ਹੈ ਅਤੇ ਆਪਣੇ ਗੁਣ ਅਤੇ ਗੁਰ ਨਾਲ ਪਾਠਕ ਨੂੰ ਕੀਲਣਾ ਆਉਂਦਾ ਹੈ। ਇਸ 30 ਕਾਂਡਾਂ ਵਾਲੇ ਨਾਵਲ ਦੀ ਬੁਣਤੀ ਅਤੇ ਬਣਤਰ ਤੁਹਾਨੂੰ ਅੱਕਣ ਨਹੀਂ ਦਿੰਦੀ ਅਤੇ ਅਖੀਰ ਤੱਕ ਨਾਲ ਬੰਨ੍ਹ ਕੇ ਰੱਖਦੀ ਹੈ। ਬਾਬਾ ਬਖਸ਼ਿੰਦਰ ਨੂੰ ਮੈਂ ਇਸ ਦਿਲਚਸਪ ਨਾਵਲ ਲਈ ਹਾਰਦਿਕ ਵਧਾਈ ਪੇਸ਼ ਕਰਦਾ ਹੋਇਆ, ਉਸ ਤੋਂ ਅਜਿਹੇ ਹੋਰ ਨਾਵਲਾਂ ਦੀ ਉਡੀਕ ਰੱਖਾਂਗਾ। ਆਮੀਨ!

# ਸਿੱਖ ਧਰਮ ਇਕ ਜੀਵਨ-ਜਾਚ ਹੈ, ਪਰ ਕੌਮ ਨੇ ਅੱਜ ਤੱਕ ਜੀਵਨ ਜਾਚ ਸਿੱਖੀ ਨਹੀਂ


-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲUSA




ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" ਸੱਚ ਸਭ ਤੋਂ ਉਤਮ ਹੈ ਪਰ ਆਚਾਰਿ ਸਚੁ ਤੋਂ ਵੀ ਉਪਰ ਹੈ। ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਅਤੇ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਹਨ। ਚਰਿੱਤਰ ਅਤੇ ਆਚਾਰ ਨੂੰ ਅੰਗਰੇਜ਼ੀ ਕਵੀ ਕੈਂਸਰ ਇਸ ਪ੍ਰਕਾਰ ਵਰਣਨ ਕਰਦੇ ਹਨ:

If wealth is lost, nothing is lost.

If health is lost, something is lost.

If character is lost, everything is lost.

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਸ਼ੁਭ ਅਮਲਾਂ ਤੇ ਹੋਣੇ ਨੇ ਨਿਬੇੜੇ ਤੇ ਜ਼ਾਤ ਕਿਸੇ ਪੁੱਛਣੀ ਨਹੀਂ।" ਜਦੋਂ ਸ੍ਰੀ ਗੁਰੂ ਜੀ ਮੱਕੇ-ਮਦੀਨੇ ਗਏ ਸਨ, ਤਾਂ ਕਾਜ਼ੀਆਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਹਿੰਦੂ ਵੱਡਾ ਕੇ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ 'ਸ਼ੁਭ ਅਮਲਾਂ ਬਾਝੋਂ ਦੋਨੋਂ ਰੋਈ'। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।" ਪਰ ਦੁੱਖ ਦੀ ਗੱਲ ਇਹ ਹੈ ਕਿ ਸਦੀਆਂ ਬੀਤ ਗਈਆਂ ਹਨ, ਅਜੇ ਤੱਕ ਇਸ ਬਾਰੇ ਭਾਵ ਕਿਰਦਾਰ ਬਾਰੇ ਸਿੱਖਾਂ ਨੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਨੇ ਆਰਥਿਕ ਪੱਖੋਂ ਬਹੁਤ ਵੱਡੀਆਂ ਮੱਲ੍ਹਾਂ ਮਾਰੀਆਂ ਨੇ। ਪਰ ਕਿਰਦਾਰ ਪੱਖੋਂ ਮਨੁੱਖ ਨੇ ਕੁੱਝ ਨਹੀਂ ਸਿੱਖਿਆ। ਕਿਰਦਾਰ ਬਾਰੇ ਬਹੁਤ ਹੀ ਸੰਖੇਪ ਵਿਚ ਇਸ ਪ੍ਰਕਾਰ ਹੈ:

1. ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਬਚੋ।

2. ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ।

3. ਕਿਸੇ ਦਾ ਦਿਲ ਨਾ ਦੁਖਾਓ।

4. ਕਿਸੇ ਨਾਲ ਧੋਖਾ ਨਾ ਕਰੋ।



5. ਕਿਸੇ ਦਾ ਹੱਕ ਨਾ ਖਾਓ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥"

6. ਭੈੜੀ ਸੰਗਤ ਤੋਂ ਬਚੋ। ਜੈਸੀ ਸੰਗਤਿ ਵੈਸੀ ਰੰਗਤ।

7. ਕਦੀ ਗਲਤ ਕੰਮ ਨਾ ਕਰੋ, ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥"

8. ਨੇਕ ਕੰਮ ਕਰੋ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥"

9. ਝੂਠ ਨਾ ਬੋਲੋ।

10. ਦੂਜਿਆਂ ਨੂੰ ਸਵੀਕਾਰ ਕਰੋ, ਨਾ ਕਿ ਅਹੰਕਾਰ ਤੇ ਈਰਖਾ ਕਰੋ।

11. ਬੰਦਾ ਬੰਦੇ ਦਾ ਬੁਰਾ ਨਾ ਕਰੇ, ਜਿੰਨਾ ਹੋ ਸਕੇ, ਦੂਜਿਆਂ ਦਾ ਭਲਾ ਕਰੋ, ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ।

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਬਿਗੜਿਆ।

ਸਿੱਖਾਂ ਨੂੰ ਗੁਰੂ ਜੀ ਦੀ ਸਿੱਖਿਆ ਅਨੁਸਾਰ ਜੀਵਨ ਬਤੀਤ ਕਰਨਾ ਆਰੰਭ ਕਰ ਦੇਣਾ ਚਾਹੀਦਾ ਹੈ। ਕੁਦਰਤ ਦੀਆਂ ਬਿਮਾਰੀਆਂ ਅਤੇ ਕੁਦਰਤੀ ਆਫਤਾਂ ਦਾ ਬੰਦੇ ਦੇ ਕੋਲ ਕੋਈ ਹੱਲ ਨਹੀਂ। ਪਰ ਬੰਦਾ ਬੰਦੇ ਦਾ ਬੁਰਾ ਨਾ ਕਰੇ। ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ। ਦੁੱਖ ਦੀ ਗੱਲ ਇਹ ਹੈ ਕਿ ਸਿੱਖ ਹੀ ਸਿੱਖ ਦਾ ਦੁਸ਼ਮਣ ਹੈ। ਸਿੱਖ ਭਾਈਚਾਰੇ ਨੂੰ ਇਕੱਠੇ ਹੋਣ ਦੀ ਲੋੜ ਹੈ, ਜਿਵੇਂ ਕਈ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣੀਂ ਫੁਰਮਾਇਆ ਸੀ:

"ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੀ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥
ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥"

ਪਰ ਦੇਖਣਾ ਇਹ ਹੈ ਕਿ ਸਿੱਖਾਂ ਨੇ ਹੁਣ ਤੱਕ ਇਸ ਸ਼ਬਦ 'ਤੇ ਕਿੰਨਾ ਕੁ ਅਮਲ ਕੀਤਾ ਹੈ। ਕੌਮ ਵੱਖ-ਵੱਖ ਧੜਿਆਂ ਵਿਚ ਵੰਡੀ ਹੋਈ ਹੈ। ਗੁਰੂ ਘਰਾਂ ਵਿਚ ਲੜਾਈਆਂ ਝਗੜੇ ਹੁੰਦੇ ਰਹਿੰਦੇ ਹਨ। ਕੌਮ ਵਿਚ ਕੋਈ ਏਕਾ ਨਹੀਂ। ਕੌਮ ਪਾਸ ਕੋਈ ਏਜੰਡਾ ਨਹੀਂ। ਕੌਮ ਨੂੰ ਇਕੱਠੇ ਹੋ ਕੇ ਕੋਈ ਏਜੰਡਾ ਚੁਣਨਾ ਚਾਹੀਦਾ ਹੈ। ਕੌਮ ਦੀ ਦਸ਼ਾ ਕੀ ਹੈ? ਕੌਮ ਨੂੰ ਹੁਣ ਤੱਕ ਕੋਈ ਇਨਸਾਫ ਨਹੀਂ ਮਿਲਿਆ। ਕੌਮ ਨੂੰ ਆਪਣੇ ਹੱਕਾਂ ਅਤੇ ਇਨਸਾਫ ਲੈਣ ਲਈ ਕੁੱਝ ਕਰਨਾ ਚਾਹੀਦਾ ਹੈ।

ਪਰ ਕੌਮ ਨੇ ਹੁਣ ਤੱਕ ਜੀਵਨ ਜਾਚ ਸਿੱਖੀ ਕਿਉਂ ਨਹੀਂ? ਇਸ ਦੇ ਲਈ ਜਨਤਾ ਹੀ ਇਕੱਲੀ ਜ਼ਿੰਮੇਵਾਰ ਨਹੀਂ। ਇਸ ਦੇ ਲਈ ਸਾਡੇ ਧਾਰਮਿਕ ਆਗੂ ਅਤੇ ਪੰਥ ਦੇ ਪ੍ਰਚਾਰਕ ਭਾਵ ਕਥਾਵਾਚਕ ਅਤੇ ਕੀਰਤਨੀ ਜੱਥੇ ਵੀ ਜ਼ਿੰਮੇਵਾਰ ਹਨ ਕਿਉਂਕਿ ਉਹ ਠੀਕ ਪ੍ਰਚਾਰ ਨਹੀਂ ਕਰ ਸਕੇ, ਕਿਉਂਕਿ ਉਨ੍ਹਾਂ ਦਾ ਆਪਣਾ ਜੀਵਨ ਠੀਕ ਨਹੀਂ।

ਲੋੜ ਹੈ ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਦੇ ਧਰਨੀ ਹੋਣ ਦੀ ਅਤੇ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਸਿਧਾਂਤਾਂ 'ਤੇ ਚੱਲਣ ਦੀ, ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਆਪਣਾ ਅਮਲੀ ਜੀਵਨ ਗੁਜ਼ਾਰਨ ਦੀ। ਤਦ ਉਹ ਦਿਨ ਦੂਰ ਨਹੀਂ, ਜਦੋਂ ਰਾਜ ਕਰੇਗਾ, ਖਾਲਸਾ ਆਕੀ ਰਹੇ ਨਾ ਕੋਈ ਦਾ ਸੰਕਲਪ ਪੂਰਾ ਨਾ ਹੋਵੇ। ਲੋੜ ਹੈ ਉੱਚਾ-ਸੁੱਚਾ ਕਿਰਦਾਰ ਬਣਾਉਣ ਦੀ। ਅੱਜ ਨਿੱਤ ਦਿਹਾੜੇ ਬਲਾਤਕਾਰ, ਕਤਲੋਗਾਰਤ ਤੇ ਲੁੱਟਾਂ-ਖੋਹਾਂ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ।

**Be honest, humble, helpful, kind, responsible, respectful, diligent, sympathetic, wise, idealistic, polite, sweet, gentle, and humanitarian.**

**Be a nice person, nice person is he who possesses a good moral character and good conscience**

ਸਿੱਖ ਤੋਂ ਭਾਵ ਸਿੱਖਿਆਰਥੀ, ਭਾਵ ਜਿਹੜਾ ਸਦਾ ਸਿੱਖਦਾ ਹੈ। ਸਿੱਖ ਧਰਮ ਵਿਚ ਸਿੱਖਣ ਦੀ ਬਹੁਤ ਮਹਾਨਤਾ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਸਿੱਖੀ ਸਿੱਖਿਆ ਗੁਰ ਵੀਚਾਰੁ॥"

ਆਦਮੀ ਮੇਂ ਲਾਖੋਂ ਜੌਹਰ ਹੋ;
ਅਗਰ ਆਦਮੀਅਤ ਨਹੀਂ, ਤੋਂ ਕੁੱਛ ਭੀ ਨਹੀਂ।
ਕਦਰਦਾਨ, ਪਾਰਖੂ ਤੇ ਪ੍ਰਸ਼ੰਸਕ ਬਣੋ।
ਔਰ ਭੀ ਗਮ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ,
ਰਾਹਤੇਂ ਔਰ ਭੀ ਹੈ ਵਸਲ ਕੀ ਰਾਹਤ ਕੇ ਸਿਵਾ।

ਪੂਰਨ ਮਨੁੱਖ ਬਣੋ। ਪੂਰਨ ਮਨੁੱਖ ਬਣਨਾ ਸੌਖਾ ਨਹੀਂ। "ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।"

ਪੂਰਨ ਮਨੁੱਖ ਉਹ ਹੁੰਦਾ ਹੈ, ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਰਹਿਤ ਹੋਵੇ ਅਤੇ ਜਿਸ ਵਿਚ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਅਣਖ, ਜ਼ਮੀਰ ਅਤੇ ਨੈਤਿਕਤਾ ਹੋਵੇ। ਤੁਸੀਂ ਗੁਰਬਾਣੀ ਦੀ ਸਿੱਖਿਆ ਲੈ ਕੇ ਅਤੇ ਸਿਮਰਨ ਕਰਕੇ ਆਪਣੇ ਆਪ ਨੂੰ ਪੂਰਨ ਮਨੁੱਖ ਬਣਾ ਸਕਦੇ ਹੋ। ਮਨੁੱਖ ਨੂੰ ਸੱਚ-ਝੂਠ, ਚੰਗਾ-ਮਾੜਾ ਤੇ ਠੀਕ-ਗਲਤ ਦਾ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਅੱਜ ਤੱਕ ਜਿਹੜਾ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੋਇਆ ਹੈ ਅਤੇ ਜਿਹੜਾ ਚੰਗਾ ਹੋਇਆ ਹੈ, ਉਹ ਚੰਗਿਆਂ ਬੰਦਿਆਂ ਕਰਕੇ ਹੋਇਆ ਹੈ।

# ਪੰਜਾਬੀ ਨਿਊਜ਼ਪੇਪਰ: ਲੋਕਤੰਤਰ ਦੀ ਰੀੜ੍ਹ ਹੱਡੀ, ਸਮਾਜ ਦਾ ਦਰਪਣ ਅਤੇ ਜਨਚੇਤਨਾ ਦੀ ਆਵਾਜ਼


ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ
ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ
ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲUSA




ਅੱਜ ਦੇ ਤੇਜ਼ੀ ਨਾਲ ਬਦਲਦੇ ਡਿਜ਼ਿਟਲ ਯੁੱਗ ਵਿਚ ਜਿੱਥੇ ਜਾਣਕਾਰੀ ਸੈਕਿੰਡਾਂ ਵਿਚ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਪਹੁੰਚ ਜਾਂਦੀ ਹੈ, ਉੱਥੇ ਵੀ ਅਖ਼ਬਾਰਾਂ ਦੀ ਮਹੱਤਤਾ ਘੱਟ ਨਹੀਂ ਹੋਈ। ਖ਼ਾਸ ਕਰਕੇ ਪੰਜਾਬੀ ਨਿਊਜ਼ਪੇਪਰ ਸਿਰਫ਼ ਖ਼ਬਰਾਂ ਦਾ ਸਾਧਨ ਨਹੀਂ, ਸਗੋਂ ਪੰਜਾਬ ਦੀ ਭਾਸ਼ਾ, ਸੱਭਿਆਚਾਰ, ਲੋਕਚੇਤਨਾ ਅਤੇ ਲੋਕਤੰਤਰ ਦੀ ਮਜ਼ਬੂਤ ਨੀਂਹ ਹਨ। ਪੰਜਾਬੀ ਅਖ਼ਬਾਰ ਲੋਕਾਂ ਦੀ ਆਵਾਜ਼ ਬਣ ਕੇ ਸਮਾਜ ਨੂੰ ਸਹੀ ਦਿਸ਼ਾ ਦਿਖਾਉਣ ਦਾ ਕੰਮ ਕਰਦੇ ਹਨ।

## ਲੋਕਤੰਤਰ ਦੀ ਮਜ਼ਬੂਤ ਨੀਂਹ

ਕਿਸੇ ਵੀ ਲੋਕਤੰਤਰ ਦੀ ਸਫ਼ਲਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਲੋਕ ਕਿੰਨੇ ਜਾਗਰੂਕ ਹਨ। ਪੰਜਾਬੀ ਨਿਊਜ਼ਪੇਪਰ ਲੋਕਾਂ ਤੱਕ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਜਾਣਕਾਰੀਆਂ ਪਹੁੰਚਾ ਕੇ ਉਨ੍ਹਾਂ ਨੂੰ ਜਾਗਰੂਕ ਨਾਗਰਿਕ ਬਣਾਉਂਦੇ ਹਨ। ਸਰਕਾਰ ਦੀਆਂ ਨੀਤੀਆਂ, ਚੋਣਾਂ, ਲੋਕ ਹਿੱਤ ਦੇ ਮਸਲੇ ਅਤੇ ਜਨਤਾ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਨਾ ਅਖ਼ਬਾਰਾਂ ਦੀ ਮਹੱਤਵਪੂਰਨ ਜ਼ਿੰਮੇਵਾਰੀ ਹੈ।

ਜਦੋਂ ਕਿਸੇ ਖੇਤਰ ਵਿਚ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਨਸ਼ਾ ਜਾਂ ਕਿਸਾਨੀ ਸੰਕਟ ਵਰਗੇ ਮਸਲੇ ਉੱਠਦੇ ਹਨ, ਤਾਂ ਪੰਜਾਬੀ ਅਖ਼ਬਾਰ ਉਨ੍ਹਾਂ ਨੂੰ ਆਮ ਲੋਕਾਂ ਤੱਕ ਪਹੁੰਚਾ ਕੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਜਵਾਬਦੇਹ ਬਣਾਉਂਦੇ ਹਨ। ਇਸ ਤਰ੍ਹਾਂ ਅਖ਼ਬਾਰ ਲੋਕਤੰਤਰ ਦੇ ਚੌਥੇ ਥੰਮ੍ਹ ਵਜੋਂ ਆਪਣੀ ਭੂਮਿਕਾ ਨਿਭਾਉਂਦੇ ਹਨ।




## ਸਮਾਜ ਦਾ ਦਰਪਣ

ਪੰਜਾਬੀ ਨਿਊਜ਼ਪੇਪਰ ਸਮਾਜ ਦੀ ਅਸਲ ਤਸਵੀਰ ਪੇਸ਼ ਕਰਦੇ ਹਨ। ਉਹ ਸਿਰਫ਼ ਵੱਡੀਆਂ ਰਾਜਨੀਤਿਕ ਖ਼ਬਰਾਂ ਹੀ ਨਹੀਂ, ਸਗੋਂ ਪਿੰਡਾਂ, ਸ਼ਹਿਰਾਂ, ਸਕੂਲਾਂ, ਖੇਤਾਂ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਵੀ ਉਭਾਰਦੇ ਹਨ। ਸਮਾਜ ਵਿਚ ਹੋ ਰਹੀਆਂ ਚੰਗੀਆਂ ਅਤੇ ਮਾੜੀਆਂ ਘਟਨਾਵਾਂ ਦਾ ਦਰਪਣ ਬਣਨਾ ਅਖ਼ਬਾਰਾਂ ਦੀ ਵਿਸ਼ੇਸ਼ਤਾ ਹੈ।

ਕਿਸੇ ਪਿੰਡ ਵਿਚ ਪਾਣੀ ਦੀ ਕਮੀ ਹੋਵੇ, ਕਿਸਾਨਾਂ ਦੀ ਮੁਸ਼ਕਲ ਹੋਵੇ, ਸਿੱਖਿਆ ਨਾਲ ਜੁੜੀ ਸਮੱਸਿਆ ਹੋਵੇ ਜਾਂ ਨੌਜਵਾਨਾਂ ਵਿਚ ਵੱਧਦਾ ਨਸ਼ਾ — ਪੰਜਾਬੀ ਅਖ਼ਬਾਰ ਇਨ੍ਹਾਂ ਮਸਲਿਆਂ ਨੂੰ ਲੋਕਾਂ ਅਤੇ ਪ੍ਰਸ਼ਾਸਨ ਸਾਹਮਣੇ ਲਿਆਉਂਦੇ ਹਨ। ਇਸ ਨਾਲ ਸਮਾਜ ਵਿਚ ਜਾਗਰੂਕਤਾ ਅਤੇ ਸੁਧਾਰ ਦੀ ਭਾਵਨਾ ਪੈਦਾ ਹੁੰਦੀ ਹੈ।

## ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਰੱਖਵਾਲੇ

ਪੰਜਾਬੀ ਨਿਊਜ਼ਪੇਪਰ ਸਿਰਫ਼ ਖ਼ਬਰਾਂ ਹੀ ਨਹੀਂ ਦਿੰਦੇ, ਸਗੋਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਵੀ ਜੀਵੰਤ ਰੱਖਦੇ ਹਨ। ਪੰਜਾਬੀ ਸਾਹਿਤ, ਕਵਿਤਾ, ਲੋਕ ਕਹਾਣੀਆਂ, ਇਤਿਹਾਸ ਅਤੇ ਲੋਕ ਕਲਾਵਾਂ ਨੂੰ ਅਖ਼ਬਾਰਾਂ ਰਾਹੀਂ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਜਾਂਦਾ ਹੈ।

ਅੱਜ ਜਦੋਂ ਅੰਗਰੇਜ਼ੀ ਅਤੇ ਸੋਸ਼ਲ ਮੀਡੀਆ ਦਾ ਪ੍ਰਭਾਵ ਵਧ ਰਿਹਾ ਹੈ, ਪੰਜਾਬੀ ਅਖ਼ਬਾਰ ਮਾਂ-ਬੋਲੀ ਨਾਲ ਲੋਕਾਂ ਦਾ ਰਿਸ਼ਤਾ ਮਜ਼ਬੂਤ ਕਰਦੇ ਹਨ। ਉਹ ਪੰਜਾਬੀ ਪੜ੍ਹਨ ਅਤੇ ਲਿਖਣ ਦੀ ਆਦਤ ਨੂੰ ਜੀਵੰਤ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।

## ਜਨਚੇਤਨਾ ਦੀ ਆਵਾਜ਼

ਪੰਜਾਬੀ ਅਖ਼ਬਾਰ ਸਮਾਜ ਦੇ ਦੱਬੇ-ਕੁਚਲੇ ਅਤੇ ਆਮ ਲੋਕਾਂ ਦੀ ਆਵਾਜ਼ ਬਣਦੇ ਹਨ। ਜਿੱਥੇ ਕਈ ਵਾਰ ਆਮ ਲੋਕ ਆਪਣੀ ਗੱਲ ਸਰਕਾਰ ਤੱਕ ਨਹੀਂ ਪਹੁੰਚਾ ਸਕਦੇ, ਉੱਥੇ ਅਖ਼ਬਾਰ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਮੰਚ ਦਿੰਦੇ ਹਨ।

ਸਮਾਜਿਕ ਮੁਹਿੰਮਾਂ ਜਿਵੇਂ ਕਿ ਸਿੱਖਿਆ ਪ੍ਰਚਾਰ, ਵਾਤਾਵਰਣ ਸੁਰੱਖਿਆ, ਬੇਟੀ ਬਚਾਓ, ਨਸ਼ਾ ਮੁਕਤੀ ਅਤੇ ਸਫ਼ਾਈ ਵਰਗੇ ਮਸਲਿਆਂ 'ਤੇ ਜਾਗਰੂਕਤਾ ਫੈਲਾਉਣ ਵਿਚ ਪੰਜਾਬੀ ਅਖ਼ਬਾਰਾਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਉਹ ਸਿਰਫ਼ ਜਾਣਕਾਰੀ ਨਹੀਂ ਦਿੰਦੇ, ਸਗੋਂ ਸਮਾਜਿਕ ਬਦਲਾਅ ਲਈ ਪ੍ਰੇਰਿਤ ਵੀ ਕਰਦੇ ਹਨ।

## ਡਿਜ਼ੀਟਲ ਯੁੱਗ ਵਿਚ ਚੁਣੌਤੀਆਂ

ਅੱਜ ਸੋਸ਼ਲ ਮੀਡੀਆ ਅਤੇ ਆਨਲਾਈਨ ਪਲੇਟਫ਼ਾਰਮਾਂ ਦੇ ਵਧਦੇ ਪ੍ਰਭਾਵ ਕਾਰਨ ਪ੍ਰਿੰਟ ਮੀਡੀਆ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਤੇਜ਼ ਖ਼ਬਰਾਂ ਦੀ ਦੌੜ ਵਿਚ ਕਈ ਵਾਰ ਗਲਤ ਜਾਣਕਾਰੀ ਵੀ ਫੈਲ ਜਾਂਦੀ ਹੈ। ਅਜਿਹੇ ਸਮੇਂ ਵਿਚ ਪੰਜਾਬੀ ਨਿਊਜ਼ਪੇਪਰ ਭਰੋਸੇਯੋਗ ਅਤੇ ਜਾਂਚੀ-ਪਰਖੀ ਜਾਣਕਾਰੀ ਦੇ ਕੇ ਆਪਣੀ ਵਿਲੱਖਣ ਪਹਿਚਾਣ ਬਣਾਈ ਹੋਈ ਹੈ।

ਹਾਲਾਂਕਿ ਡਿਜ਼ਿਟਲ ਮੀਡੀਆ ਦਾ ਪ੍ਰਭਾਵ ਵਧ ਰਿਹਾ ਹੈ, ਪਰ ਅਖ਼ਬਾਰਾਂ ਦੀ ਵਿਸ਼ਵਾਸਯੋਗਤਾ ਅਤੇ ਗਹਿਰਾਈ ਅਜੇ ਵੀ ਲੋਕਾਂ ਨੂੰ ਉਨ੍ਹਾਂ ਨਾਲ ਜੋੜੀ ਰੱਖਦੀ ਹੈ। ਹੁਣ ਕਈ ਪੰਜਾਬੀ ਅਖ਼ਬਾਰ ਡਿਜ਼ਿਟਲ ਪਲੇਟਫ਼ਾਰਮਾਂ ਰਾਹੀਂ ਵੀ ਪਾਠਕਾਂ ਤੱਕ ਪਹੁੰਚ ਰਹੇ ਹਨ।

## ਨਤੀਜਾ

ਪੰਜਾਬੀ ਨਿਊਜ਼ਪੇਪਰ ਸਿਰਫ਼ ਖ਼ਬਰਾਂ ਦੇ ਪੰਨੇ ਨਹੀਂ, ਸਗੋਂ ਲੋਕਤੰਤਰ ਦੀ ਰੀੜ੍ਹ, ਸਮਾਜ ਦਾ ਦਰਪਣ ਅਤੇ ਜਨਚੇਤਨਾ ਦੀ ਆਵਾਜ਼ ਹਨ। ਉਹ ਲੋਕਾਂ ਨੂੰ ਜਾਗਰੂਕ ਕਰਦੇ ਹਨ, ਸਮਾਜ ਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ ਅਤੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਮਜ਼ਬੂਤ ਬਣਾਉਂਦੇ ਹਨ। ਇੱਕ ਸਿਹਤਮੰਦ ਅਤੇ ਜਾਗਰੂਕ ਸਮਾਜ ਲਈ ਮਜ਼ਬੂਤ ਅਤੇ ਨਿਰਪੱਖ ਮੀਡੀਆ ਬਹੁਤ ਜ਼ਰੂਰੀ ਹੈ। ਪੰਜਾਬੀ ਅਖ਼ਬਾਰਾਂ ਦੀ ਇਹ ਜ਼ਿੰਮੇਵਾਰੀ ਭਵਿੱਖ ਵਿਚ ਹੋਰ ਵੀ ਵਧੇਗੀ, ਕਿਉਂਕਿ ਸੱਚੀ ਅਤੇ ਭਰੋਸੇਯੋਗ ਜਾਣਕਾਰੀ ਹੀ ਲੋਕਤੰਤਰ ਨੂੰ ਮਜ਼ਬੂਤ ਬਣਾ ਸਕਦੀ ਹੈ।

# ਸਤਪਾਲ ਸਿੰਘ ਜੌਹਲ: ਕਿਰਦਾਰ, ਸੇਵਾ ਅਤੇ ਦਲੇਰੀ ਦਾ ਸੁਮੇਲ



-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
ਪੰਜਾਬ ਮੇਲ USA



ਬਹੁਤੀਆਂ ਪਬਲਿਕ ਸ਼ਖਸੀਅਤਾਂ ਨੂੰ ਉਨ੍ਹਾਂ ਦੇ ਨਾਹਰਿਆਂ ਅਤੇ ਗੱਲਾਂ ਕਰ ਕੇ ਜਾਣਿਆ-ਪਛਾਣਿਆ ਜਾਂਦਾ ਹੈ ਪਰ ਸਤਪਾਲ ਸਿੰਘ ਜੌਹਲ ਨੂੰ ਉਨ੍ਹਾਂ ਦੇ ਅਮਲੀ ਕੰਮਾਂ ਅਤੇ ਨਿੱਘੇ ਵਰਤ-ਵਰਤਾਓ ਕਰ ਕੇ ਵੱਧ ਜਾਣਿਆ ਜਾਂਦਾ ਹੈ। ਰਸਮੀ ਤੌਰ 'ਤੇ ਓਹ ਓਨਟਾਰੀਓ ਸੂਬੇ ਦੇ ਬਰੈਂਪਟਨ ਸ਼ਹਿਰ ਦੇ 9 ਅਤੇ 10 ਵਾਰਡਾਂ ਦੇ ਸਕੂਲ ਟਰੱਸਟੀ ਹਨ। ਪਰ ਪੰਜਾਬੀ ਭਾਈਚਾਰੇ 'ਚ ਉਹ ਸੁਚਾਰੂ ਮੀਡੀਆ ਕੰਮਾਂ ਅਤੇ ਪਰਵਾਸ ਨਾਲ਼ ਜੁੜੀਆਂ ਜਨਤਕ ਸੇਵਾਵਾਂ ਕਰ ਕੇ ਵੱਧ ਨਾਮਨਾ ਖੱਟ ਚੁੱਕੇ ਹਨ। ਇਨ੍ਹਾਂ ਸਭ ਕੰਮਾਂ ਨੂੰ ਇਕੱਠੇ ਕਰਨ ਨਾਲ਼ ਉਨ੍ਹਾਂ ਦੀ ਸ਼ਖਸੀਅਤ ਇੱਕ ਮਦਦਗਾਰ ਵਿਅਕਤੀ, ਮਿੱਠ-ਬੋਲੇ, ਬੇ-ਬਾਕ ਅਤੇ ਦਲੇਰ ਸ਼ਖਸ ਦੇ ਤੌਰ 'ਤੇ ਉੱਭਰੀ ਹੈ।

ਉਨ੍ਹਾਂ ਦੇ ਸਮਰਥਕ ਇੱਕ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਜਦ ਕੋਈ ਕੰਮ ਗਲਤ ਹੋ ਰਿਹਾ ਹੋਵੇ, ਤਾਂ ਉਹ ਉਸ ਵਿਰੁਧ ਖੜ੍ਹੇ ਹੋਣ ਲਈ ਪਿਛਾਂਹ ਨਹੀਂ ਰਹਿੰਦੇ। ਉਨ੍ਹਾਂ ਦੀ ਇਹ ਪਛਾਣ ਅੱਜ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ, ਕਿਉਂਕਿ ਉਹ 26 ਅਕਤੂਬਰ ਨੂੰ ਹੋਣ ਵਾਲ਼ੀਆਂ ਬਰੈਂਪਟਨ ਦੀਆਂ ਮਿਊਂਸਪਲ ਚੋਣਾਂ 'ਚ ਰਿਜਨਲ ਕਾਉਂਸਲਰ ਲਈ ਉਮੀਦਵਾਰ ਹਨ। ਉਨ੍ਹਾਂ ਦੀ ਜਨਤਕ ਛਵੀ ਉਨ੍ਹਾਂ ਦੇ ਅਮਲਾਂ ਅਤੇ ਉਨ੍ਹਾਂ ਦੀਆਂ ਪ੍ਰਭਾਵਕਾਰੀ ਕਾਰਵਾਈਆਂ 'ਚੋਂ ਉਪਜੀ ਹੈ, ਕਿਸੇ ਲਿਫਾਫੇਬਾਜ਼ੀ 'ਚੋਂ ਨਹੀਂ। ਇਹ ਛਵੀ ਇਕੱਲੇ ਦਫਤਰੀ ਕੰਮਾਂ ਕਰ ਕੇ ਨਹੀਂ ਬਣੀ, ਬਲਕਿ ਉਨ੍ਹਾਂ ਦੇ ਪਬਲਿਕ ਵਿੱਚ ਵਿਚਰਣ ਦੇ ਅਸਰਦਾਰ ਤਰੀਕਿਆਂ, ਲੋਕਾਂ ਨਾਲ਼ ਵਿਚਾਰ-ਵਟਾਂਦਰਿਆਂ ਅਤੇ ਉਨ੍ਹਾਂ ਦੇ ਸੁਹਿਰਦ ਸੰਬੰਧਾਂ ਕਰ ਕੇ ਬਣੀ ਹੈ। ਉਨ੍ਹਾਂ ਨੂੰ ਮਿਲਣਾ ਬਹੁਤ ਸੁਖਾਲ਼ਾ ਹੈ ਅਤੇ ਇਹ ਗੱਲ ਇਸ ਸ਼ਹਿਰ 'ਚ ਬਹੁਤ ਮਹੱਤਵ ਰਖਦੀ ਹੈ, ਜਿੱਥੇ ਪਬਲਿਕ ਨੂੰ ਸਿੱਧੀ ਅਤੇ ਠੋਸ ਮਦਦ ਦੀ ਲੋੜ ਹੈ, ਨਾ ਕਿ ਗੱਲਾਂ ਦੇ ਕੜਾਹ ਦੀ।

ਪਬਲਿਕ ਦੀਆਂ ਨਜ਼ਰਾਂ 'ਚ ਉਹ ਪੰਜਾਬੀ ਮੀਡੀਆ, ਲੋਕਲ ਤਪਸਰਿਆਂ ਅਤੇ ਪਰਵਾਸ-ਸੰਬੰਧੀ ਮਸਲਿਆਂ ਨਾਲ਼ ਜੁੜੇ ਹੋਏ ਹਨ। ਇਸ ਤਰ੍ਹਾਂ ਉਹ ਪਬਲਿਕ ਦੇ ਰੋਜ਼ਮਰਾ ਜੀਵਨ ਦੇ ਜ਼ਰੂਰੀ ਮਸਲਿਆਂ ਬਾਰੇ ਪੂਰੀ ਜਾਣਕਾਰੀ ਰੱਖਦੇ ਹਨ ਅਤੇ ਉਨ੍ਹਾਂ ਦੀ ਆਵਾਜ਼ ਨੂੰ ਹੋਰ ਬੁਲੰਦ ਕਰਦੇ ਹਨ। ਇਸ ਤਰ੍ਹਾਂ ਜ਼ਮੀਨੀ ਹਕੀਕਤਾਂ ਨਾਲ਼ ਜੁੜੇ ਰਹਿਣ ਕਰ ਕੇ ਉਹ ਬਰੈਂਪਟਨ ਨਿਵਾਸੀਆਂ ਦੀਆਂ ਸਭ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਵਾਕਫ ਹਨ ਅਤੇ ਇਨ੍ਹਾਂ ਦੀਆਂ ਬਰੀਕੀਆਂ ਸਮਝਦੇ ਹਨ। ਇਨ੍ਹਾਂ ਬਾਰੇ ਹਰ ਸਟੇਜ ਤੋਂ ਪੂਰੀ ਸਪੱਸ਼ਟਤਾ ਨਾਲ਼ ਅਤੇ ਖੁੱਲ੍ਹ ਕੇ ਬੋਲਦੇ ਹਨ। ਮੀਡੀਆ ਦਾ ਤਜ਼ਰਬਾ ਇਨਸਾਨ ਨੂੰ ਬਹੁਤ ਕੀਮਤੀ ਸਬਕ ਸਿਖਾਉਂਦਾ ਹੈ ਪਰ ਇੱਥੇ ਕੀਤੀ ਛੋਟੀ ਜਿਹੀ ਕੁਤਾਹੀ ਵੀ ਪਬਲਿਕ 'ਚ ਬਣੀ ਹੋਈ ਭੱਲ ਨੂੰ ਢਾਹ ਲਾ ਦਿੰਦੀ ਹੈ। ਜੌਹਲ ਸਾਹਿਬ ਇਸ ਗੱਲ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹਨ ਅਤੇ ਉਨ੍ਹਾਂ ਦਾ ਸਟਾਈਲ ਇਸ ਅਸਲੀਅਤ 'ਚ ਪੂਰਾ ਫਿੱਟ ਬੈਠਦਾ ਹੈ। ਉਹ ਸਪੱਸ਼ਟ ਅਤੇ ਸਿੱਧੀ ਗੱਲ ਕਰਦੇ ਹਨ, ਜਿਸ ਕਰ ਕੇ ਲੋਕ ਉਨ੍ਹਾਂ ਨੂੰ ਧਿਆਨ ਨਾਲ਼ ਸੁਣਦੇ ਹਨ।

ਜਦ ਲੋਕਲ ਮਸਲੇ ਜਾਂ ਪਰਵਾਸ ਨਾਲ਼ ਜੁੜੀਆਂ ਗੱਲਾਂ ਕਾਨੂੰਨੀ ਗੁੰਝਲ਼ਾਂ 'ਚ ਫਸ ਜਾਂਦੀਆਂ ਹਨ, ਤਾਂ ਪਰਿਵਾਰਾਂ ਨੂੰ ਕਿਸੇ ਐਸੀ ਪਰਸਨੈਲਿਟੀ ਦੀ ਲੋੜ ਪੈਂਦੀ ਹੈ, ਜੋ ਉਨ੍ਹਾਂ ਨੂੰ ਸਰਲ ਬੋਲਾਂ 'ਚ ਸਮਝਾ ਸਕੇ। ਬਰੈਂਪਟਨ 'ਚ ਇਸ ਤਰ੍ਹਾਂ ਦੀਆਂ ਸਿੱਧੀਆਂ-ਸਪੱਸ਼ਟ ਗੱਲਾਂ ਦੀ ਬਹੁਤ ਲੋੜ ਹੈ, ਜਿੱਥੇ ਜਨਤਾ ਲੋਕਲ ਅਤੇ ਸੰਸਾਰ ਪੱਧਰ - ਦੋਹਾਂ ਦੀਆਂ ਗੱਲਾਂ ਜਾਣਨਾ ਪਸੰਦ ਕਰਦੀ ਹੈ। ਇੱਥੇ ਜਿਹੜਾ ਕੋਈ ਵੀ ਇੱਧਰ-ਉੱਧਰ ਦੀਆਂ ਗੱਲਾਂ ਛੱਡ ਕੇ, ਜਨਤਾ ਦੇ ਮਸਲਿਆਂ ਦੀਆਂ ਗੱਲਾਂ ਕਰੇਗਾ ਅਤੇ ਪਬਲਿਕ ਦੀਆਂ ਭਾਵਨਾਵਾਂ ਦੀ ਪਛਾਣ ਕਰ ਕੇ ਕਦਰ ਕਰੇਗਾ, ਉਹ ਹੀ ਸਫਲ ਹੋ ਸਕੇਗਾ। ਜੌਹਲ ਸਾਹਿਬ ਇਸ ਤਰ੍ਹਾਂ ਦੀਆਂ ਸਾਰੀਆਂ ਗੱਲਾਂ ਕਰਨ 'ਚ ਮਾਹਿਰ ਹਨ ਕਿਉਂਕਿ ਉਹ ਹਮੇਸ਼ਾਂ ਇੱਕ 'ਗਰਾਊਂਡ' ਹੋਏ ਬੰਦੇ ਵਾਂਗ ਕੰਮ ਕਰਨਾ ਜਾਣਦੇ ਹਨ।

**ਜਦ ਲੋਕਲ ਮਸਲੇ ਜਾਂ ਪਰਵਾਸ ਨਾਲ਼ ਜੁੜੀਆਂ ਗੱਲਾਂ ਕਾਨੂੰਨੀ ਗੁੰਝਲ਼ਾਂ 'ਚ ਫਸ ਜਾਂਦੀਆਂ ਹਨ, ਤਾਂ ਪਰਿਵਾਰਾਂ ਨੂੰ ਕਿਸੇ ਐਸੀ ਪਰਸਨੈਲਿਟੀ ਦੀ ਲੋੜ ਪੈਂਦੀ ਹੈ, ਜੋ ਉਨ੍ਹਾਂ ਨੂੰ ਸਰਲ ਬੋਲਾਂ 'ਚ ਸਮਝਾ ਸਕੇ। ਬਰੈਂਪਟਨ 'ਚ ਇਸ ਤਰ੍ਹਾਂ ਦੀਆਂ ਸਿੱਧੀਆਂ-ਸਪੱਸ਼ਟ ਗੱਲਾਂ ਦੀ ਬਹੁਤ ਲੋੜ ਹੈ, ਜਿੱਥੇ ਜਨਤਾ ਲੋਕਲ ਅਤੇ ਸੰਸਾਰ ਪੱਧਰ - ਦੋਹਾਂ ਦੀਆਂ ਗੱਲਾਂ ਜਾਣਨਾ ਪਸੰਦ ਕਰਦੀ ਹੈ। ਇੱਥੇ ਜਿਹੜਾ ਕੋਈ ਵੀ ਇੱਧਰ-ਉੱਧਰ ਦੀਆਂ ਗੱਲਾਂ ਛੱਡ ਕੇ, ਜਨਤਾ ਦੇ ਮਸਲਿਆਂ ਦੀਆਂ ਗੱਲਾਂ ਕਰੇਗਾ ਅਤੇ ਪਬਲਿਕ ਦੀਆਂ ਭਾਵਨਾਵਾਂ ਦੀ ਪਛਾਣ ਕਰ ਕੇ ਕਦਰ ਕਰੇਗਾ, ਉਹ ਹੀ ਸਫਲ ਹੋ ਸਕੇਗਾ।**

ਉਨ੍ਹਾਂ ਦੀ ਜਨਤਕ ਛਵੀ ਪਰਵਾਸ ਦੇ ਮਸਲਿਆਂ ਨਾਲ਼ ਬਹੁਤ ਸੰਬੰਧ ਰੱਖਦੀ ਹੈ ਅਤੇ ਇਸ ਗੁਣ ਦੀ ਬਰੈਂਪਟਨ 'ਚ ਬਹੁਤ ਕਦਰ ਹੈ। ਬਹੁਤੇ ਪਰਿਵਾਰਾਂ ਲਈ ਇਹ ਗੰਭੀਰ ਮਸਲਾ ਹੈ ਕਿਉਂਕਿ ਇਹ ਉਨ੍ਹਾਂ ਦੇ ਪਰਿਵਾਰ ਦੇ ਇਕੱਠੇ ਹੋਣ, ਕੰਮ, ਪੜ੍ਹਾਈਆਂ ਅਤੇ ਪਰਿਵਾਰਕ ਸੁਰੱਖਿਆ 'ਤੇ ਅਸਰ ਪਾਉਂਦਾ ਹੈ। ਇਸ ਤਰ੍ਹਾਂ ਦੇ ਕੰਮਾਂ 'ਚ ਪੂਰੀ ਦਰੁੱਸਤੀ, ਸਹਿਜਤਾ ਅਤੇ ਹਮਦਰਦੀ ਦੀ ਅਹਿਮ ਲੋੜ ਹੈ। ਛੋਟੀ ਜਿਹੀ ਗਲਤੀ ਵੀ ਕਿਸੇ ਪਰਿਵਾਰ ਦਾ ਜੀਵਨ ਖਰਾਬ ਕਰ ਸਕਦੀ ਹੈ। ਸਮਰਥਕ ਇਸ ਗੱਲੋਂ ਪੂਰੇ ਸੰਤੁਸ਼ਟ ਹਨ ਕਿ ਉਹ ਸਾਰੇ ਕੰਮ ਪੂਰੀ ਦਿਆਨਤਦਾਰੀ ਅਤੇ ਚੰਗੀ ਭਾਵਨਾ ਨਾਲ ਕਰਦੇ ਹਨ - ਭਾਵੇ ਇਹ ਰਵੱਈਆ ਕਿਸੇ ਨੂੰ ਚੰਗਾ ਨਾ ਵੀ ਲੱਗੇ। ਇਸ ਕਰਕੇ ਹੀ ਲੋਕ ਉਨ੍ਹਾਂ ਨੂੰ ਪੂਰਾ ਮਦਦਗਾਰ ਮੰਨਦੇ ਹਨ, ਹਾਲਾਂਕਿ ਮਦਦ ਕਰਨਾ ਹਮੇਸ਼ਾ ਸੌਖਾ ਜਾਂ ਭਲੀ-ਮਾਣਸੀ ਵਾਲ਼ਾ ਕੰਮ ਨਹੀਂ ਹੁੰਦਾ। ਕਦੇ-ਕਦੇ ਕੌੜੀਆਂ ਸੱਚਾਈਆਂ ਵੀ ਦੱਸਣੀਆਂ ਪੈਂਦੀਆਂ ਹਨ, ਲੋਕਾਂ ਨੂੰ ਸੰਭਾਵੀ 'ਰਿਸਕਾਂ' ਬਾਰੇ ਸੁਚੇਤ ਕਰਨਾ ਪੈਂਦਾ ਹੈ ਅਤੇ ਗਲਤ ਕੰਮ ਕਰਨ ਤੋਂ ਨਾਂਹ ਕਰਨ ਦੀ ਹਿੰਮਤ ਕਰਨੀ ਪੈਂਦੀ ਹੈ।

ਜੌਹਲ ਸਾਹਿਬ ਦੀ ਜਨਤਾ 'ਚ ਬਣੀ ਪੈਂਠ ਦਾ ਇੱਕ ਹੋਰ ਕਾਰਨ ਉਨ੍ਹਾਂ ਵਲੋਂ ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਵਰਤ-ਵਰਤਾਓ ਕਰਨਾ ਹੈ। ਸਭ ਜਾਣਦੇ ਹਨ ਕਿ ਜਦ ਕਦੇ ਵੀ ਕਿਸੇ ਰੂਲ-ਅਸੂਲ ਦੀ ਉਲੰਘਣਾ ਹੁੰਦੀ ਹੈ ਜਾਂ ਕਿਸੇ ਦਾ ਕੋਈ ਕੰਮ ਕਮਿਊਨਿਟੀ-ਵਿਰੋਧੀ ਹੁੰਦਾ ਹੈ, ਤਾਂ ਉਹ ਹਰਗਿਜ਼ ਚੁੱਪ ਰਹਿਣ ਵਾਲ਼ੇ ਨਹੀਂ। ਇਸ 'ਚ ਪਬਲਿਕ ਵਰਤਾਓ, ਸੁਰੱਖਿਆ, ਕਾਨੂੰਨ ਦੀ ਪਾਲਣਾ ਅਤੇ ਪਰਵਾਸ ਦੇ ਨਿਯਮਾਂ ਦੀ ਦੁਰਵਰਤੋਂ ਸਭ ਆ ਜਾਂਦੇ ਹਨ। ਇੱਕ ਸਾਊ ਵਿਅਕਤੀ ਹੋਣ ਦੇ ਨਾਲ਼-ਨਾਲ਼ ਉਹ ਡਟਣਾ ਵੀ ਜਾਣਦੇ ਹਨ ਅਤੇ ਇਹ ਸੁਮੇਲ ਕਾਇਮ ਰੱਖਣਾ ਕੋਈ ਸੌਖੀ ਗੱਲ ਨਹੀਂ। ਪਰ ਇਸ ਨਾਲ਼ ਬੰਦਾ ਚਿਰ-ਸਥਾਈ ਮਾਣ-ਸਤਿਕਾਰ ਹਾਸਲ ਕਰ ਲੈਂਦਾ ਹੈ। ਜੌਹਲ ਸਾਹਿਬ ਪੋਲੀਆਂ ਜਾਂ ਇੱਧਰਲੀਆਂ-ਉਧਰਲੀਆਂ ਗੱਲਾਂ ਕਰਨ ਵਾਲੇ ਨਹੀਂ; ਉਹ ਸਿੱਧੀਆਂ, ਖਰੀਆਂ ਅਤੇ ਬੇ-ਬਾਕ ਗੱਲਾਂ ਕਰਨ ਵਾਲ਼ੇ ਹਨ। ਇਹ ਠੀਕ ਹੈ ਕਈ ਕੱਚੇ ਬੰਦੇ ਇਸ ਤਰ੍ਹਾਂ ਦੀਆਂ ਗੱਲਾਂ ਬਰਦਾਸ਼ਤ ਨਹੀਂ ਕਰਦੇ ਪਰ ਵਧੀਆ ਅਤੇ ਸੱਚੇ-ਸੁੱਚੇ ਬੰਦੇ ਇਸ ਤਰ੍ਹਾਂ ਦੀ ਦਿਆਨਤਦਾਰੀ ਦੀ ਪੂਰੀ ਕਦਰ ਕਰਦੇ ਹਨ।

ਉਨ੍ਹਾਂ ਦੇ ਸਮਰਥਕ ਬਾਹਰੀ ਲੁੱਕ-ਲਪੇਟ ਤੋਂ ਵੱਧ ਸਿਰੜ ਅਤੇ ਦ੍ਰਿੜ੍ਹਤਾ ਦੀ ਕਦਰ ਕਰਦੇ ਹਨ। ਉਹ ਜਾਣਦੇ ਹਨ ਕਿ ਜੌਹਲ ਸਾਹਿਬ ਸੱਚੀ ਗੱਲ ਕਰਨਗੇ, ਕੋਈ ਉਨ੍ਹਾਂ ਨਾਲ਼ ਸਹਿਮਤ ਹੋਵੇ, ਨਾ ਹੋਵੇ। ਕਈ ਵਾਰ ਉਨ੍ਹਾਂ ਨੂੰ ਨੁਕਤਾਚੀਨੀ ਵੀ ਝੱਲਣੀ ਪੈਂਦੀ ਹੈ ਪਰ ਅਖੀਰ ਨੂੰ ਉਨ੍ਹਾਂ ਪ੍ਰਤੀ ਭਰੋਸੇ ਅਤੇ ਮਾਣ-ਸਤਿਕਾਰ 'ਚ ਵਾਧਾ ਹੀ ਹੁੰਦਾ ਹੈ। ਆਪਾਂ ਜਾਣਦੇ ਹਾਂ ਕਿ ਜਨਤਾ ਕਿਸੇ ਨਾਲ਼ ਘੜੀ ਦੀ ਘੜੀ ਭਾਵੇਂ ਸਹਿਮਤ ਨਾ ਹੋਵੇ ਪਰ ਸੱਚੇ ਬੰਦੇ ਦੀ ਇੱਜ਼ਤ ਜ਼ਰੂਰ ਕਰਦੀ ਹੈ। ਵੈਸੇ ਵੀ ਕੁਰੱਖਤ ਬੋਲਣ ਦਾ ਅਤੇ ਸੁਹਿਰਦ ਕਰੜਾਈ ਦਾ ਫਰਕ ਹੁੰਦਾ ਹੈ। ਜੌਹਲ ਜੀ ਗੰਭੀਰ ਮਸਲਿਆਂ 'ਤੇ ਗੱਲ ਕਰਨ ਵਕਤ ਵੀ ਆਪਣੀ ਨਰਮਾਈ ਨਹੀਂ ਛਡਦੇ। ਉਹ ਇਸ ਗੱਲ ਦੇ ਹਾਮੀ ਹਨ ਕਿ ਕਿਸੇ ਲਈ ਸਤਿਕਾਰ ਦਿਖਾਉਣ ਲਈ ਉਸ ਦੀ ਚਾਪਲੂਸੀ ਕਰਨ ਦੀ ਲੋੜ ਨਹੀਂ।

ਜੌਹਲ ਸਾਹਿਬ ਦਾ ਉਨ੍ਹਾਂ ਲੋਕਾਂ 'ਚ ਬਹੁਤ ਸਤਿਕਾਰ ਹੈ, ਜੋ ਸਮਝਦੇ ਹਨ ਕਿ ਚੰਗੀ ਲੀਡਰੀ ਦਾ ਮਤਲਬ ਲੋਕ-ਭਲਾਈ ਦੀ ਰੱਖਿਆ ਕਰਨਾ ਹੈ, ਭਾਵੇਂ ਕਿ ਹਾਲਾਤ ਵਿਰੋਧੀ ਹੀ ਕਿਉਂ ਨਾ ਹੋਣ। ਸਮਾਜ ਨੂੰ ਭਾਵੇਂ ਨਰਮਾਈ ਦੀ ਲੋੜ ਹੈ ਪਰ ਦਲੇਰੀ ਨਾਲ਼ ਸਾਹਮਣੇ ਹੋ ਕੇ ਡਟਣ ਦੀ ਵੱਧ ਲੋੜ ਪੈਂਦੀ ਹੈ। ਜਿਹੜਾ ਲੀਡਰ ਸ਼ਾਂਤੀ ਬਣਾਉਣ ਲਈ ਕੌੜੀਆਂ ਸੱਚਾਈਆਂ ਦਾ ਰਾਹ ਛੱਡ ਦਿੰਦਾ ਹੈ, ਉਹ ਕੁੱਝ ਸਮਾਂ ਤਾਂ ਕੱਢ ਲੈਂਦਾ ਹੈ, ਪਰ ਅਖੀਰ ਨੂੰ ਜਨਤਕ ਵਿਸ਼ਵਾਸ ਗੁਆ ਬੈਠਦਾ ਹੈ। ਜੌਹਲ ਜੀ ਦਾ ਸਿੱਧਾ ਅਸੂਲ ਹੈ ਕਿ ਨਰਮਾਈ ਦਾ ਅਰਥ ਚੁੱਪ ਰਹਿ ਕੇ ਗਲਤ ਗੱਲਾਂ ਬਰਦਾਸ਼ਤ ਕਰਨਾ ਨਹੀਂ। ਜਦ ਲੋਕਾਂ ਨੂੰ ਇਹ ਭਰੋਸਾ ਹੋਵੇ ਕਿ ਉਨ੍ਹਾਂ ਦਾ ਲੀਡਰ ਹੱਕ-ਸੱਚ ਲਈ ਖੜ੍ਹੇਗਾ, ਤਾਂ ਉਹ ਉਸ 'ਤੇ ਵੱਧ ਯਕੀਨ ਵੀ ਕਰਨਗੇ ਅਤੇ ਉਸ ਦੀ ਪੂਰੀ ਸਪੋਰਟ ਵੀ ਕਰਨਗੇ। ਇਸ ਤਰ੍ਹਾਂ ਸੱਚ ਦੇ ਹੱਕ 'ਚ ਖੜ੍ਹਨ ਦੀ ਕਦਰ ਪੈਂਦੀ ਹੈ, ਪਰ ਇਸ ਦਾ ਮੁੱਲ ਤਾਰਨਾ ਪੈਂਦਾ ਹੈ। ਇਸ ਦੀ ਵਿਰੋਧਤਾ ਹੋ ਸਕਦੀ ਹੈ, ਬੋਲ-ਬੁਲਾਰਾ ਹੋ ਸਕਦਾ ਹੈ, ਗਲਤ-ਫਹਿਮੀਆਂ ਪੈਦਾ ਹੋ ਸਕਦੀਆ ਹਨ। ਇਸ ਕਰਕੇ ਹੀ ਹੌਸਲੇ ਦੀ ਪਬਲਿਕ 'ਚ ਕਦਰ ਹੈ। ਜਨਤਾ ਉਨ੍ਹਾਂ ਨੂੰ ਯਾਦ ਰਖਦੀ ਹੈ, ਜਿਹੜੇ ਸ਼ਾਂਤ ਰਹਿਣ ਅਤੇ ਬੋਲਣ ਦੇ ਮੌਕਿਆਂ ਨੂੰ ਪਛਾਣਦੇ ਹਨ, ਇਨ੍ਹਾਂ 'ਚ ਫਰਕ ਜਾਣਦੇ ਹਨ।

2022-2026 ਦੀ ਟਰਮ 'ਚ ਵਾਰਡ ਨੰਬਰ 9 ਅਤੇ 10 ਦੇ ਸਕੂਲ ਟਰੱਸਟੀ ਦੇ ਤੌਰ 'ਤੇ ਕੀਤਾ ਕੰਮ, ਉਨ੍ਹਾਂ ਦੇ ਪ੍ਰਭਾਵਕਾਰੀ ਕੰਮ ਕਰਨ ਦੇ ਢੰਗਾਂ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਹੈਸੀਅਤ 'ਚ ਕੰਮ ਕਰ ਕੇ ਬੰਦਾ ਪਰਿਵਾਰਾਂ, ਸਟੂਡੈਂਟਾਂ ਅਤੇ ਅਧਿਆਪਕਾਂ ਦੇ ਨੇੜੇ ਹੋ ਜਾਂਦਾ ਹੈ ਅਤੇ ਨਿਤ-ਪ੍ਰਤੀ ਫੈਸਲੇ ਲੈਣ ਦੇ ਕੰਮਾਂ 'ਚ ਯੋਗਦਾਨ ਪਾਉਂਦਾ ਹੈ। ਇਹ ਇੱਕ ਅਮਲੀ ਕੰਮ ਹੈ, ਜਿਸ ਤੋਂ ਬੰਦੇ ਦਾ ਚਰਿੱਤਰ ਪ੍ਰਤੱਖ ਨਜ਼ਰ ਆਉਂਦਾ ਹੈ ਅਤੇ ਇਹ ਹੋਰ ਪਰਪੱਕ ਵੀ ਹੁੰਦਾ ਹੈ।

ਸਕੂਲਾਂ ਦੇ ਪ੍ਰਬੰਧਾਂ 'ਚ, ਪਰਿਵਾਰ ਰੋਜ਼ਾਨਾ ਜ਼ਿੰਦਗੀ 'ਤੇ ਅਸਰ ਪਾਉਣ ਵਾਲ਼ੀਆਂ ਚੀਜ਼ਾਂ ਨੂੰ ਵੱਧ ਗੌਰ ਨਾਲ਼ ਦੇਖਦੇ ਹਨ। ਉਹ ਸਕੂਲਾਂ ਦੀ ਸੁਰੱਖਿਆ, ਸਕੂਲਾਂ ਦੇ ਨੇੜੇ ਦੀ ਆਵਾਜਾਈ, ਉੱਪਰਲਿਆਂ ਨਾਲ਼ ਤਾਲਮੇਲ ਅਤੇ ਆਪਣੀ ਗੱਲ ਸੁਣੇ ਜਾਣ ਨੂੰ ਖਾਸ ਕਰ ਕੇ ਮਹੱਤਵ ਦਿੰਦੇ ਹਨ। ਜੌਹਲ ਸਾਹਿਬ ਇਨ੍ਹਾਂ ਸਭ ਗੱਲਾਂ ਬਾਰੇ ਬਹੁਤ ਖਬਰਦਾਰ ਰਹਿੰਦੇ ਹਨ। ਇਸ ਤਰ੍ਹਾਂ ਦੀਆਂ ਸੇਵਾਵਾਂ ਕਰ ਕੇ ਹੀ ਲੋਕ ਉਨ੍ਹਾਂ ਦਾ ਮਾਣ-ਸਤਿਕਾਰ ਕਰਦੇ ਹਨ। ਉਹ ਇਹ ਵੀ ਮਹਿਸੂਸ ਕਰਦੇ ਹਨ ਕਿ ਜੌਹਲ ਸਾਹਿਬ ਨੂੰ ਜਦੋਂ ਮਰਜ਼ੀ ਸਿੱਧਿਆਂ ਮਿਲਿਆ ਜਾ ਸਕਦਾ ਹੈ। ਮਾਂ-ਪਿਉ ਉਨ੍ਹਾਂ ਲੀਡਰਾਂ 'ਤੇ ਵੱਧ ਭਰੋਸਾ ਕਰਦੇ ਹਨ, ਜੋ ਸਪੱਸ਼ਟ ਗੱਲ ਕਰਦੇ ਹਨ ਅਤੇ ਮੁਸ਼ਕਿਲ ਸਮੇਂ 'ਤੇ ਹਾਜ਼ਰ ਮਿਲਦੇ ਹਨ। ਨਿਰਸੰਦੇਹ, ਬੋਰਡ ਦਾ ਕੰਮ ਵਾਹਵਾ ਖੱਟਣ ਦਾ ਮੌਕਾ ਘੱਟ ਹੈ ਅਤੇ ਜ਼ਿੰਮੇਵਾਰੀ ਦਾ ਬਹੁਤਾ ਹੈ। ਇਹੋ ਜਿਹੀਆਂ ਅਹੁਦੇਦਾਰੀਆਂ 'ਤੇ ਕੀਤੇ ਕੰਮਾਂ ਤੋਂ ਹੀ ਬੰਦੇ ਦੀ ਜਨਤਾ 'ਚ ਬਣਾਈ ਭੱਲ ਦਾ ਪਤਾ ਲੱਗਦਾ ਹੈ।

ਜੌਹਲ ਸਾਹਿਬ 2026 ਦੀਆਂ ਬਰੈਂਪਟਨ ਮਿਉਂਸਪਲਟੀ ਦੀਆਂ ਰਿਜਨਲ ਕਾਉਂਸਲਰ ਦੀਆਂ ਚੋਣਾਂ 'ਚ ਉਮੀਦਵਾਰ ਹਨ। ਉਨ੍ਹਾਂ ਲਈ ਇਹ ਸੇਵਾ ਦਾ ਕੋਈ ਨਵਾਂ ਮੌਕਾ ਨਹੀਂ। ਇਸ ਤਰ੍ਹਾਂ ਉਹ ਪਹਿਲੀ ਕੀਤੀ ਜਾ ਰਹੀ ਸੇਵਾ ਨੂੰ ਹੀ ਅੱਗੇ ਤੋਰ ਰਹੇ ਹਨ। ਉਨ੍ਹਾਂ ਨੂੰ ਪਹਿਲਾਂ ਹੀ ਇਸ ਪਾਸੇ ਦਾ ਬਹੁਤ ਤਜ਼ਰਬਾ ਹੈ ਅਤੇ ਇਸ ਨਾਲ਼ ਉਨ੍ਹਾਂ ਦੀ ਜ਼ਿੰਮੇਵਾਰੀ ਦਾ ਘੇਰਾ ਹੋਰ ਵੱਡਾ ਹੋਵੇਗਾ। ਉਨ੍ਹਾਂ ਦੇ ਸਮਰਥਕਾਂ ਵਾਸਤੇ ਇਹ ਇੱਕ ਮੌਕਾ ਹੈ ਕਿ ਵੱਡੇ ਜਨਤਕ ਹਿਤਾਂ ਲਈ ਉਨ੍ਹਾਂ ਦੀ ਹਮਾਇਤ 'ਚ ਲੱਗਣ। ਹਾਲਾਂਕਿ ਉਹ ਖੁਦ ਇਸ ਤਰ੍ਹਾਂ ਦੀਆਂ ਹਮਾਇਤਾਂ ਦੀ ਬਜਾਏ ਜਨਤਾ 'ਚ ਵਿਚਰ ਕੇ ਪ੍ਰੈਕਟੀਕਲ ਕਰਾਵਾਈਆਂ ਨੂੰ ਵੱਧ ਤਰਜੀਹ ਦਿੰਦੇ ਹਨ ਅਤੇ ਇਸ ਤਰ੍ਹਾਂ ਦੇ ਪ੍ਰਚਾਰ ਤੋਂ ਸੰਗਦੇ ਹਨ। ਪਰ ਸਮਰਥਕ ਚਾਹੁੰਦੇ ਹਨ ਕਿ ਇਸ ਤਰ੍ਹਾਂ ਦੇ ਸੁਹਿਰਦ, ਹਿੰਮਤੀ ਅਤੇ ਅਣਥੱਕ ਲੀਡਰ ਪੰਜਾਬੀ ਭਾਈਚਾਰੇ ਦੀ ਬਹੁ-ਪੱਖੀ ਸੇਵਾ 'ਚ ਯੋਗਦਾਨ ਪਾਉਂਦੇ ਰਹਿਣ। ਸਾਰੇ ਇਸ ਗੱਲ ਨਾਲ਼ ਸਹਿਮਤ ਹਨ ਕਿ ਜੌਹਲ, ਬਰੈਂਪਟਨ ਨਿਵਾਸੀਆਂ ਦੀ ਸੇਵਾ ਲਈ ਹਰ ਵਕਤ ਹਾਜ਼ਰ ਹੈ।

ਉਨ੍ਹਾਂ ਦਾ ਸਮਰਥਨ ਉਨ੍ਹਾਂ ਦੀਆਂ ਨਿੱਜੀ ਦੋਸਤੀਆਂ ਤੋਂ ਕਿਤੇ ਵੱਧ ਉਨ੍ਹਾਂ ਦੇ ਅਸਰਦਾਰ ਕੰਮਾਂ 'ਤੇ ਨਿਰਭਰ ਹੈ। ਉਨ੍ਹਾਂ ਵਲੋਂ ਕੀਤੀ ਐੱਲ.ਐੱਮ.ਆਈ.ਏ. ਦੀ ਘਾਲਣਾ ਸਭ ਦੇ ਦਿਲਾਂ ਅਤੇ ਦਿਮਾਗਾਂ 'ਚ ਉੱਕਰੀ ਹੋਈ ਹੈ ਅਤੇ ਰਹੇਗੀ। ਜਨਤਾ ਹਮੇਸ਼ਾ ਸੱਚੇ-ਸੁੱਚੇ ਨਿਰਪੱਖ ਅਤੇ ਦਲੇਰ ਲੀਡਰਾਂ ਦੀ ਕਦਰ ਕਰਦੀ ਰਹੀ ਹੈ ਅਤੇ ਜੌਹਲ ਸਾਹਿਬ ਇਨ੍ਹਾਂ ਸਾਰੇ ਗੁਣਾਂ ਦਾ ਸਹੀ ਸੁਮੇਲ ਹਨ।

# ਪੁਲਿਸ ਦੇ ਮੁਖਬਰ, ਕਾਲੀ ਬਿੱਲੀ, ਦਲਾਲ ਤੋਂ ਰੈਫਰਲ ਏਜੰਟ, ਰਿਲੇਸ਼ਨ ਮੈਨੇਜਰ ਤੱਕ ਦਾ ਸਫਰ






-ਡਾ. ਸੰਦੀਪ ਘੰਡ ਐਡਵੋਕੇਟ
ਲਾਈਫ ਕੋਚ, ਬਠਿੰਡਾ/ਮਾਨਸਾ
ਮੋਬਾਈਲ : 98151-39576
ਪੰਜਾਬ ਮੇਲ USA


ਪੁਰਾਣੇ ਸਮਿਆਂ ਵਿਚ ਹਰ ਥਾਣੇ ਵਿਚ ਕਈ-ਕਈ ਟਾਊਟ ਹੁੰਦੇ ਸੀ, ਜੋ ਉਸ ਸਮੇਂ ਥਾਣੇ ਦਾ ਕੰਮ ਚਲਾਉਂਦੇ ਅਤੇ ਪੁਲਿਸ ਨੂੰ ਕਿਸ ਪਿੰਡ ਵਿਚ ਕਿਹੜਾ ਵਿਅਕਤੀ ਕੀ ਕਰਦਾ, ਕਿਹੜਾ ਨਸ਼ੇ ਵੇਚਦਾ, ਕਿਹੜੀ ਔਰਤ ਕਿਹੋ ਜਿਹੀ ਹੈ, ਬਾਰੇ ਸੂਚਨਾ ਦਿੰਦੇ ਸੀ। ਪੁਲਿਸ ਇਨ੍ਹਾਂ ਵੱਲੋਂ ਦਿੱਤੀ ਸੂਚਨਾ 'ਤੇ ਚੱਲਦੀ ਸੀ। ਬੇਸ਼ੱਕ ਅੱਜ ਵੀ ਇਹ ਟਾਊਟ ਮੌਜੂਦ ਹਨ ਪਰ ਅੱਜ ਇਨ੍ਹਾਂ ਨੂੰ ਆਮ ਬੋਲੀ ਵਿਚ "ਬਲੈਕ ਕੈਟ", "ਪੁਲਿਸ ਮਿੱਤਰ" ਜਾਂ "ਖ਼ਾਸ ਸੰਪਰਕ ਵਾਲੇ ਲੋਕ" ਕਿਹਾ ਜਾਂਦਾ ਹੈ। ਇਹ ਉਹ ਲੋਕ ਹਨ, ਜੋ ਆਪਣੇ ਆਪ ਨੂੰ ਪੁਲਿਸ, ਪ੍ਰਸ਼ਾਸਨ ਜਾਂ ਸਿਆਸੀ ਆਗੂਆਂ ਦੇ ਬਹੁਤ ਨੇੜੇ ਦਿਖਾਉਂਦੇ ਹਨ ਅਤੇ ਇਸ ਨੇੜਤਾ ਨੂੰ ਆਪਣੀ ਸਮਾਜਿਕ ਜਾਂ ਨਿੱਜੀ ਤਾਕਤ ਵਜੋਂ ਵਰਤਦੇ ਹਨ। ਇਹ ਆਮ ਤੌਰ 'ਤੇ ਦੋਹਰੀ ਭੂਮਿਕਾ ਨਿਭਾਉਂਦੇ ਹਨ। ਉਹ ਕਿਸੇ ਸੰਸਥਾ, ਯੂਨੀਅਨ ਜਾਂ ਅੰਦੋਲਨ ਦੇ ਹਮਦਰਦ ਬਣ ਕੇ ਉਸ ਦੇ ਅੰਦਰ ਤੱਕ ਪਹੁੰਚ ਜਾਂਦੇ ਹਨ, ਭਰੋਸਾ ਜਿੱਤ ਲੈਂਦੇ ਹਨ ਅਤੇ ਫਿਰ ਉਸ ਦੀਆਂ ਅੰਦਰੂਨੀ ਗਤੀਵਿਧੀਆਂ, ਯੋਜਨਾਵਾਂ ਜਾਂ ਰਣਨੀਤੀਆਂ ਦੀ ਜਾਣਕਾਰੀ ਦੂਜੇ ਪਾਸੇ ਤੱਕ ਪਹੁੰਚਾਉਂਦੇ ਹਨ। ਯਾਨੀ ਕਿ ਵਿਭੀਸ਼ਣ।

ਅੱਜਕੱਲ੍ਹ ਉਸ ਸਮੇਂ ਦੇ ਟਾਊਟਾਂ ਦੇ ਪਰਿਵਾਰ ਸ਼ਹਿਰਾਂ ਦੇ ਵੱਖ-ਵੱਖ ਕੋਨਿਆਂ ਵਿਚ ਫੈਲ ਚੁੱਕੇ ਹਨ ਅਤੇ ਇਨ੍ਹਾਂ ਦਾ ਘੇਰਾ ਵਿਸ਼ਾਲ ਹੋ ਗਿਆ। ਕੁਝ ਲੋਕਾਂ ਨੇ ਮੈਡੀਕਲ ਵਰਗੇ ਕਿੱਤੇ ਵਿਚ ਆਪਣੀ ਸ਼ਮੂਲੀਅਤ ਕੀਤੀ। ਜਿਨ੍ਹਾਂ ਨੂੰ ਰਿਕਸ਼ਾਂ ਚਾਲਕ, ਐਂਬੂਲੈਂਸ ਡਰਾਈਵਰ, ਆਟੋਚਾਲਕ ਵਜੋਂ ਦੇਖ ਸਕਦੇ ਹਾਂ। ਕਈਆਂ ਨੇ ਕੁਝ ਸਿੱਖਿਆ ਹਾਸਲ ਕਰ ਲਈ ਉਹ ਆਰ.ਐੱਮ.ਪੀ. ਜਾਂ ਝੋਲਾਛਾਪ ਡਾਕਟਰ ਵਜੋਂ ਮਿਲਦੇ। ਕਈ ਵਾਰ ਇਹ ਭੂਮਿਕਾ ਬਦਲਦੀ ਰਹਿੰਦੀ। ਪਿੰਡ ਦਾ ਡਾਕਟਰ, ਕਸਬੇ ਵਾਲੇ ਡਾਕਟਰ, ਕਸਬੇ ਵਾਲੇ ਜ਼ਿਲ੍ਹੇ ਵਾਲੇ ਨੂੰ ਅਤੇ ਜ਼ਿਲ੍ਹੇ ਵਾਲਾ ਆਪਣੀ ਸੇਵਾਵਾਂ ਵੱਡੇ ਹਸਪਤਾਲਾਂ ਨੂੰ ਦਿੰਦੇ ਹਨ। ਕਈ ਡਾਕਟਰਾਂ ਵਿਚ ਵੀ ਇਨ੍ਹਾਂ ਦੇ ਅੰਸ਼ ਚਲੇ ਗਏ। ਉਹ ਫੇਰ ਦਵਾਈਆਂ ਅਤੇ ਲੈਬ ਵਾਲਿਆਂ ਨੂੰ ਆਪਣੀਆਂ ਸੇਵਾਵਾਂ ਦਿੰਦੇ।

ਕਈ ਥਾਵਾਂ 'ਤੇ ਰਿਕਸ਼ਾ ਚਾਲਕ, ਐਂਬੂਲੈਂਸ ਡਰਾਈਵਰ ਜਾਂ ਹੋਰ ਲੋਕ ਵੀ ਮਰੀਜ਼ਾਂ ਨੂੰ ਕਿਸੇ ਖ਼ਾਸ ਹਸਪਤਾਲ ਤੱਕ ਲਿਜਾਣ ਵਿਚ ਭੂਮਿਕਾ ਨਿਭਾਉਂਦੇ ਹਨ। ਇਸੇ ਕਾਰਣ ਤੁਸੀਂ ਕਦੇ ਰੇਲਵੇ ਸਟੇਸ਼ਨ ਜਾਂ ਬੱਸ ਸਟੈਂਡ ਦੇ ਬਾਹਰ ਦੇਖ ਸਕਦੇ ਹੋ, ਜੇ ਤੁਸੀਂ ਉਸ ਨੂੰ ਕਿਸੇ ਮੁਹੱਲੇ ਵਿਚ ਜਾਣ ਲਈ ਕਹੋ, ਉਹ ਨਹੀਂ ਜਾਂਦਾ ਪਰ ਜੇਕਰ ਕਿਸੇ ਹਸਪਤਾਲ, ਕਚਿਹਰੀ ਜਾਂ ਹੋਟਲ ਜਾਣਾ ਹੋਵੇ, ਤਾਂ ਇਹ ਖਿੱਚ ਕੇ ਲਿਜਾਂਦੈ, ਉਹ ਵੀ ਘੱਟ ਪੈਸਿਆਂ ਵਿਚ।

ਉਨ੍ਹਾਂ ਟਾਊਟਾਂ ਵਿਚੋਂ ਕੁਝ ਅੱਜਕੱਲ੍ਹ ਕਚਿਹਰੀਆਂ ਵਿਚ ਜਾ ਕੇ ਵੱਖਰੀ-ਵੱਖਰੀ ਸੇਵਾ ਨਿਭਾ ਰਹੇ ਹਨ। ਕੁਝ ਵਕੀਲਾਂ ਦੀ ਮਦਦ ਕਰ ਰਹੇ ਹਨ, ਕੁਝ ਕਚਿਹਰੀ ਦੇ ਬਾਹਰ ਬੈਠ ਕੇ ਤਹਿਸੀਲਦਾਰ, ਨਾਇਬ ਤਹਿਸੀਲਦਾਰ ਨੂੰ ਸੇਵਾਵਾਂ ਦੇ ਰਹੇ ਹਨ। ਇਹ ਇੱਕ ਦੂਜੇ ਦੇ ਕੰਮ ਵਿਚ ਦਖਲ ਅੰਦਾਜ਼ੀ ਨਹੀਂ ਕਰਦੇ। ਇਸ ਤੋਂ ਇਲਾਵਾ ਇਹ ਪ੍ਰੋਟੋਕੋਲ ਦਾ ਵੀ ਪੂਰਾ ਖਿਆਲ ਰੱਖਦੇ। ਇਸ ਕਾਰਣ ਕੁਝ ਵਕੀਲ ਜੱਜਾਂ ਨੂੰ ਸੇਵਾਵਾਂ ਦੇ ਰਹੇ ਹਨ। ਜੱਜਾਂ ਤੱਕ ਪਹੁੰਚ ਦਿਖਾਉਣ ਲਈ ਇਹ ਕੋਈ ਕਸਰ ਬਾਕੀ ਨਹੀਂ ਛੱਡਦੇ। ਜੱਜ ਨੂੰ ਮਿਲਣ ਲਈ ਇਹ ਜੱਜ ਦਾ ਜਨਮ ਦਿਨ ਨਹੀਂ ਭੁੱਲਦੇ, ਆਪਣੇ ਵਿਆਹ ਦੀ ਵਰੇਗੰਢ ਵੀ ਸਾਲ ਵਿਚ ਦੋ ਵਾਰ ਮਨਾ ਲੈਂਦੇ।

ਪੁਰਾਣੇ ਸਮਿਆਂ ਦੇ ਕੁਝ ਟਾਊਟਾਂ ਵਿਚੋਂ ਕਈ ਸਿੱਖਿਆ ਖੇਤਰ ਵਿਚ ਮੱਲ੍ਹਾਂ ਮਾਰ ਰਹੇ ਹਨ। ਉਨ੍ਹਾਂ ਦੀ ਪੂਰੀ ਕੋਸ਼ਿਸ਼ ਹੈ ਕਿ ਸਰਕਾਰੀ ਸਕੂਲਾਂ ਵਿਚੋਂ ਬੱਚੇ ਹਟਾਕੇ ਪ੍ਰਾਈਵੇਟ ਸਕੂਲਾਂ ਵਿਚ ਬੱਚੇ ਦਾਖਲ ਕਰਵਾਏ ਜਾਣ। ਫੇਰ ਪ੍ਰਾਈਵੇਟ ਸਕੂਲ ਉਨ੍ਹਾਂ ਨੂੰ ਸਤਿਕਾਰ ਨਾਲ ਰਿਲੇਸ਼ਨ ਮੈਨੇਜਰ ਜਾਂ ਲੋਕ ਸੰਪਰਕ ਅਧਿਕਾਰੀ ਵੀ ਕਹਿੰਦੇ, ਲੋਕ ਉਨ੍ਹਾਂ ਨੂੰ ਦਲਾਲ ਸਮਝਦੇ, ਉਨ੍ਹਾਂ ਦੀ ਉਹ ਪ੍ਰਵਾਹ ਨਹੀਂ ਕਰਦੇ। ਮੈਨੂੰ ਯਾਦ ਹੈ ਇੱਕ ਵਾਰ ਇੱਕ ਸਕੂਲ ਦਾ ਮਾਲਕ ਕਹਿ ਰਿਹਾ ਸੀ ਕਿ ਮੇਰੇ ਮੋਬਾਈਲ ਵਿਚ ਪੰਜ ਹਜ਼ਾਰ ਦਾਖਲੇ ਹਨ, ਭਾਵ ਉਸ ਦੇ ਫੋਨ ਵਿਚ ਪੰਜ ਹਜ਼ਾਰ ਟਾਊਟ ਹਨ, ਹੁਣ ਉਹ ਹਰ ਵਿਅਕਤੀ ਨੂੰ ਅਧਿਕਾਰੀ ਤਾਂ ਨਹੀਂ ਬਣਾ ਸਕਦਾ।

ਰੀਅਲ ਅਸਟੇਟ ਵਿਚ ਤਾਂ ਦਲਾਲੀ ਨੂੰ ਇੱਕ ਮਾਨਤਾ ਪ੍ਰਾਪਤ ਕਾਰੋਬਾਰ ਦਾ ਰੂਪ ਹੀ ਮਿਲ ਚੁੱਕਾ ਹੈ। ਇੱਥੋਂ ਤੱਕ ਕਿ ਵਿਆਹ-ਸ਼ਾਦੀਆਂ ਵਿਚ ਵੀ ਪੁਰਾਣੇ ਵਿਚੋਲਿਆਂ ਦੀ ਥਾਂ ਹੁਣ ਮੈਰਿਜ ਬਿਊਰੋ, ਮੋਬਾਈਲ ਐਪ ਅਤੇ ਆਨਲਾਈਨ ਪੋਰਟਲਾਂ ਨੇ ਲੈ ਲਈ ਹੈ। ਪਹਿਲਾਂ ਸੂਟ, ਕੰਬਲ ਜਾਂ ਸਨਮਾਨ ਮਿਲਦਾ ਸੀ, ਅੱਜ ਫ਼ੀਸ ਅਤੇ ਕਮਿਸ਼ਨ ਤੈਅ ਹੁੰਦੀ ਹੈ।

ਇਹ ਨਹੀਂ ਕਿ ਕੇਵਲ ਇਹੀ ਕਿੱਤੇ ਹਨ ਮੈਨੂੰ ਯਾਦ ਹੈ ਕਿ ਮੈਂ ਆਪਣੇ ਮਕਾਨ ਲਈ ਲੱਕੜ ਲੈਣੀ ਸੀ, ਤਾਂ ਮੇਰਾ ਦੋਸਤ ਲੱਕੜ ਬਾਰੇ ਜਾਣਕਾਰ ਹੋਣ ਕਾਰਨ ਮੈਂ ਉਸ ਨੂੰ ਨਾਲ ਲੈ ਗਿਆ। ਉਹ ਮਹਾਜਨ ਪਰਿਵਾਰ ਨਾਲ ਸਬੰਧਿਤ ਸੀ। ਮੇਰੇ ਪੱਗ ਬੰਨ੍ਹੀਂ ਹੋਣ ਕਾਰਣ ਉਸ ਨੇ ਮੈਨੂੰ ਮਿਸਤਰੀ ਸਮਝ ਲਿਆ ਅਤੇ ਮੈਨੂੰ ਇੱਕ ਪਾਸੇ ਕਰਦੇ ਹੋਏ ਕਿਹਾ ਕਿ ਮਿਸਤਰੀ ਜੀ, ਤੁਹਾਡਾ ਮਾਣ ਕਰ ਦਿਆਂਗੇ, ਅੱਜ ਵੀ ਜਦੋਂ ਮੈਨੂੰ ਗੱਲ ਯਾਦ ਆਉਂਦੀ, ਤਾਂ ਆਪਣੇ ਆਪ ਹਾਸਾ ਆ ਜਾਂਦਾ। ਭਾਵ ਮਿਸਤਰੀ ਅੱਗੇ ਆਪਣੀਆਂ ਸੇਵਾਵਾਂ ਦਿੰਦੇ ਹਨ। ਹੋਰ ਤਾਂ ਹੋਰ ਅੱਜਕੱਲ੍ਹ ਰਾਜਨੀਤੀ ਵਿਚ ਵੀ ਟਿਕਟ ਜਾਂ ਅਹੁਦਾ ਦਿਵਾਉਣ ਲਈ, ਮੰਤਰੀ ਦਾ ਅਹੁਦਾ ਦਿਵਾਉਣ ਤੱਕ ਦਲਾਲ ਖੜ੍ਹੇ ਹਨ।

ਇਤਿਹਾਸ ਗਵਾਹ ਹੈ ਕਿ ਕਈ ਅੰਦੋਲਨਾਂ, ਮਜ਼ਦੂਰ ਯੂਨੀਅਨਾਂ ਅਤੇ ਸਮਾਜਿਕ ਸੰਘਰਸ਼ਾਂ ਵਿਚ ਅਜਿਹੇ ਲੋਕਾਂ ਦੀ ਭੂਮਿਕਾ ਬਾਰੇ ਸਵਾਲ ਉੱਠਦੇ ਰਹੇ ਹਨ। ਇਸ ਕਾਰਨ ਕਈ ਵਾਰ ਸੰਸਥਾਵਾਂ ਦੇ ਅੰਦਰ ਸ਼ੱਕ, ਅਵਿਸ਼ਵਾਸ ਅਤੇ ਫੁੱਟ ਪੈਦਾ ਹੋ ਜਾਂਦੀ ਹੈ। ਜਦੋਂ ਕੋਈ ਵਿਅਕਤੀ ਨਿੱਜੀ ਲਾਭ, ਪ੍ਰਭਾਵ ਜਾਂ ਹੋਰ ਫਾਇਦੇ ਲਈ ਆਪਣੇ ਹੀ ਸਾਥੀਆਂ ਦਾ ਭਰੋਸਾ ਤੋੜਦਾ ਹੈ, ਤਾਂ ਸਮਾਜ ਉਸਨੂੰ ਸਹਿਯੋਗੀ ਨਹੀਂ, ਸਗੋਂ "ਭੇਤੀ" ਜਾਂ "ਗੱਦਾਰ" ਵਜੋਂ ਦੇਖਣ ਲੱਗਦਾ ਹੈ।

ਧਾਰਮਿਕ ਸੰਸਥਾਵਾਂ ਵੀ ਇਸ ਚਰਚਾ ਤੋਂ ਬਾਹਰ ਨਹੀਂ ਹਨ। ਰੱਬ ਨੂੰ ਨੇੜੇ ਤੋਂ ਦੇਖਣ ਲਈ ਲੋਕ ਉਨ੍ਹਾਂ ਨੂੰ ਪੈਸੇ ਦਿੰਦੇ, ਜਿਨ੍ਹਾਂ ਦੀ ਰੱਬ ਦੇ ਵਜ਼ੀਰਾਂ ਨਾਲ ਸਿੱਧੀ ਗੱਲਬਾਤ ਹੁੰਦੀ।

ਅਸਲ ਵਿਚ ਦਲਾਲੀ ਨੇ ਆਪਣਾ ਰੂਪ ਬਦਲ ਲਿਆ ਹੈ। ਪਹਿਲਾਂ ਦਲਾਲ ਗਰੀਬ ਅਤੇ ਅਨਪੜ੍ਹ ਮੰਨਿਆ ਜਾਂਦਾ ਸੀ, ਅੱਜ ਉਹ ਸੂਟ-ਬੂਟ ਪਾ ਕੇ ਏਅਰ ਕੰਡੀਸ਼ਨ ਦਫ਼ਤਰ ਵਿਚ ਬੈਠਾ ਵੀ ਮਿਲ ਸਕਦਾ ਹੈ। ਪਹਿਲਾਂ ਉਸਨੂੰ ਟਾਊਟ ਕਿਹਾ ਜਾਂਦਾ ਸੀ, ਅੱਜ ਉਸਨੂੰ "ਰੈਫਰਲ ਏਜੰਟ", "ਕੰਸਲਟੈਂਟ", "ਮਾਰਕੀਟਿੰਗ ਪਾਰਟਨਰ", "ਫੈਸਿਲੀਟੇਟਰ", "ਕੋਆਰਡੀਨੇਟਰ" ਜਾਂ "ਨੈੱਟਵਰਕਿੰਗ ਐਕਸਪਰਟ" ਕਿਹਾ ਜਾਂਦਾ ਹੈ।

ਇਸ ਲਈ ਸਾਨੂੰ ਵਿਅਕਤੀ ਨਹੀਂ, ਸਗੋਂ ਪ੍ਰਣਾਲੀ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਉੱਤੇ ਧਿਆਨ ਦੇਣ ਦੀ ਲੋੜ ਹੈ।

# ਦੂਰਦਰਸ਼ਨ ਕੇਂਦਰ ਜਲੰਧਰ ਦੀ ਵਾਗਡੋਰ ਨਵੇਂ ਹੱਥਾਂ ਵਿਚ


ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA





ਲੰਘੇ ਸਾਲਾਂ ਦੌਰਾਨ ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਜਿਹੜੇ ਵੀ ਪ੍ਰੋਗਰਾਮ ਮੁਖੀ ਨਿਯੁਕਤ ਹੁੰਦੇ ਰਹੇ ਹਨ, ਉਨ੍ਹਾਂ ਕੋਲ ਬੜਾ ਸੀਮਤ ਸੇਵਾ-ਕਾਲ ਬਾਕੀ ਹੁੰਦਾ ਸੀ। ਨਤੀਜੇ ਵਜੋਂ ਉਨ੍ਹਾਂ ਦੁਆਰਾ ਆਪਣੀ ਸਮਝ-ਸਮਰੱਥਾ ਅਤੇ ਤਜ਼ਰਬੇ ਦਾ ਨਿੱਠ ਕੇ ਪ੍ਰਯੋਗ ਕਰਨਾ ਮੁਸ਼ਕਲ ਹੋ ਜਾਂਦਾ ਸੀ।

ਹੁਣ ਸ਼੍ਰੀ ਗੁਰਵਿੰਦਰ ਸਿੰਘ ਨੇ ਬੀਤੇ ਦਿਨੀਂ ਦੂਰਸ਼ਨ ਕੇਂਦਰ ਜਲੰਧਰ ਵਿਖੇ ਬਤੌਰ ਪ੍ਰੋਗਰਾਮ ਮੁਖੀ ਕਾਰਜਭਾਰ ਸੰਭਾਲਿਆ ਹੈ ਅਤੇ ਉਨ੍ਹਾਂ ਕੋਲ ਸਮਾਂ ਵੀ ਹੈ ਕਿ ਉਹ ਆਪਣੇ ਹੁਨਰ, ਆਪਣੀ ਸਮਝ, ਆਪਣੀ ਸਮਰੱਥਾ ਦਾ ਪ੍ਰਯੋਗ ਕਰ ਸਕਣ।

ਇਸ ਸਿਲਸਿਲੇ ਵਿਚ ਉਨ੍ਹਾਂ ਨਾਲ ਗੱਲ ਹੋਈ, ਤਾਂ ਉਨ੍ਹਾਂ ਦਾ ਜਵਾਬ ਸੀ, ਜਿਹੜੇ ਪ੍ਰੋਗਰਾਮਾਂ ਦੀ ਟੀ.ਆਰ.ਪੀ. ਚੰਗੀ ਨਹੀਂ ਆ ਰਹੀ, ਉਹ ਬੰਦ ਕਰ ਜਾਣਗੇ। ਕੁਝ ਨਵੇਂ ਪ੍ਰੋਗਰਾਮ ਆਰੰਭ ਕੀਤੇ ਜਾਣਗੇ, ਜਿਨ੍ਹਾਂ ਬਾਰੇ ਜਲਦੀ ਦਰਸ਼ਕਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ।"

ਪ੍ਰੋਗਰਾਮ ਮੁਖੀ ਸ਼੍ਰੀ ਗੁਰਵਿੰਦਰ ਸਿੰਘ ਲੰਮੇ ਸਮੇਂ ਤੋਂ ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਸੇਵਾਵਾਂ ਦੇ ਰਹੇ ਹਨ ਪਰ ਉਨ੍ਹਾਂ ਦਾ ਸੇਵਾ-ਕਾਲ ਡੀ.ਡੀ. ਨੈਸ਼ਨਲ ਤੋਂ ਆਰੰਭ ਹੋਇਆ ਸੀ। ਉਥੇ ਉਹ ਬੜੇ ਮਹੱਤਵਪੂਰਨ ਦੋ ਪ੍ਰੋਗਰਾਮ ਕਰਿਆ ਕਰਦੇ ਸਨ। ਪਹਿਲਾ 'ਡੀ.ਡੀ. ਮੌਰਨਿੰਗ ਸ਼ੋਅ ਲਾਈਵ' ਅਤੇ ਦੂਸਰਾ 'ਈਵਨਿੰਗ ਲਾਈ ਸ਼ੋਅ'।

'ਡੀ.ਡੀ. ਮੌਰਨਿੰਗ ਸ਼ੋਅ ਲਾਈਵ' ਹਫ਼ਤੇ ਵਿਚ ਪੰਜ ਦਿਨ ਸਵੇਰੇ 8 ਵਜੇ ਪ੍ਰਸਾਰਿਤ ਹੁੰਦਾ ਹੈ। ਇਹ ਸਵੇਰ ਦਾ ਬੇਹੱਦ ਚਰਚਿਤ ਪ੍ਰੋਗਰਾਮ ਹੈ। ਇਸ ਵਿਚ ਖਬਰਾਂ, ਸਿਹਤ, ਮਨੋਰੰਜਨ ਅਤੇ ਸਿੱਖਿਆ ਨਾਲ ਸੰਬੰਧਤ ਰੋਚਕ ਜਾਣਕਾਰੀ ਸ਼ਾਮਿਲ ਹੁੰਦੀ ਹੈ। ਇਹ ਇਕ ਪਰਿਵਾਰਕ ਸ਼ੋਅ ਹੈ, ਜਿਸ ਵਿਚ ਆਰਟ ਐਂਡ ਕਲਚਰ, ਹਿੰਦੀ ਪਾਠਸ਼ਾਲਾ ਅਤੇ ਕਈ ਤਰ੍ਹਾਂ ਦੀ ਮਹੱਤਵਪੂਰਨ ਜਾਣਕਾਰੀ ਦਿੱਤੀ ਜਾਂਦੀ ਹੈ।

ਸਤੰਬਰ 2000 ਵਿਚ ਉਨ੍ਹਾਂ ਦਾ ਡੀ.ਡੀ. ਨੈਸ਼ਨਲ ਤੋਂ ਡੀ.ਡੀ. ਪੰਜਾਬੀ ਵਿਖੇ ਤਬਾਦਲਾ ਹੋਇਆ। ਇਥੇ ਉਨ੍ਹਾਂ ਨੂੰ ਖੇਡਾਂ ਅਤੇ ਸੰਗੀਤ ਨਾਲ ਸੰਬੰਧਤ ਪ੍ਰੋਗਰਾਮਾਂ ਦੀ ਜ਼ਿੰਮੇਵਾਰੀ ਸੌਂਪੀ ਗਈ। ਬਹੁਤ ਮਹੱਤਵਪੂਰਨ ਵਿਅਕਤੀਆਂ ਅਤੇ ਖੇਡਰ ਸਰਗਰਮੀਆਂ ਲਈ ਆਊਟਸਾਈਡ ਬ੍ਰਾਡਕਾਸਟ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਰਹੇ। ਇਹ ਸਿਲਸਿਲਾ ਲਗਾਤਾਰ 15 ਸਾਲ ਜਾਰੀ ਰਿਹਾ।

ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਸਾਲ 2003 ਵਿਚ ਉਨ੍ਹਾਂ ਨੇ ਇਕ ਨਵਾਂ ਪ੍ਰੋਗਰਾਮ 'ਪਬਲਿਕ ਟਾਈਮ ਏ ਰੋਡ ਸ਼ੋਅ' ਆਰੰਭ ਕੀਤਾ, ਜਿਹੜਾ ਦਰਸ਼ਕਾਂ ਵਿਚ ਕਾਫ਼ੀ ਚਰਚਿਤ ਹੋਇਆ। ਇਸੇ ਤਰ੍ਹਾਂ ਸ਼੍ਰੀ ਗੁਰਵਿੰਦਰ ਸਿੰਘ ਨਾਲ ਸੰਬੰਧਤ ਇਕ ਮਹੱਤਵਪੂਰਨ ਤੇ ਮਕਬੂਲ ਪ੍ਰੋਗਰਾਮ ਕਈ ਸਾਲਾਂ ਤੱਕ ਕਰਦੇ ਰਹੇ, ਜਿਸਦਾ ਨਾਂ ਵੀ ਬੜਾ ਆਕਰਸ਼ਕ ਸੀ- 'ਹੈਲੋ ਡਾਕਟਰ'। ਮੈਨੂੰ ਯਾਦ ਹੈ, ਮੈਂ ਇਹ ਪ੍ਰੋਗਰਾਮ ਅਕਸਰ ਵੇਖਦਾ ਸਾਂ ਕਿਉਂਕਿ ਇਸ ਵਿਚ ਸਿਹਤ ਨਾਲ ਸੰਬੰਧਤ ਵੇਖਦਾ ਸਾਂ ਕਿਉਂਕਿ ਇਸ ਵਿਚ ਸਿਹਤ ਨਾਲ ਸੰਬੰਧਤ ਬੜੀ ਮੁੱਲਵਾਨ ਜਾਣਕਾਰੀ ਦਿੱਤੀ ਜਾਂਦੀ ਸੀ। ਇਹ ਲਾਈਵ ਫੋਨ-ਇਨ ਅਤੇ ਟਾਕ ਸ਼ੋਅ ਹੈ। ਸ਼ੋਅ ਵਿਚ ਵੱਖ-ਵੱਖ ਮਾਹਿਰ ਡਾਕਟਰਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਦਰਸ਼ਕ ਫੋਨ ਰਾਹੀਂ ਸਿੱਧੀ ਡਾਕਟਰ ਨਾਲ ਗੱਲਬਾਤ ਕਰ ਸਕਦੇ ਹਨ। ਮੌਸਮੀ ਬਿਮਾਰੀਆਂ, ਜੀਵਨ-ਸ਼ੈਲੀ, ਖ਼ੁਰਾਕ ਅਤੇ ਤੰਦਰੁਸਤੀ ਬਾਰੇ ਅਹਿਮ ਜਾਣਕਾਰੀ ਦਰਸ਼ਕਾਂ ਤੱਕ ਪਹੁੰਚਾਈ ਜਾਂਦੀ ਹੈ।

ਇਸੇ ਤਰ੍ਹਾਂ 'ਪਬਲਿਕ ਟਾਈਮ' ਜਨ-ਸੰਵਾਦ ਅਤੇ ਚਰਚਾ 'ਤੇ ਆਧਾਰਿਤ ਪ੍ਰੋਗਰਾਮ ਸੀ। ਐਂਕਰ ਸਿੱਧੇ ਲੋਕਾਂ ਨਾਲ ਗੱਲਬਾਤ ਕਰਦੇ ਸਨ। ਦਰਅਸਲ ਇਸਦਾ ਮਕਸਦ ਲੋਕਾਂ ਦੀਆਂ ਸਮੱਸਿਆਵਾਂ, ਆਵਾਜਾਈ-ਪ੍ਰਬੰਧ, ਸਥਾਨਕ ਮੁੱਦੇ, ਵਾਤਾਵਰਨ ਅਤੇ ਸਰਕਾਰੀ ਯੋਜਨਾਵਾਂ ਬਾਰੇ ਲੋਕਾਂ ਦਾ ਪ੍ਰਭਾਵ ਪਤਾ ਕਰਨਾ ਹੁੰਦਾ ਸੀ।

ਉਹ ਲੰਮੇ ਸਮੇਂ ਤੋਂ ਸਪਾਂਸਰਡ ਅਤੇ ਕਮਰਸ਼ੀਅਲ ਸੈਕਸ਼ਨ ਦੇ ਇੰਚਾਰਜ ਚਲੇ ਆ ਰਹੇ ਹਨ।

ਦੂਰਦਰਸ਼ਨ ਕੇਂਦਰ ਜਲੰਧਰ, ਦੂਰਦਰਸ਼ਨ ਦੇ ਸਾਰੇ ਖੇਤਰੀ ਕੇਂਦਰਾਂ ਨਾਲੋਂ ਵੱਡਾ ਤੇ ਵਿਸ਼ਾਲ ਹੈ। ਇਹ ਕੇਂਦਰ ਕਈ ਮਹਾਂ-ਨਗਰਾਂ ਦੇ ਕੇਂਦਰਾਂ ਦਾ ਮੁਕਾਬਲਾ ਕਰਦਾ ਹੈ। ਇਸ ਕੇਂਦਰ ਦਾ ਡਾਇਰੈਕਟਰ ਜਾਂ ਪ੍ਰੋਗਰਾਮ ਮੁਖੀ ਹੋਣਾ ਆਪਣੇ ਆਪ ਵਿਚ ਬੜੇ ਮਾਣ ਵਾਲੀ ਗੱਲ ਹੈ।

ਬਤੌਰ ਪ੍ਰੋਗਰਾਮ ਮੁਖੀ ਸ਼੍ਰੀ ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਡੀ.ਡੀ. ਪੰਜਾਬੀ ਟੀ.ਆਰ.ਪੀ. ਪੱਖੋਂ ਹਰੇਕ ਹਫਤੇ ਪਹਿਲੇ ਜਾਂ ਦੂਸਰੇ ਸਥਾਨ 'ਤੇ ਰਹਿੰਦਾ ਹੈ। ਪੰਜਾਬੀ ਚੈਨਲਾਂ ਵਿਚੋਂ ਅਤੇ ਦੂਰਦਰਸ਼ਨ ਦੇ ਖੇਤਰੀ ਚੈਨਲਾਂ ਵਿਚੋਂ।

ਵੈਸੇ ਇਸਦਾ ਨਿੱਜੀ ਪੰਜਾਬੀ ਚੈਨਲਾਂ ਨਾਲ ਕੋਈ ਮੁਕਾਬਲਾ ਨਹੀਂ ਹੈ। ਇਹ ਲੋਕ ਪ੍ਰਸਾਰਨ ਸੇਵਾ ਹੈ। ਇਸਦਾ ਆਪਣਾ ਏਜੰਡਾ ਹੈ। ਇਹ ਲੋਕਾਂ ਦਾ ਹੈ, ਲੋਕਾਂ ਲਈ ਹੈ। ਨਿੱਜੀ ਪੰਜਾਬੀ ਚੈਨਲਾਂ ਦੀਆਂ ਆਪਣੀਆਂ ਤਰਜੀਹਾਂ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਡੀ.ਡੀ. ਪੰਜਾਬੀ ਦੇ ਪ੍ਰੋਗਰਾਮ ਸਿੱਖਿਆ, ਸੂਚਨਾ ਤੇ ਮਨੋਰੰਜਨ ਨੂੰ ਮੱਦੇਨਜ਼ਰ ਰੱਖ ਕੇ ਤਿਆਰ ਕੀਤੇ ਜਾਂਦੇ ਹਨ। ਹਰ ਰੋਜ਼, ਹਰੇਕ ਹਫ਼ਤੇ ਦਰਸ਼ਕਾਂ ਦੇ ਹੁੰਗਾਰੇ ਅਨੁਸਾਰ ਪ੍ਰੋਗਰਾਮਾਂ ਦਾ ਰੀਵਿਊ ਕੀਤਾ ਜਾਂਦਾ ਹੈ। ਦਰਸ਼ਕਾਂ ਦੀਆਂ ਮੰਗਾਂ-ਉਮੰਗਾਂ ਮੁਤਾਬਕ ਪ੍ਰੋਗਰਾਮਾਂ ਵਿਚ ਅਦਲ-ਬਦਲ ਕੀਤੇ ਜਾਂਦੇ ਹਨ।


ਪ੍ਰੋਗਰਾਮ ਮੁਖੀ ਸ਼੍ਰੀ ਗੁਰਵਿੰਦਰ ਸਿੰਘ ਕੋਲ ਭਾਂਤ-ਭਾਂਤ ਦੇ ਪ੍ਰੋਗਰਾਮਾਂ ਦਾ ਲੰਮਾ ਤਜ਼ਰਬਾ ਹੈ। ਉਮੀਦ ਕਰਦੇ ਹਾਂ ਉਹ ਡੀ.ਡੀ. ਪੰਜਾਬੀ ਦੀ ਪੰਜਾਬੀ ਸੱਭਿਆਚਾਰ, ਪੰਜਾਬੀ ਭਾਸ਼ਾ, ਸਾਹਿਤ, ਸੰਗੀਤ, ਕਲਾ, ਖੇਤੀਬਾੜੀ ਪ੍ਰਤੀ ਪ੍ਰਤੀਬੱਧਤਾ ਨੂੰ ਸੰਜੀਦਗੀ ਨਾਲ ਸਮਝਦੇ ਹੋਏ, ਚੈਨਲ ਨੂੰ ਹੋਰ ਬੁਲੰਦੀਆਂ ਵੱਲ ਲੈ ਕੇ ਜਾਣਗੇ।


ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਹੁਣ ਤੱਕ ਏ.ਐੱਸ. ਤਾਤਾਰੀ ਬੀ.ਏ.ਭੱਟ, ਐੱਨ.ਐੱਸ. ਰਾਵਤ, ਐੱਮ.ਐੱਲ. ਪੰਡਿਤ, ਐੱਮ.ਜੀ. ਗੌਤਮ, ਸਿਰਾਜ ਕੁਰੈਸ਼ੀ, ਅਸ਼ੋਕ ਜਲੇਖਾਨੀ, ਐੱਫ. ਸ਼ਹਰਯਾਰ, ਗੋਵਰਧਨ ਸ਼ਰਮਾ, ਐੱਸ.ਐੱਸ. ਰਹਿਮਾਨ, ਡਾ. ਦਲਜੀਤ ਸਿੰਘ, ਡਾ. ਓਮ ਗੌਰੀ ਦੱਤ ਸ਼ਰਮਾ, ਅਨੂਪ ਖਜੂਰੀਆ, ਕੇਵਲ ਕ੍ਰਿਸ਼ਨ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਚੁੱਕੇ ਹਨ। ਇਸ ਅਮਰੀ ਪ੍ਰੰਪਰਾ ਦੀ ਵਾਗਡੋਰ ਹੁਣ ਸ਼੍ਰੀ ਗੁਰਵਿੰਦਰ ਸਿੰਘ ਨੂੰ ਸੌਂਪੀ ਗਈ ਹੈ।

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਕਮਲਜੀਤ ਸਿੰਘ ਬਨਵੈਤ ਦੀ ਪੁਸਤਕ 'ਇਹ ਮਾਂ ਵਿਕਾਊ ਹੈ' ਪੰਜਾਬ ਦੀਆਂ ਗੰਭੀਰ ਸਥਿਤੀਆਂ ਦਾ ਪ੍ਰਗਟਾਵਾ




**100 ਪੰਨਿਆਂ, 200 ਰੁਪਏ ਕੀਮਤ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ। ਸੰਪਰਕ ਕਮਲਜੀਤ ਸਿੰਘ ਬਨਵੈਤ : 9814734035**

ਕਮਲਜੀਤ ਸਿੰਘ ਬਨਵੈਤ ਪੰਜਾਬੀ ਪੱਤਰਕਾਰੀ ਵਿਚ ਜਾਣਿਆਂ ਪਛਾਣਿਆਂ ਨਾਂ ਹੈ। ਹੁਣ ਤੱਕ ਉਸਦੀਆਂ 15 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਦਸ ਨਿਬੰਧ-ਸੰਗ੍ਰਹਿ, ਦੋ ਕਹਾਣੀ-ਸੰਗ੍ਰਹਿ ਅਤੇ ਇੱਕ ਹਿੰਦੀ ਦੀ ਪੁਸਤਕ ਸ਼ਾਮਲ ਹੈ। ਉਹ ਭਾਵੇਂ ਇੱਕ ਟੀ.ਵੀ.ਤੇ ਅਖ਼ਬਾਰ ਦਾ ਰੈਜੀਡੈਂਟ ਐਡੀਟਰ ਹੈ, ਪੰਜਾਬੀ ਟ੍ਰਿਬਿਊਨ ਵਿਚ ਪੱਤਰਕਾਰੀ ਕਰਨ ਤੋਂ ਬਾਅਦ ਕਾਲਮ ਨਵੀਸੀ ਕਰਦਾ ਹੈ। ਘੱਟ ਗਿਣਤੀ ਕਮਿਸ਼ਨ ਦੇ ਬੋਰਡ ਦਾ ਸਲਾਹਕਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇੱਕ ਬੋਰਡ ਦਾ ਸਲਾਹਕਾਰ ਅਤੇ ਬਾਹਰਾ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਆਫ਼ ਪ੍ਰੈਕਟਿਸ ਹੈ, ਪ੍ਰੰਤੂ ਹੈਰਾਨੀ ਇਸ ਗੱਲ ਦੀ ਹੈ ਕਿ ਉਹ ਐਨੇ ਥਾਂ ਜ਼ਿੰਮੇਵਾਰੀ ਕਿਵੇਂ ਨਿਭਾਉਂਦਾ ਹੋਵੇਗਾ? ਉਹ ਤਾਂ ਪੰਜਾਬੀ ਟ੍ਰਿਬਿਊਨ ਦੀ ਪੱਤਰਕਾਰੀ ਦੀ ਪੱਕੀ ਨੌਕਰੀ ਤੋਂ ਵੀ ਜ਼ਿਆਦਾ ਰੁਝੇਵਿਆਂ ਵਿਚ ਪੈ ਗਿਆ, ਜਦੋਂ ਕਿ ਸੇਵਾਮੁਕਤੀ ਤੋਂ ਬਾਅਦ ਤਾਂ ਆਰਾਮ ਦੀ ਜ਼ਿੰਦਗੀ ਦਾ ਲੁਤਫ਼ ਲੈਣਾ ਬਣਦਾ ਹੈ। ਚਲੋ ਇਹ ਉਸਦਾ ਨਿੱਜੀ ਫ਼ੈਸਲਾ ਹੈ। ਇਸ ਪੁਸਤਕ ਵਿਚ ਉਸਦੇ ਵੱਖ-ਵੱਖ ਭਖਦੇ ਮੁੱਦਿਆਂ 'ਤੇ ਲਿਖੇ ਹੋਏ 22 ਛੋਟੇ-ਛੋਟੇ ਲੇਖ ਹਨ, ਜੋ ਅਖ਼ਬਾਰਾਂ ਵਿਚ ਮਿਡਲ ਦੇ ਤੌਰ 'ਤੇ ਪ੍ਰਕਾਸ਼ਤ ਹੁੰਦੇ ਰਹੇ ਹਨ। ਇੱਕ ਲੇਖ ਵਿਚ ਹੀ ਕਈ ਨੁਕਤੇ ਸਾਂਝੇ ਕਰ ਲੈਂਦਾ ਹੈ। ਇੱਕ ਲੇਖ ਦੋ ਵਾਰ ਛਪ ਗਿਆ ਹੈ। ਲਗਪਗ ਸਾਰੇ ਲੇਖ ਉਸਦੇ ਆਪਣੇ ਪਿੰਡ ਉੜਾਪੜ ਅਤੇ ਚੰਡੀਗੜ੍ਹ-ਮੁਹਾਲੀ ਵਿਚ ਵਾਪਰੀਆਂ ਘਟਨਾਵਾਂ, ਜਿਨ੍ਹਾਂ ਦਾ ਉਸਨੂੰ ਨਿੱਜੀ ਤਜ਼ਰਬਾ ਹੈ। ਨਿੱਜੀ ਛੋਹ ਦੇਣ ਨਾਲ ਲੇਖ ਪੜ੍ਹਨ ਦੀ ਉਤਸੁਕਤਾ ਵੱਧ ਜਾਂਦੀ ਹੈ, ਪ੍ਰੰਤੂ ਇਨ੍ਹਾਂ ਲੇਖਾਂ ਵਿਚ ਲੋਕਾਈ ਦੇ ਹਿੱਤਾਂ ਦੇ ਪਹਿਰੇਦਾਰ ਬਣਦੇ ਹਨ। ਜਿਸ ਕਰਕੇ ਇਹ ਨਿੱਜੀ ਤੋਂ ਲੋਕਾਈ ਦੇ ਹੋ ਗਏ ਹਨ। ਇਹ ਲੇਖ ਪਹਿਲਾਂ ਵੱਖ-ਵੱਖ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੋ ਚੁੱਕੇ ਹਨ। ਉਸਦੀ ਕਮਾਲ ਹੈ ਕਿ ਜਦੋਂ ਵੀ ਕਿਸੇ ਸਿਆਸੀ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਸਰਗਰਮੀ ਦਾ ਉਸਨੂੰ ਪਤਾ ਲੱਗਦਾ ਹੈ, ਉਹ ਤੁਰੰਤ ਉਸੇ ਦਿਨ ਉਸ ਉਪਰ ਲੇਖ ਲਿਖ ਦਿੰਦਾ ਹੈ, ਜਿਹੜਾ ਅਗਲੇ ਦਿਨ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੋਇਆ ਹੁੰਦਾ ਹੈ। ਉਹ ਹਰ ਲੇਖ ਬਹੁਤ ਹੀ ਬੇਬਾਕੀ ਨਾਲ ਲਿਖਦਾ ਹੈ, ਵਿੰਗ ਵਲੇਵੇਂ ਪਾ ਕੇ ਤੁਣਕੇ ਨਹੀਂ ਮਾਰਦਾ, ਸਗੋਂ ਸਿੱਧਾ ਹੋ ਜਾਂਦਾ ਹੈ, ਭਾਵੇਂ ਕਿਸੇ ਦੇ ਗੋਡੇ ਤੇ ਭਾਵੇਂ ਗਿੱਟੇ ਲੱਗੇ। ਉਸਦੀਆਂ ਪੁਸਤਕਾਂ ਅਤੇ ਲੇਖਾਂ ਦੇ ਨਾਮ ਵੀ ਅਜ਼ੀਬ ਅਤੇ ਦਿਲਚਸਪ ਹੁੰਦੇ ਹਨ, ਜਿਨ੍ਹਾਂ ਨੂੰ ਪੜ੍ਹਕੇ ਪੂਰੀ ਪੁਸਤਕ/ਲੇਖ ਪੜ੍ਹਨ ਦਾ ਪਾਠਕ ਵਿਚ ਉਤਸ਼ਾਹ ਪੈਦਾ ਹੋ ਜਾਂਦਾ ਹੈ। ਇਸ ਪੁਸਤਕ ਦੇ ਨਾਮ ਵਾਲਾ ਪਹਿਲਾ ਹੀ ਲੇਖ 'ਇਹ ਮਾਂ ਵਿਕਾਊ ਹੈ', ਇਸਦੇ ਸਿਰਲੇਖ ਤੋਂ ਭੁਲੇਖਾ ਕੁਝ ਹੋਰ ਪੈਂਦਾ ਹੈ, ਪ੍ਰੰਤੂ ਇਹ ਵਰਤਮਾਨ ਆਮ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਰਕਾਰੀ ਜ਼ਮੀਨਾਂ ਨੂੰ ਵੇਚਣ ਨੂੰ ਹੀ 'ਇਹ ਮਾਂ ਵਿਕਾਊ ਹੈ' ਕਹਿੰਦਾ ਹੈ, ਕਿਉਂਕਿ ਸਾਡੇ ਸੱਭਿਆਚਾਰ ਵਿਚ ਜ਼ਮੀਨ ਨੂੰ ਮਾਂ ਦਾ ਦਰਜਾ ਦਿੱਤਾ ਜਾਂਦਾ ਹੈ। ਇਸ ਲੇਖ ਵਿਚ ਬੜੀ ਧੜੱਲੇਦਾਰੀ ਨਾਲ ਉਸ ਵੱਲੋਂ ਸਰਕਾਰ ਬਣਾਉਣ ਲਈ ਕੀਤੇ ਵਾਅਦਿਆਂ ਦੇ ਵਫ਼ਾ ਨਾ ਹੋਣ ਕਰਕੇ ਲਾਅਣਤਾਂ ਪਾਉਂਦਾ ਹੈ। ਸਰਕਾਰੀ ਜ਼ਮੀਨਾਂ ਵੇਚਣ ਨੂੰ ਆਪਣੀ ਮਾਂ ਵੇਚਣ ਦਾ ਨਾਮ ਦਿੰਦਾ ਹੈ। ਡਾਕਟਰਾਂ ਸੰਬੰਧੀ ਤਿੰਨ ਲੇਖ ਹਨ, ਜਿਵੇਂ 'ਰੱਬ ਦਾ ਦੂਜਾ ਰੂਪ' ਡਾਕਟਰਾਂ ਦੀ ਅਣਗਹਿਲੀ ਅਤੇ ਸਿਆਣਪ ਦੇ ਨਿੱਜੀ ਤਜ਼ਰਬੇ ਨਾਲ ਜਾਣਕਾਰੀ ਦਿੰਦਾ ਹੈ। 'ਰੈਪੂਟੇਸ਼ਨ' ਵਿਚ ਦੱਸਿਆ ਗਿਆ ਹੈ ਕਿ ਪੁਰਾਣੇ ਜ਼ਮਾਨੇ ਵਿਚ ਹਰ ਬਿਮਾਰੀ ਦਾ ਦੇਸੀ ਇਲਾਜ ਸੀ, ਹੁਣ ਆਹ ਨਵੀਂਆਂ ਬਿਮਾਰੀਆਂ ਕੈਂਸਰ ਤੇ ਏਡਜ਼ ਆ ਗਈਆਂ। ਹਸਪਤਾਲ ਮਰੀਜ਼ ਦੀ ਮੌਤ ਤੋਂ ਬਾਅਦ ਆਪਣੇ ਰੈਪੂਟੇਸ਼ਨ ਨੂੰ ਬਰਕਰਾਰ ਰੱਖਣ ਲਈ ਦਿਨ ਦੀ ਥਾਂ ਰਾਤ ਨੂੰ ਮਰੀਜ਼ ਦੀ ਲਾਸ਼ ਭੇਜਦੇ ਹਨ। 'ਡਾਕਟਰ ਨੇ ਟੁੱਟੇ ਹੱਥ ਨਾਲ ਕੀਤਾ ਅਪ੍ਰੇਸ਼ਨ' ਡਾਕਟਰ ਵੱਲੋਂ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਮਰੀਜ਼ ਦੀ ਜਾਣ ਖੁਦ ਇੱਕ ਹੱਥ ਦੇ ਟੁੱਟੇ ਹੋਣ ਦੇ ਬਾਵਜੂਦ ਕਰਦਾ ਹੈ। 'ਦੋ ਡੰਗ ਦਾ ਇੱਜ਼ਤ ਦਾ ਟੁੱਕ' ਢਾਬਿਆਂ ਅਤੇ ਮਹਿੰਗੇ ਹੋਟਲਾਂ ਵਿਚ ਪਰਿਵਾਰ ਪਾਲਣ ਲਈ ਕੰਮ ਕਰਨ ਵਾਲੀਆਂ ਉਨ੍ਹਾਂ ਲੜਕੀਆਂ ਦੀ ਪ੍ਰਸ਼ੰਸਾ ਕਰਦਾ ਹੈ, ਜਿਹੜੀਆਂ ਇੱਜ਼ਤ ਨੂੰ ਪਹਿਲ ਦਿੰਦੀਆਂ ਹਨ। ਪਰਿਵਾਰ ਪਾਲਣ ਲਈ ਇੱਜ਼ਤ ਨੂੰ ਦਾਅ 'ਤੇ ਨਹੀਂ ਲਗਾਉਂਦੀਆਂ। 'ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ' ਵਿਚ ਲਿਖਿਆ ਹੈ ਕਿ ਪਰਵਾਸ ਦੇ ਸੰਤਾਪ ਦੌਰਾਨ ਵੀ ਪ੍ਰਵਾਸੀ ਆਪਣੀ ਵਿਰਾਸਤ ਨੂੰ ਬਰਕਰਾਰ ਰੱਖਣਾ ਚਾਹੁੰਦੇ ਹੋਏ, ਰੁੱਖ ਲਗਾਕੇ ਵਾਤਾਵਰਨ ਦੀ ਸੰਭਾਲ ਦੀ ਚੇਸ਼ਟਾ ਵੀ ਪਿੱਛੇ ਰਹਿ ਗਏ ਮਾਪੇ ਕਰਦੇ ਹਨ। 'ਖੁੰਡੀ ਕੁਹਾੜੀ ਦੇ ਫੱਟ' ਲੇਖ ਵਿਚ ਵਹਿਮ ਭਰਮਾਂ ਦਾ ਜਾਲ਼, ਔਰਤ ਦੀ ਲੜਕੇ ਪੈਦਾ ਕਰਨ ਦੀ ਮਰਦਾਂ ਅੱਗੇ ਬੇਬਸੀ ਅਤੇ ਭਰੂਣ ਹੱਤਿਆ ਦੀ ਪ੍ਰਵਿਰਤੀ ਦਾ ਪ੍ਰਗਟਾਵਾ ਕਰਦਾ ਹੈ, ਪ੍ਰੰਤੂ ਇਸਦੇ ਨਾਲ ਹੀ ਅਮੀਰ ਮਾਂ ਬਾਪ ਦੇ ਬੱਚੇ ਨਸ਼ਿਆਂ, ਫ਼ਜ਼ੂਲ ਖ਼ਰਚੀ ਕਰਕੇ ਵਿਗੜ ਜਾਂਦੇ ਹਨ। 'ਸਾਹਾਂ 'ਚ ਵਸਦੇ ਮੇਰੇ ਬੇਬੇ ਬਾਪੂ' ਲੇਖ ਵਿਚ ਦੱਸਿਆ ਗਿਆ ਹੈ ਕਿ ਆਪਣੇ ਬੱਚਿਆਂ ਦੀ ਬਿਹਤਰੀਨ ਪਾਲਣ ਪੋਸ਼ਣ ਉਨ੍ਹਾਂ ਨੂੰ ਸਭਿਅਕ ਬਣਾਉਣ ਵਿਚ ਵੱਡਾ ਯੋਗਦਾਨ ਪਾਉਂਦੀ ਹੈ। ਜਿਹੜੇ ਮਾਪੇ ਬੱਚਿਆਂ ਨੂੰ ਲਾਡ ਪਿਆਰ ਨਾਲ ਵਿਗਾੜ ਲੈਂਦੇ ਹਨ? ਉਨ੍ਹਾਂ ਨੂੰ ਇੱਕ ਦਿਨ ਭੁਗਤਣਾ ਪੈਂਦਾ ਹੈ। 'ਮਰੀ ਜ਼ਮੀਰ ਨਾਲ ਜਿਉਣ ਖੁਣੋਂ' ਵਿਚ ਜੁਡੀਸ਼ਰੀ ਵਿਚ ਵੀ ਸੀਨੀਅਰ ਜੱਜ ਜੂਨੀਅਰ ਅਧਿਕਾਰੀਆਂ ਨੂੰ ਸਿਫ਼ਾਰਸ਼ ਕਰਕੇ ਗ਼ਲਤ ਫ਼ੈਸਲੇ ਕਰਵਾਉਂਦੇ ਹਨ, ਜਿਸ ਕਰਕੇ ਲੋਕਾਂ ਨੂੰ ਇਨਸਾਫ਼ ਨਹੀਂ ਮਿਲਦਾ। ਇਸ ਲੇਖ ਵਿਚ ਇੱਕ ਜੂਨੀਅਰ ਜੂਡੀਸ਼ੀਅਲ ਅਧਿਕਾਰੀ ਅਜਿਹੀ 'ਮਰੀ ਜ਼ਮੀਰ ਨਾਲ ਜਿਉਣ ਖੁਣੋਂ' ਦਬੰਗਤਾ ਨਾਲ ਅਸਤੀਫ਼ਾ ਦਿੰਦੀ ਹੈ। ਸੀਨੀਅਰ ਅਧਿਕਾਰੀ ਲੋਕਾਂ ਨੂੰ ਇਨਸਾਫ਼ ਦੇਣ ਦੇ ਭਾਸ਼ਣ ਦਿੰਦੇ ਵੀ ਸ਼ਰਮ ਮਹਿਸੂਸ ਨਹੀਂ ਕਰਦੇ। 'ਗੇੜੇ 'ਤੇ ਗੇੜਾ' ਲੇਖ ਵਿਚ ਸਰਕਾਰੀ ਦਫ਼ਤਰਾਂ ਵਿਚ ਭ੍ਰਿਸ਼ਟਾਚਾਰ ਤੇ ਲੋਕਾਂ ਦੀ ਖੱਜਲਖੁਆਰੀ ਦਾ ਵਰਣਨ ਕਰਦਾ ਹੈ। 'ਜੁੜੇ ਹੋਏ ਹੱਥ' ਵਿਚ ਦਸਵੰਦ ਤੇ ਦਾਨ ਪੁੰਨ ਕਰਨ ਦੀ ਸਿੱਖ ਸਮੁਦਾਇ ਦੀ ਪ੍ਰਵਿਰਤੀ, ਪ੍ਰੰਤੂ ਭਿਖਾਰੀ ਲੋਕਾਂ ਦੀ ਨਾਟਕੀਅਤਾ ਬਾਰੇ ਵੀ ਦੱਸਿਆ ਗਿਆ ਹੈ ਕਿ ਉਹ ਭੀਖ ਮੰਗਣ ਲਈ ਕਈ ਗ਼ਲਤ ਢੰਗ ਵਰਤ ਲੈਂਦੇ ਹਨ। 'ਜੀਭ ਦਾ ਸੁਆਦ' ਲੇਖ ਵਿਚ ਨੌਜਵਾਨ ਪੀੜ੍ਹੀ ਸਸਤੀਆਂ ਖਾਣ-ਪੀਣ ਵਾਲੀਆਂ ਚੀਜ਼ਾਂ ਆਪਣੇ ਸਵਾਦ ਲਈ ਖਾਂਦੇ ਹਨ, ਪ੍ਰੰਤੂ ਰੇਹੜੀਆਂ ਵਾਲੇ ਉਨ੍ਹਾਂ ਨੂੰ ਤਿਆਰ ਕਰਨ ਲਈ ਪ੍ਰਦੂਸ਼ਤ ਪਾਣੀ ਅਤੇ ਹੋਰ ਚੀਜ਼ਾਂ ਪਾ ਕੇ ਵੇਚਦੇ ਹਨ, ਜਿਸ ਕਰਕੇ ਇਨਸਾਨੀ ਸਿਹਤ ਦਾ ਨੁਕਸਾਨ ਹੁੰਦਾ ਹੈ। 'ਰੱਜੀਆਂ ਰੂਹਾਂ' ਵਿਚ ਸਬਰ ਸੰਤੋਖ ਰੱਖਣ ਨਾਲ ਬਰਕਤ ਹੁੰਦੀ ਹੈ, ਪ੍ਰੰਤੂ ਕੁਝ ਲੋਕ ਧੋਖੇ ਅਤੇ ਫ਼ਰੇਬ ਕਰਕੇ ਪੈਸੇ ਕਮਾਉਂਦੇ ਹਨ। ਪੰਜਾਬੀਆਂ ਨੂੰ ਰੱਜੀਆਂ ਰੂਹਾਂ ਵਾਲੇ ਕਿਹਾ ਹੈ। 'ਤਨਖ਼ਾਹੀਆ' ਲੇਖ ਲੇਖਕ ਨੇ ਆਪਣੇ ਪੱਤਰਕਾਰੀ ਭਾਈਚਾਰੇ ਬਾਰੇ ਲਿਖਿਆ ਹੈ, ਜਿਸ ਵਿਚ ਅਖ਼ਬਾਰਾਂ ਦੇ ਮਾਲਕਾਂ ਵੱਲੋਂ ਪੱਤਰਕਾਰਾਂ ਤੋਂ ਗ਼ਲਤ ਕੰਮ ਖੁਦ ਕਰਵਾਉਣ ਦਾ ਜ਼ਿਕਰ ਹੈ, ਕਿਉਂਕਿ ਉਨ੍ਹਾਂ ਸਟਿੰਗਰਾਂ ਨੂੰ ਆਪਣੀ ਕਮਾਈ ਆਪ ਕਰਨ ਲਈ ਕਿਹਾ ਜਾਂਦਾ ਹੈ। 'ਮਿੱਠੀ ਜੇਲ੍ਹ' ਵਿਚ ਪਿੰਡਾਂ ਦੇ ਬਜ਼ੁਰਗ ਸ਼ਹਿਰੀ ਜ਼ਿੰਦਗੀ ਨੂੰ ਮਿੱਠੀ ਜੇਲ੍ਹ ਸਮਝਦੇ ਹਨ। ਇਸੇ ਤਰ੍ਹਾਂ ਪਰਵਾਸ ਦਾ ਸੰਤਾਪ ਹੈ, ਮਾਪੇ ਪਿੱਛੇ ਰੁਲਦੇ ਰਹਿੰਦੇ ਹਨ। 'ਦੁਆ ਤੇ ਦਾਰੂ ਨਾਲ-ਨਾਲ' ਲੇਖ ਵਿਚ ਫ਼ੌਜੀ ਆਪਣੇ ਬੱਚਿਆਂ ਨੂੰ ਅਨੁਸ਼ਾਸ਼ਨ ਦੇ ਨਾਂ 'ਤੇ ਸਖ਼ਤੀ ਵਰਤਦੇ ਹਨ ਤੇ ਫਿਰ ਬੱਚੇ ਗ਼ਲਤ ਨਸ਼ੇ ਦੇ ਰਸਤੇ ਪੈ ਜਾਂਦੇ ਹਨ। ਅਖ਼ੀਰ ਸੁਧਾਰੇ ਵੀ ਜਾ ਸਕਦੇ ਹਨ, ਵਿਖਾਇਆ ਗਿਆ ਹੈ ਤੇ ਚਰਨ ਲੋਕ ਸੇਵਕ ਡਾਕਟਰ ਬਣ ਜਾਂਦਾ ਹੈ। 'ਇੱਕ ਸ਼ਾਮ ਅਮਰ ਪਾਪਾ ਦੇ ਨਾਮ' ਲੇਖ ਵਿਚ ਲੋਕ ਭਲਾਈ ਦੀ ਪ੍ਰਸ਼ੰਸਾ ਕੀਤੀ ਗਈ ਹੈ। 'ਕੋਧਰੇ ਦੀ ਰੋਟੀ' ਲੇਖ ਵਿਚ ਪਰਿਵਾਰ ਨਾਲ ਦੁਬਈ ਜਾ ਕੇ ਵੇਖਿਆ ਕਿ ਪੰਜਾਬੀ ਸੱਭਿਆਚਾਰ ਪੁਰਾਣੇ ਦੁਬਈ ਵਿਚ ਵੀ ਮੌਜੂਦ ਹੈ। ਜੇ ਇਹ ਸਾਮਾਨ ਦੁੱਬਈ ਤੋਂ ਹੀ ਖਰੀਦਣਾ ਸੀ, ਫਿਰ ਪੰਜਾਬ ਵਿਚ ਕੀ ਮਾੜਾ ਸੀ? 'ਜਦੋਂ ਰੂਹ ਵਿਚੋਂ ਝਰਨੇ ਫੁੱਟਣ ਲੱਗੇ' ਪਿੰਡਾਂ ਦੇ ਪੁਰਾਣੇ ਸੱਭਿਆਚਾਰ ਖ਼ਤਮ ਹੋਣ ਤੇ ਲੋਕਾਂ ਵਿਚ ਧੜੇਬੰਦੀ ਹੋਣ ਨਾਲ ਮਿਠਾਸ ਖ਼ਤਮ ਹੁੰਦੀ ਜਾ ਰਹੀ ਹੈ। 'ਨੋ ਫਾਇਰਿੰਗ' ਦੇਸ਼ ਦੀਆਂ ਸਰਹੱਦਾਂ 'ਤੇ ਇੱਕ ਫ਼ੌਜੀ ਕਰਨਲ ਮਨਜੀਤ ਸਿੰਘ ਢਿੱਲੋਂ ਦੀ ਫ਼ਿਰਾਕਦਿਲੀ ਦਾ ਵਰਣਨ ਤੇ ਦੋਹਾਂ ਦੇਸ਼ਾਂ ਵਿਚ ਸ਼ਾਂਤੀ ਦੇ ਦਿਨਾਂ ਵਿਚ ਸਹਿਯੋਗ ਬਾਰੇ ਦੱਸਿਆ ਗਿਆ ਹੈ। 'ਸਾਮਰਾਜਵਾਦ' ਸਿਰਲੇਖ ਵਾਲੇ ਲੇਖ ਵਿਚ ਅੱਜਕੱਲ੍ਹ ਦੀ ਨਵੀਂ ਪੀੜ੍ਹੀ ਵਿਚ ਬੱਚੇ ਨਾ ਪੈਦਾ ਕਰਨ ਨੂੰ ਸਾਮਰਾਜਵਾਦ ਕਿਹਾ ਗਿਆ, ਜਿਸਨੂੰ ਲੇਖਕ ਸਹੀ ਨਹੀਂ ਸਮਝਦਾ, ਕਿਉਂਕਿ ਸਮਾਜ ਲਈ ਹਾਨੀਕਾਰਕ ਹੈ। 'ਸਾਬਕਾ ਰਾਸ਼ਟਰਪਤੀ ਨਾਲ ਮਿਲਣ ਦਾ ਇੰਝ ਸਬੱਬ ਬਣਿਆਂ' ਲੇਖ ਵਿਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਨੂੰ ਮਿਲਣ ਦੇ ਇਤਫਾਕ ਬਾਰੇ ਜਾਣਕਾਰੀ ਦਿੰਦਿਆਂ ਲਿਖਿਆ ਹੈ ਕਿ ਉਹ ਮੇਰੇ ਲੇਖਾਂ ਤੋਂ ਪ੍ਰਭਾਵਤ ਸਨ, ਇਸ ਕਰਕੇ ਚਾਹ 'ਤੇ ਬੁਲਾਇਆ ਸੀ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਕਮਲਜੀਤ ਸਿੰਘ ਬਨਵੈਤ ਹਲਕੇ-ਫੁਲਕੇ ਮਿਡਲ ਲਿਖਣ ਦਾ ਮਾਹਿਰ ਹੈ, ਜਿਨ੍ਹਾਂ ਨੂੰ ਪਾਠਕ ਦਿਲਚਸਪੀ ਨਾਲ ਪੜ੍ਹਦੇ ਹਨ।

# "ਕਲਮ ਦੀ ਤਾਕਤ"

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
ਪੰਜਾਬ ਮੇਲ USA



ਲਿਖਣ ਵਾਲਿਉ ਵੀਰੋ, ਸੂਝਵਾਨ ਲੋਕਾਂ ਦਾ ਮੰਨਣਾ ਹੈ ਕਿ ਕਲਮ ਦੀ ਤਾਕਤ ਗੋਲੀ ਤੋਂ ਵੱਧ ਹੁੰਦੀ ਹੈ। ਜੇ ਰੱਬ ਨੇ ਸਾਨੂੰ ਕਲਮ ਦਿੱਤੀ ਹੈ, ਤਾਂ ਆਉ ਇਸ ਨੂੰ ਇਤਫ਼ਾਕ ਅਤੇ ਭਾਈਚਾਰਕ ਸਾਂਝ ਪੈਦਾ ਕਰਨ ਵਾਸਤੇ ਵਰਤੀਏ। ਕਹਾਣੀ ਅਨੁਸਾਰ ਅੱਜ ਪਾਕਿਸਤਾਨ ਵਿਚ ਪਾਕਿ ਏਅਰ ਫੋਰਸ ਦਾ ਫਾਈਟਰ ਕਰੈਸ਼ ਹੋਇਆ, ਦੋਵੇਂ ਪਾਇਲਟਾਂ ਦੀ ਜਾਨ ਗਈ। ਦੋ ਦਿਨ ਪਹਿਲਾਂ ਅਸਾਮ ਵਿਚ ਭਾਰਤੀ ਏਅਰ ਫੋਰਸ ਦਾ ਵੀ ਪਲੇਨ ਕਰੈਸ਼ ਹੋਇਆ ਸੀ, ਜਿਸ ਵਿਚ ਇੱਕ ਪਾਇਲਟ ਸਮੇਤ ਪੰਜ ਜਵਾਨਾਂ ਨੇ ਜਾਨਾਂ ਗਵਾ ਦਿੱਤੀਆਂ। ਖ਼ਬਰ ਬਣਾਉਣ ਵਾਲੇ ਨੇ ਖ਼ਬਰ ਲਿਖੀ ਪੀ.ਏ.ਐੱਫ. ਦੇ ਕਰੈਸ਼ ਕਾਰਨ ਦੋਵੇਂ ਪਾਇਲਟਾਂ ਦੀ ਹੋਈ ਮੌਤ। ਦੋ ਦਿਨ ਪਹਿਲਾਂ ਸਾਡੇ ਏਅਰ ਫੋਰਸ ਦੇ ਪਲੇਨ ਕਰੈਸ਼ ਵਿਚ ਵੀ ਪਾਇਲਟ ਸਮੇਤ ਪੰਜ ਜਵਾਨ ਸ਼ਹੀਦ ਹੋਏ ਸਨ। ਹੁਣ ਇਸ ਖਬਰ ਨੂੰ ਠੰਢੇ ਮਨ ਨਾਲ ਵਿਚਾਰਿਆ ਜਾਵੇ, ਤਾਂ ਬਹੁਤ ਮਹੱਤਵਪੂਰਨ ਸਿੱਟੇ ਸਾਹਮਣੇ ਆਉਂਦੇ ਹਨ। ਚੰਗਾ ਪੱਤਰ ਪ੍ਰੇਰਕ ਇਸ ਖਬਰ ਨੂੰ ਬਣਾਉਣ ਵੇਲੇ ਇਸ ਖਬਰ ਨੂੰ ਪਾਕਿਸਤਾਨ ਦੀ ਖ਼ਬਰ ਤੱਕ ਹੀ ਮਹਿਦੂਦ ਰੱਖਦਾ, ਤਾਂ ਚੰਗਾ ਸੀ। ਦੋਵਾਂ ਪਾਇਲਟਾਂ ਦੀ ਮੌਤ ਹੋ ਗਈ ਜਾਂ ਮਾਰੇ ਗਏ ਲਿਖਿਆ ਵੀ ਗਲਤ ਨਹੀਂ ਸੀ ਮਹਿਸੂਸ ਹੋਣਾ। ਹੁਣ ਜਦ ਤੂੰ ਇੱਕ ਖਬਰ ਨੂੰ ਦੂਜੀ ਖਬਰ ਨਾਲ ਕੋਲੈਬ ਜਾਂ ਲਾਈਨ ਅੱਪ ਕਰ ਰਿਹਾ ਹੈ, ਤਾਂ ਭਾਸ਼ਾ ਵੀ ਸਾਂਝੀ ਵਰਤ, ਇਨ੍ਹਾਂ ਨੂੰ ਸਤਿਕਾਰ ਵਜੋਂ ਜਾਨਾਂ ਗੁਆ ਗਏ ਕਹਿ ਸਕਦਾ ਸੀ, ਇਸ ਨਾਲ ਜਾਨਾਂ ਗਵਾਉਣ ਵਾਲਿਆਂ ਨੂੰ ਕੋਈ ਫਰਕ ਨਹੀਂ ਸੀ ਪੈਣਾ, ਸਗੋਂ ਲਿਖਣ ਵਾਲੇ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲੱਗ ਜਾਣੇ ਸਨ। ਹਾਂ ਜੇ ਅੱਜ ਲੜਾਈ ਲੱਗੀ ਹੁੰਦੀ, ਤਾਂ ਭਾਵੇਂ ਇਸ ਤੋਂ ਭੱਦੀ ਸ਼ਬਦਾਵਲੀ ਵੀ ਵਰਤੀ ਜਾ ਸਕਦੀ ਸੀ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ ਹੋਣਾ ਪਰ ਹੁਣ ਜਦ ਸੁਖਾਵੇਂ ਹਾਲਾਤਾਂ ਵਿਚ ਦੋਵੇਂ ਥਾਂਈਂ ਕੁਦਰਤੀ ਹਾਦਸੇ ਹੋਏ ਹਨ, ਤਾਂ ਇਹੋ ਜਿਹੀਆਂ ਗੱਲਾਂ ਲਿਖਣ ਨਾਲ ਆਪਸੀ ਭਾਈਚਾਰੇ ਦੀਆਂ ਤਰੇੜਾਂ ਹੋਰ ਵਧਣਗੀਆਂ। ਜਦਕਿ ਦੋਵੇਂ ਦੇਸ਼ ਬਾਰੂਦ ਦੇ ਢੇਰ 'ਤੇ ਬੈਠੇ ਹਨ ਅਤੇ ਦੋਵੇਂ ਪਾਸੇ ਤੋਂ ਪਿਆਰ ਅਤੇ ਮਿਠਾਸ ਦੇ ਸੁਨੇਹੇ ਏਧਰ ਓਧਰ ਜਾਣ, ਤਾਂ ਜੋ ਬੇਲੋੜੀ ਕੁੜੱਤਣ ਤੋਂ ਬਚਿਆ ਜਾਵੇ। ਹਾਲਾਂਕਿ ਹੋ ਸਕਦਾ ਹੈ ਦੋਵਾਂ ਦੇਸ਼ਾਂ ਦੇ ਸਫੀਰਾਂ ਨੇ ਇੱਕ ਦੂਜੇ ਨੂੰ ਅਫਸੋਸ ਕੀਤਾ ਹੋਵੇ ਪਰ ਅਸੀਂ ਛੋਟੇ ਲੈਵਲ ਦੇ ਲਿਖਾਰੀ ਆਪਣੀ ਚੌਧਰ ਵਿਖਾਉਣ ਤੋਂ ਗ਼ੁਰੇਜ਼ ਨਹੀਂ ਕਰਦੇ, ਜੋ ਅੱਤ ਜ਼ਰੂਰੀ ਹੈ। ਆਜ਼ਾਦੀ ਦੇ ਅੱਸੀ ਸਾਲ ਬੀਤਣ ਬਾਅਦ ਵੀ ਅਸੀਂ ਇੱਕ ਦੂਜੇ ਨਾਲ ਲੜ-ਲੜ ਕੇ ਸਾਰਾ ਖਰਚਾ ਗੋਲੇ ਬਾਰੂਦ 'ਤੇ ਕਰ ਕੇ ਦੋਵੇਂ ਦੇਸ਼ਾਂ ਦੇ ਵਾਸੀਆਂ ਨੂੰ ਉਨ੍ਹਾਂ ਦੀਆਂ ਅਹਿਮ ਜ਼ਰੂਰਤਾਂ ਤੋਂ ਮਹਿਰੂਮ ਰੱਖਿਆ ਹੋਇਆ ਹੈ। ਅਜੇ ਦੋ ਹਫ਼ਤੇ ਨਹੀਂ ਹੋਏ ਸ੍ਰੀ ਚਮਕੌਰ ਸਾਹਿਬ ਵਿਖੇ ਇੱਕ ਉੱਚ ਕੋਟੀ ਦਾ ਸਮਾਜ ਸੇਵੀ ਪੰਜਾਬੀ ਵੀਰ ਸਵਰਨ ਸਿੰਘ ਭੰਗੂ ਇੱਕ ਉਸ ਨਾਲੇ ਵਿਚ ਡਿੱਗ ਕੇ ਜਾਨ ਗੁਆ ਬੈਠਾ, ਜਿਸ ਨਾਲੇ ਦੀਆਂ ਸਾਈਡਾਂ 'ਤੇ ਰੇਲਿੰਗ ਨਹੀਂ ਸੀ ਲੱਗੀ ਹੋਈ। ਸੱਚੇ ਮਨ ਨਾਲ ਸੋਚਿਆ ਜਾਵੇ, ਤਾਂ ਉਸ ਹਲਕੇ ਦੇ ਐੱਸ.ਡੀ.ਐੱਮ., ਬੀ.ਡੀ.ਪੀ.ਓ., ਜਾਂ ਐੱਮ.ਐੱਲ.ਏ. ਅਤੇ ਸੜਕੀ ਵਿਭਾਗ ਦੇ ਐੱਸ.ਡੀ.ਓ. /ਐਕਸ.ਈ.ਐੱਨ. 'ਤੇ ਵੀ ਕਤਲ ਦਾ ਪਰਚਾ ਦਰਜ਼ ਕਰਨਾ ਬਣਦਾ ਹੈ ਕਿ ਤੁਹਾਡੀ ਅਣਗਹਿਲੀ ਕਾਰਨ ਉਸ ਨੇਕ ਇਨਸਾਨ ਦੀ ਮੌਤ ਹੋ ਗਈ, ਜਦੋਂਕਿ ਏਨੇ ਅਹਿਮ ਅਤੇ ਜ਼ਰੂਰੀ ਇਨਸਾਨ ਦੀ ਜਾਨ ਜਾਣ ਉਪਰੰਤ ਵੀ ਉਹ ਪੁਲ ਉਵੇਂ ਦਾ ਉਵੇਂ ਹੀ ਪਿਆ ਹੈ ਅਤੇ ਮਹਿਕਮੇ ਦੇ ਕੰਨ 'ਤੇ ਜੂੰ ਨਹੀਂ ਸਰਕੀ। ਦੂਜੇ ਪਾਸੇ ਉਸ ਜਾਨ ਗੁਆਉਣ ਵਾਲੇ ਦੇ ਪਰਿਵਾਰ ਦੀ ਫਿਰਾਖਦਿਲੀ ਵੇਖੋ, ਉਨ੍ਹਾਂ ਨੇ ਆਪਣੇ ਪਰਿਵਾਰ ਦੇ ਬੇਸ਼ਕੀਮਤੀ ਮੈਂਬਰ ਦੀ ਮ੍ਰਿਤਕ ਦੇਹ ਦਾ ਸਸਕਾਰ ਨਹੀਂ ਕੀਤਾ ਅਤੇ ਉਸ ਦੀ ਦੇਹ ਮੈਡੀਕਲ ਕਾਲਜ ਨੂੰ ਦਾਨ ਕਰ ਦਿੱਤੀ ਹੈ। ਸੋ ਲੇਖਕ ਵੀਰੋ ਆਉ ਆਪਣੇ ਵੱਲੋਂ ਚੰਗਾ ਸਮਾਜ ਸਿਰਜਣ ਵਾਲੀ ਗੱਡੀ ਨੂੰ ਸੱਚੇ ਦਿਲੋਂ ਨੇਕ ਨੀਯਤ ਨਾਲ ਧੱਕਾ ਲਾਈਏ ਅਤੇ ਅਮਨ ਭਾਈਚਾਰੇ ਦੀਆਂ ਹਵਾਵਾਂ ਚੱਲਣ।

# ਸ਼ਹੀਦੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ



ਪੰਜਾਬ ਦੀ ਜਰਖੇਜ਼ ਭੂਮੀ ਦੇ ਜਾਏ ਯੋਧਿਆਂ ਨੇ ਹਮੇਸ਼ਾ ਹੀ ਜਬਰ-ਜ਼ੁਲਮ ਦਾ ਸਾਹਮਣਾ ਡੱਟ ਕੇ ਕੀਤਾ ਹੈ, ਜਿਸਦਾ ਕਾਰਣ ਇਥੋਂ ਦੇ ਪਾਣੀਆਂ ਵਿਚ ਗੁਰੂਆਂ, ਪੀਰਾਂ, ਫ਼ਕੀਰਾਂ, ਪੈਗੰਬਰਾਂ ਅਤੇ ਸਾਧੂ ਸੰਤਾਂ ਦਾ ਆਸ਼ੀਰਵਾਦ ਹੈ, ਜ਼ੋ ਜ਼ੁਲਮ ਦੀ ਹਕੂਮਤ ਅੱਗੇ ਆਪਣੀ ਆਵਾਜ਼ ਬੁਲੰਦ ਕਰਨ ਦਾ ਜਜ਼ਬਾ ਭਰਦਾ ਹੈ। ਇਤਿਹਾਸ ਗਵਾਹ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਦਸ ਗੁਰੂ ਸਾਹਿਬਾਨਾਂ ਨੇ ਆਪਣੀ ਤਮਾਮ ਆਯੂ ਗੁਰਾਂ ਦੀ ਬਾਣੀ ਅਤੇ ਹੱਕ, ਸੱਚ ਦਾ ਪੈਗਾਮ ਪੂਰੀ ਦੁਨੀਆਂ ਤੱਕ ਪਹੁੰਚਾਉਣ ਲਈ ਲਾ ਦਿੱਤੀ। ਉਨ੍ਹਾਂ ਦੇ ਰਾਹ ਵਿਚ ਈਰਖਾ, ਲਾਲਚ, ਝੂਠ, ਮੋਹ ਅਤੇ ਮਾਇਆ ਵਰਗੇ ਵਿਕਾਰ ਆਏ, ਜਿਨ੍ਹਾਂ ਨੇ ਉਨ੍ਹਾਂ ਨੂੰ ਰਸਤੇ ਤੋਂ ਭਟਕਾਉਣ ਦੀ ਤਮਾਮ ਕੋਸ਼ਿਸ਼ਾਂ ਕੀਤੀਆਂ ਪਰ ਸਫ਼ਲ ਨਹੀਂ ਹੋਈਆਂ। ਗੁਰਾਂ ਦਾ ਇਹ ਪੈਗ਼ਾਮ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਅੱਜ ਵੀ ਦੁਨੀਆਂ ਲਈ ਰਾਹ ਦਸੇਰਾ ਬਣਿਆ ਹੋਇਆ ਹੈ, ਜੋ ਜੁਗਾਂ-ਜੁਗਾਂ ਤੱਕ ਇਸੇ ਤਰ੍ਹਾਂ ਗਿਆਨ ਦੀ ਰੌਸ਼ਨੀ ਮਾਨਵਤਾ ਵਿਚ ਵੰਡਦਾ ਰਹੇਗਾ।

ਜਬਰ-ਜ਼ੁਲਮ ਦਾ ਸਾਹਮਣਾ ਕਰਨ ਦੇ ਦੋ ਤਰੀਕੇ ਹਨ, ਇੱਕ ਤਾਂ ਇੱਟ ਚੁੱਕਦੇ ਨੂੰ ਰੋੜਾ ਚੁੱਕਣਾ ਭਾਵ ਜਬਰ-ਜ਼ੁਲਮ ਦਾ ਸਾਹਮਣਾ ਗਰਮਜੋਸ਼ੀ ਨਾਲ ਕਰਨਾ, ਦੂਜਾ ਹੈ ਸਬਰ-ਸੰਤੋਖ ਅਤੇ ਵਾਹਿਗੁਰੂ ਦੇ ਭਾਣੇ ਵਿਚ ਰਹਿ ਕੇ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਬਰ-ਸੰਤੋਖ ਅਤੇ ਵਾਹਿਗੁਰੂ ਦਾ ਭਾਣਾ ਮੰਨਦੇ ਹੋਏ ਜਬਰ ਦਾ ਸਾਹਮਣਾ ਕਰਨ ਦੀ ਇੱਕ ਅਨੋਖੀ ਮਿਸਾਲ ਹੈ, ਜੋ ਦੁਨੀਆਂ ’ਤੇ ਹੋਰ ਕਿਧਰੇ ਨਹੀਂ ਮਿਲਦੀ। ਝੂਠੀਆਂ ਤੁਹਮਤਾਂ, ਈਰਖਾ ਅਤੇ ਹੰਕਾਰ ਦੇ ਚੱਕਰ ਵਿਚ ਗੁਰੂ ਜੀ ਨੂੰ ਸ਼ਹੀਦ ਕਰਨਾ ਅਸਹਿ ਹੈ, ਜਿਸਨੂੰ ਯਾਦ ਕਰਕੇ ਅੱਜ ਵੀ ਮਾਨਵਤਾ ਦੀ ਰੂਹ ਕੰਬ ਜਾਂਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਪਿਤਾ ਗੁਰੂ ਰਾਮਦਾਸ ਜੀ ਅਤੇ ਮਾਤਾ ਬੀਬੀ ਭਾਨੀ ਜੀ ਦੇ ਘਰ ਗੋਇੰਦਵਾਲ ਸਾਹਿਬ ਵਿਖੇ 15 ਅਪ੍ਰੈਲ 1563 ਵਿਚ ਹੋਇਆ। ਗੁਰੂ ਸਾਹਿਬ ਦੇ ਛੋਟੇ ਜਿਹੇ ਜੀਵਨ ਕਾਲ ਵਿਚ ਉਨ੍ਹਾਂ ਦੀ ਪ੍ਰਾਪਤੀ ਸਾਡੇ ਕਈ ਜਨਮਾਂ ਦੇ ਬਰਾਬਰ ਹੈ। ਉਨ੍ਹਾਂ ਨੇ ਨਾ ਕੇਵਲ ਚਾਰ ਗੁਰੂ ਸਾਹਿਬਾਨ ਦੀ ਬਾਣੀ ਨੂੰ ਇਕੱਤਰ ਕਰਕੇ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ ਪੂਰਾ ਕੀਤਾ, ਸਗੋਂ ਆਪ ਵੀ ਸੁਖਮਨੀ ਸਾਹਿਬ ਵਰਗੀ ਮਨ ਨੂੰ ਖੁਸ਼ੀ ਪ੍ਰਦਾਨ ਕਰਨ ਵਾਲੀ ਬਾਣੀ ਰਚ ਕੇ ਮਨੁੱਖਤਾ ਨੂੰ ਸਦੀਵੀਂ ਖੁਸ਼ੀ ਦੀ ਭਾਲ ਦਾ ਰਾਹ ਦਿਖਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਖਮਨੀ ਸਾਹਿਬ ਦੇ ਨਾਲ-ਨਾਲ ਬਾਰਾਂਮਾਹ, ਬਾਵਨ ਅੱਖਰੀ, ਮਾਰੂ ਡੱਖਣੇ ਅਤੇ ਵਾਰਾਂ ਸਮੇਤ ਸਭ ਤੋਂ ਜ਼ਿਆਦਾ ਕੁੱਲ 2312 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਸਵੰਧ ਅਤੇ ਮਸੰਦ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ। ਗੁਰੂ ਸਾਹਿਬ ਨੇ ਦੋ ਸਰੋਵਰ ਅੰਮ੍ਰਿਤਸਰ ਅਤੇ ਸੰਤੋਖਸਰ ਦੇ ਨਾਲ-ਨਾਲ ਬਿਆਸ ਦਰਿਆ ਦੇ ਕੰਢੇ ਹਰਗੋਬਿੰਦਪੁਰ, ਗੋਵਿੰਦਵਾਲ ਸਾਹਿਬ ਦੇ ਨੇੜੇ ਤਰਨਤਾਰਨ ਅਤੇ ਜਲੰਧਰ ਕੋਲ ਕਰਤਾਰਪੁਰ ਸਾਹਿਬ ਵਸਾਇਆ। ਗੁਰੂ ਸਾਹਿਬ ਸ਼ਾਂਤੀ ਦੇ ਪ੍ਰਤੀਕ ਸਨ ਪ੍ਰੰਤੂ ਇਸਦਾ ਮਤਲਬ ਇਹ ਨਹੀਂ ਕਿ ਉਹ ਜਬਰ ਦਾ ਸਾਹਮਣਾ ਕਰਨ ਤੋਂ ਡਰਦੇ ਸਨ। ਉਨ੍ਹਾਂ ਨੇ ਹਮੇਸ਼ਾ ਸੱਚ ਅਤੇ ਮਨੁੱਖਤਾ ਦਾ ਸਾਥ ਦਿੱਤਾ, ਜੋ ਮੁਗ਼ਲ ਬਾਦਸ਼ਾਹ ਜਹਾਂਗੀਰ, ਚੰਦੂ ਅਤੇ ਇਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਨੂੰ ਮੰਨਜ਼ੂਰ ਨਹੀਂ ਸਨ। ਗੁਰੂ ਸਾਹਿਬ ਦੀ ਸ਼ਹੀਦੀ ਦੇ ਕਾਰਣਾਂ ਵਿਚੋਂ ਸਭ ਤੋਂ ਵੱਡਾ ਕਾਰਣ ਤਾਂ ਇਹ ਸੀ ਕਿ ਗੁਰੂ ਸਾਹਿਬ ਦੀ ਲੋਕਾਂ ਵਿਚ ਹਰਮਨਪਿਆਰਤਾ ਬਹੁਤ ਵਧ ਰਹੀ ਸੀ, ਲੋਕ ਦੂਰੋਂ ਨੇੜਿਓਂ ਉਨ੍ਹਾਂ ਨਾਲ ਜੁੜ ਰਹੇ ਸਨ, ਜੋ ਮੁਗ਼ਲ ਬਾਦਸ਼ਾਹ ਜਹਾਂਗੀਰ ਨੂੰ ਚੁੱਭਦੀ ਸੀ। ਦੂਜਾ ਕਾਰਣ ਜਹਾਂਗੀਰ ਦੀ ਆਪਣੇ ਪੁੱਤਰ ਖ਼ੁਸਰੋ ਮਿਰਜ਼ਾ ਨਾਲ ਅਣਬਣ ਸੀ, ਜਿਸਨੂੰ ਗੁਰੂ ਸਾਹਿਬ ਨੇ ਆਸ਼ੀਰਵਾਦ ਦਿੱਤਾ ਸੀ ਅਤੇ ਤੀਜਾ ਕਾਰਣ ਸੀ ਇਸਲਾਮ ਨੂੰ ਮੰਨਜ਼ੂਰ ਨਾ ਕਰਨਾ। ਜਹਾਂਗੀਰ ਨੂੰ ਜਦੋਂ ਲੱਗਿਆ ਕਿ ਗੁਰੂ ਸਾਹਿਬ ਤਾਂ ਕਿਵੇਂ ਵੀ ਮੰਨ ਨਹੀਂ ਰਹੇ, ਨਾ ਲਾਲਚ ਨਾਲ, ਨਾ ਪਿਆਰ ਨਾਲ, ਤਾਂ ਉਦੋਂ ਉਸ ਨੇ ਜਬਰ ਦਾ ਸਹਾਰਾ ਲਿਆ। ਗੁਰੂ ਸਾਹਿਬ ਨੂੰ ਤੱਤੀ ਤਵੀ ’ਤੇ ਬਿਠਾ ਕੇ ਨੰਗੇ ਸਰੀਰ ’ਤੇ ਰੇਤ ਪਾਈ ਗਈ। ਜ਼ੁਲਮ ਸਹਿੰਦੇ ਹੋਏ ਵੀ ਗੁਰੂ ਸਾਹਿਬ ਦੇ ਚਿਹਰੇ ’ਤੇ ਨੂਰ ਸੀ ਤੇ ਉਹ ਤੇਰਾ ਭਾਣਾ ਮੀਠਾ ਲਾਗੇ ਦਾ ਵਚਨ ਫਰਮਾ ਰਹੇ ਸਨ। ਉਨ੍ਹਾਂ ਨੇ ਕੋਈ ਕਰਾਮਾਤ ਜਾਂ ਜਾਦੂ ਦਿਖਾਉਣ ਦੀ ਬਜਾਏ ਦਿੱਤੇ ਤਸੀਹਿਆਂ ਨੂੰ ਵਾਹਿਗੁਰੂ ਦਾ ਭਾਣਾ ਜਾਣ ਕੇ ਮੰਨਿਆ। ਅਸਹਿ ਦਰਦ ਨਾ ਸਹਾਰਦਿਆਂ ਗੁਰੂ ਸਾਹਿਬ 30 ਮਈ 1606 ਨੂੰ ਜੋਤਿ ਜੋਤਿ ਸਮਾ ਗਏ ਪ੍ਰੰਤੂ ਆਉਣ ਵਾਲੀਆਂ ਪੀੜ੍ਹੀਆਂ ਲਈ ਉਹ ਸੰਦੇਸ਼ ਜ਼ਰੂਰ ਦੇ ਕੇ ਗਏ ਕਿ ਇਹ ਮਨੁੱਖੀ ਜਾਮਾ ਅਨਮੋਲ ਹੈ, ਜ਼ਿੰਦਗੀ ਦੁੱਖਾਂ ਤੇ ਸੁੱਖਾਂ ਦਾ ਸੁਮੇਲ ਹੈ, ਜੇਕਰ ਅੱਜ ਦੁੱਖਾਂ ਦੀ ਰਾਤ ਹੈ, ਤਾਂ ਕੱਲ੍ਹ ਸੁੱਖਾਂ ਦੀ ਸੱਜਰੀ ਸਵੇਰ ਵੀ ਸਾਡੀਆਂ ਬਰੂਹਾਂ ’ਤੇ ਦਸਤਕ ਜ਼ਰੂਰ ਦੇਵੇਗੀ। ਜੋ ਵੀ ਹੋ ਰਿਹਾ ਹੈ, ਉਸ ਵਾਹਿਗੁਰੂ ਦੇ ਭਾਣੇ ਵਿਚ ਹੋ ਰਿਹਾ ਹੈ ਅਤੇ ਸਾਨੂੰ ਵਾਹਿਗੁਰੂ ਦੀ ਬਾਣੀ ਅਤੇ ਬਾਣੇ ਨਾਲ ਜੁੜ ਕੇ ਅਕਾਲ ਪੁਰਖ ਦਾ ਭਾਣਾ ਮੰਨਣਾ ਚਾਹੀਦਾ ਹੈ ਪਰੰਤੂ ਜਬਰ-ਜ਼ੁਲਮ ਖ਼ਿਲਾਫ਼ ਹਮੇਸ਼ਾ ਆਵਾਜ਼ ਬੁਲੰਦ ਕਰਦੇ ਰਹਿਣਾ ਚਾਹੀਦਾ ਹੈ। ਸ਼ਹੀਦੀ ਦਿਵਸ ’ਤੇ ਗੁਰੂ ਸਾਹਿਬ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ।

ਰਜਵਿੰਦਰ ਪਾਲ ਸ਼ਰਮਾ
ਬਠਿੰਡਾ
70873-67969
ਪੰਜਾਬ ਮੇਲ USA



# ਬਗੈਰ ਛੱਤ ਤੋਂ ਸੜਕ ਕਿਨਾਰੇ ਰਾਤਾਂ ਕੱਟ ਰਹੇ ਬੇਘਰ ਮਰੀਜ਼ ਦਾ ਸਹਾਰਾ ਬਣਿਆ ਸਰਾਭਾ ਆਸ਼ਰਮ

ਕੁੱਝ ਦਿਨਾਂ ਦੀ ਗੱਲ ਹੈ ਕਿ ਲੁਧਿਆਣਾ ਸ਼ਹਿਰ ਵਿਚ ਗਿੱਲ ਰੋਡ ’ਤੇ ਬਣੇ ਅਰੋੜਾ ਪੈਲੇਸ ਦੇ ਨਜ਼ਦੀਕ ਸ਼ਮਸ਼ਾਨ ਘਾਟ ਕੋਲ ਪੈਂਦੇ ਪਾਰਕ ਦੇ ਬਾਹਰ ਇੱਕ ਲਾਵਾਰਸ ਹਾਲਤ ਵਿਚ ਬਿਮਾਰ ਬਜ਼ੁਰਗ ਪਿਆ ਸੀ। ਉਸਦੇ ਪਾਏ ਮੈਲੇ-ਕੁਚੈਲੇ ਕੱਪੜੇ, ਕੰਬਦੇ ਹੱਥ, ਢਿੱਡੋਂ ਭੁੱਖਾ ਇੰਝ ਲੱਗਦਾ ਸੀ, ਜਿਵੇਂ ਮੌਤ ਨੂੰ ਉਡੀਕ ਰਿਹਾ ਹੋਵੇ।

ਆਪਣੀ ਡਿਊਟੀ ਕਰਨ ਜਾ ਰਹੇ ਗਗਨਜੋਤ ਸਿੰਘ ਨਾਮ ਦੇ ਵਿਅਕਤੀ ਨੇ ਇਸ ਬਜ਼ੁਰਗ ਨੂੰ ਦੇਖਿਆ। ਜਦੋਂ ਉਸਨੇ ਬਜ਼ੁਰਗ ਨਾਲ ਗੱਲਬਾਤ ਕੀਤੀ, ਤਾਂ ਉਸ ਬਜ਼ੁਰਗ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਬਜ਼ੁਰਗ ਨੇ ਦੱਸਿਆ ਕਿ ਮੇਰਾ ਨਾਂ ਕੇਵਲ ਕ੍ਰਿਸ਼ਨ ਹੈ, ਉਮਰ 52 ਕੁ ਸਾਲ ਹੈ। ਮੈਂ, ਮੇਰੀ ਪਤਨੀ ਅਤੇ ਬੇਟਾ ਮਜ਼ਦੂਰੀ ਕਰਕੇ ਕਿਰਾਏ ਦੇ ਮਕਾਨ ਵਿਚ ਰਹਿੰਦਿਆਂ ਆਪਣਾ ਗੁਜ਼ਾਰ ਕਰ ਰਹੇ ਸੀ। ਬੇਟੀ ਨੂੰ ਮਿਰਗੀ ਦੇ ਦੌਰੇ ਪੈਂਦੇ ਸਨ, ਜਿਸ ਕਰਕੇ ਉਹ ਘਰ ਹੀ ਰਹਿੰਦੀ ਸੀ। ਪਰ ਵਕਤ ਦੀ ਅਜਿਹੀ ਮਾਰ ਪਈ ਕਿ ਪਹਿਲਾਂ ਬੇਟੀ ਪੂਰੀ ਹੋ ਗਈ, ਫਿਰ ਦੋ ਸਾਲ ਬਾਅਦ ਪਤਨੀ ਦੀ ਮੌਤ ਹੋ ਗਈ ਅਤੇ 7-8 ਮਹੀਨੇ ਪਹਿਲਾਂ ਬੇਟੇ ਦੀ ਮੌਤ ਹੋ ਗਈ। ਫਿਰ ਤਾਂ ਮੈਂ ਟੁੱਟ ਹੀ ਗਿਆ, ਕੰਮ-ਕਾਜ ਵੀ ਛੁੱਟ ਗਿਆ, ਮਕਾਨ ਦਾ ਕਿਰਾਇਆ ਤੇ ਗੁਜ਼ਾਰਾ ਵੀ ਮੁਸ਼ਕਿਲ ਹੋ ਗਿਆ। ਅਖੀਰ ਮੈਂ ਸੜਕਾਂ ’ਤੇ ਰਹਿਣ ਲੱਗ ਪਿਆ। ਕਦੇ ਕੋਈ ਰੋਟੀ ਦੇ ਦਿੰਦਾ, ਤਾਂ ਖਾ ਲੈਂਦਾ, ਨਹੀਂ ਤਾਂ ਭੁੱਖਾ ਹੀ ਪਿਆ ਰਹਿੰਦਾ। ਇੱਕ ਦਿਨ ਸੜਕ ਪਾਰ ਕਰਨ ਲੱਗਿਆ, ਤਾਂ ਆਟੋ ਵਾਲਾ ਸਾਇਡ ਮਾਰ ਗਿਆ ਅਤੇ ਲੱਤ ’ਤੇ ਸੱਟ ਲੱਗ ਗਈ, ਜਿਸ ਨਾਲ ਤੁਰਨਾ-ਫਿਰਨਾ ਵੀ ਮੁਸ਼ਕਿਲ ਹੋ ਗਿਆ।

ਕੇਵਲ ਕ੍ਰਿਸ਼ਨ ਬਜ਼ੁਰਗ ਦੀ ਦੁੱਖਾਂ ਭਰੀ ਦਾਸਤਾਨ ਸੁਣਕੇ ਗਗਨਜੋਤ ਸਿੰਘ ਵੱਲੋਂ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿਚ ਫੋਨ ਕਰਕੇ ਸਾਰੀ ਕਹਾਣੀ ਦੱਸੀ ਗਈ, ਤਾਂ ਆਸ਼ਰਮ ਦੇ ਸੇਵਾਦਾਰਾਂ ਵੱਲੋਂ ਬਜ਼ੁਰਗ ਕੇਵਲ ਕ੍ਰਿਸ਼ਨ ਨੂੰ ਆਸ਼ਰਮ ਵਿਚ ਲਿਆਂਦਾ ਗਿਆ। ਇੱਥੇ ਇਸਨੂੰ ਲੋੜੀਂਦੀ ਮੈਡੀਕਲ ਸਹੂਲਤ, ਮੰਜਾ-ਬਿਸਤਰਾ ਅਤੇ ਹੋਰ ਜ਼ਰੂਰਤ ਦਾ ਸਮਾਨ ਵੀ ਦਿੱਤਾ ਗਿਆ। ਇਸਦਾ ਇਲਾਜ਼ ਵੀ ਸ਼ੁਰੂ ਹੋ ਗਿਆ ਹੈ। ਉਮੀਦ ਕਰਦੇ ਹਾਂ ਕਿ ਆਉਣ ਵਾਲੇ ਦਿਨਾਂ ਵਿਚ ਇਹ ਠੀਕ ਹੋ ਕੇ ਆਪਣੀ ਆਉਣ ਵਾਲੀ ਜ਼ਿੰਦਗੀ ਵਧੀਆ ਬਤੀਤ ਕਰ ਸਕੇਗਾ।

ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿਚ ਦੋ ਸੌ ਪੰਤਾਲੀ (245) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ, ਜਿਨ੍ਹਾਂ ਵਿਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲੈਣ ਲਈ ਮੋਬਾਇਲ 95018-42505, ਵੱਟਸਐਪ 95018-42506 ’ਤੇ ਸੰਪਰਕ ਕੀਤਾ ਜਾ ਸਕਦਾ ਹੈ।



ਕੇਵਲ ਕ੍ਰਿਸ਼ਨ ਨੂੰ ਚੁੱਕਦੇ ਹੋਏ ਆਸ਼ਰਮ ਦੇ ਸੇਵਾਦਾਰ ਹਰਮਿੰਦਰ ਸਿੰਘ

## ਸੱਭਿਅਤਾ ਦੀ ਨਵੀਂ ਸਵੇਰ

ਇਹ ਕਹਾਣੀ,
ਕਈ ਹਜ਼ਾਰ ਕਰੋੜ, ਅਰਬ, ਖਰਬ ਵਰ੍ਹੇ,
ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ!!!
ਕਾਲ ਦੇ ਚੱਕਰ 'ਚ,
ਦ੍ਰਿਸ਼ਟੀ,
ਇਸਦੇ ਨਾਲ ਹੀ ਤੁਰਦੀ ਰਹੀ ਸੀ!!!
ਦ੍ਰਿਸ਼ਟੀ ਵਿੱਚ,
ਦ੍ਰਿਸ਼ ਤੇ ਚਿੰਤਨ,
ਗਤੀ ਤੇ ਮੰਥਨ,
ਦਾ ਰਿਸ਼ਤਾ ਜਦੋਂ ਬਣਿਆਂ,
ਸੂਰਜ ਦੇ ਸੌਂਹੇਂ ਹੀ, ਗਿਆਨ ਦਾ
ਇਕ ਹੋਰ ਸੂਰਜ ਚੜ੍ਹ ਪਿਆ।
ਮਨੁੱਖ ਜਨਮ-ਕਾਲ ਤੋਂ ਹੀ ਸ਼ਿਲਪੀ ਸੀ,
ਜੁਗਤੀ ਸੀ,
ਉਸ ਨੇ ਸ਼ਬਦ ਘੜ ਲਏ!
ਸ਼ਬਦਾਂ ਵਿੱਚ,
ਕਲਪਨਾਂ ਨੇ,

ਸਦਿੱਸ ਤੇ ਅਦਿੱਸ,
ਉੱਡਦੇ ਜੁਗਨੂੰ ਫੜ ਲਏ!!!
ਪਿੰਡ ਤੇ ਬ੍ਰਹਮੰਡ ਦੇ,
ਹਰ ਖੰਡ ਦੇ,
ਵਿਸ਼ੇਸ਼ ਨਾਮ ਧਰ ਲਏ!!!
ਅੱਲਾ, ਈਸ਼ਵਰ ਤੇ ਸਭ ਫਲਸਫੇ,
ਸ਼ਬਦਾਂ 'ਚ ਧਰ ਲਏ,
ਮੁੱਠੀ 'ਚ ਵਿਗਿਆਨ ਫੜ ਲਏ!!!
ਇਸ ਤਰ੍ਹਾਂ ਇਹ ਕਹਾਣੀ,
ਜਦੋਂ ਵੀ,
ਉਸ ਦੀ ਬੁੱਧੀ ਨੇ,
ਤੁਰਦੀ, ਤੁਰਦੀ,
ਵਿੱਚ ਵਿਚਾਲਿਓਂ ਹੀ ਫੜੀ ਸੀ,
ਵਿਸ਼ਵ ਉੱਤੇ ਸੱਭਿਅਤਾ ਦੀ,
ਇਕ ਨਵੀਂ ਸਵੇਰ ਚੜ੍ਹੀ ਸੀ!!!

-ਰਵਿੰਦਰ ਰਵੀ, ਕੈਨੇਡਾ
250-635-4455



ਪੰਜਾਬ ਮੇਲ USA

## ਜਿਊਣ ਦਾ ਢੰਗ

ਜ਼ਿੰਦਗੀ ਦਾ ਕੋਈ ਹੁਸੀਨ ਗੀਤ ਲਿਖ।
ਹੱਸਦੀ ਗਾਉਂਦੀ, ਨੱਚਦੀ ਪਰੀਤ ਲਿਖ।

ਧਰਮਾਂ, ਜਾਤਾਂ ਪਾਤਾਂ ਦੇ ਪੰਗੇ ਨਾ ਲਿਖ।
ਫਿਰਕਾਪ੍ਰਸਤੀ ਦੇ ਹੁੰਦੇ ਦੰਗੇ ਨਾ ਲਿਖ।

ਨੇਤਾਵਾਂ ਦੀ ਨਿੱਤ ਨਵੀਂ ਬਾਜ਼ੀ ਨਾ ਲਿਖ।
ਹੁੰਦੀ ਸਿਆਸੀ ਤਿੱਕੜਮਬਾਜ਼ੀ ਨਾ ਲਿਖ।

ਉਸਾਰੂ ਸੋਚ ਉੱਤੇ ਚੱਲਦੀ ਗੱਲ ਲਿਖ।
ਲੋਕਾਂ ਦੀਆਂ ਮੁਸ਼ਕਲਾਂ ਦਾ ਹਲ ਲਿਖ।

ਢਹਿੰਦੇ ਸਮਾਜ ਦੀ ਡਿੱਗੀ ਕੰਧ ਲਿਖ।
ਮਸੂਮਾਂ ਦੇ ਗਲ਼ ਵਿਚ ਪਈ ਫੰਧ ਲਿਖ।

ਜ਼ਿੰਦਗੀ ਦੀ ਕਹਾਣੀ ਲਹੂ ਨਾਲ ਲਿਖ।
ਸੰਤਾਪ ਨਾ ਹੰਢਾ ਤੂੰ ਜਰਾ ਜਿਉਣਾ ਸਿੱਖ।

ਮਾਰੇਂਗਾ ਭੁੱਬਾਂ ਫਿਰ ਰਹਿ ਜਾਏਗਾ ਇੱਕ।
ਗਮਾਂ ਨੂੰ ਮਾਰਨਾ ਹਾਸਿਆਂ ਨਾਲ ਸਿੱਖ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲ USA

## ਤੱਤੀ ਤਵੀ 'ਤੇ ਬੈਠ ਗਏ, ਗੁਰੂ ਅਰਜਨ ਦੇਵ ਪਿਆਰੇ

ਗੋਇੰਦਵਾਲ ਵਿੱਚ ਜਨਮ ਧਾਰ ਕੇ, ਧਰਤੀ ਨੂੰ ਭਾਗ ਲਗਾਏ।
ਪਿਤਾ ਸਤਿਗੁਰੂ ਰਾਮਦਾਸ ਜੀ, ਤੇ ਮਾਂ ਭਾਨੀ ਜੀ ਦੇ ਜਾਏ।

ਨਾਨਾ ਸਤਿਗੁਰੂ ਅਮਰਦਾਸ ਜੀ ਬਾਲਕ ਚੋਜ ਦਿਖਾਰੇ---
ਤੱਤੀ ਤਵੀ 'ਤੇ ਬੈਠ ਗਏ, ਗੁਰੂ ਅਰਜਨ ਦੇਵ ਪਿਆਰੇ।

ਖੇਲ ਅੱਗੇ ਜਦ ਸੀ ਖੇਡੀ, ਦਿਲ ਦੇ ਨਾਲ ਦਿਲ ਮਿਲਿਆ,
ਹੱਥ ਪਾਇਆ ਜਾਂ ਪਲਗੇ ਤਾਈ, ਪਲਗਾ ਸਾਰਾ ਹਿੱਲਿਆ,

ਦੋਹਤਾ ਬਾਣੀ ਕਾ ਬੋਹਿਥਾ ਸਤਿਗੁਰ, ਐਸੇ ਬਚਨ ਉਚਾਰੇ।
ਤੱਤੀ ਤਵੀ 'ਤੇ ਬੈਠ ਗਏ, ਗੁਰੂ ਅਰਜਨ ਦੇਵ ਪਿਆਰੇ।

ਅੰਮ੍ਰਿਤਸਰ ਵਿੱਚ ਆ ਕੇ ਸਤਿਗੁਰੂ, ਸੇਵਾ ਕੀਤੀ ਭਾਰੀ।
ਸੰਤੋਖ ਸਰੋਵਰ ਬਣਾ ਕੇ, ਕੀਤੀ ਅੰਮ੍ਰਿਤਸਰ ਦੀ ਤਿਆਰੀ।

ਜੋਗੀ ਮੁਕਤ ਕਰਾਇਆ ਜਿਸ ਨੇ, ਕੀਤੇ ਤਪ ਸੀ ਭਾਰੇ।
ਤੱਤੀ ਤਵੀ 'ਤੇ ਬੈਠ ਗਏ, ਗੁਰੂ ਅਰਜਨ ਦੇਵ ਪਿਆਰੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਇੱਕ ਥਾਂ ਇਕੱਠੀ ਕਰਕੇ।
ਭਾਈ ਗੁਰਦਾਸ ਲਿਖਾਰੀ ਲਾਇਆ, ਬਾਣੀ ਆਪ ਉਚਰਕੇ।

ਬਾਬਾ ਬੁੱਢਾ ਜੀ ਗ੍ਰੰਥੀ ਲਾਏ, ਵਿੱਚ ਹਰਿਮੰਦਰ ਨਿਆਰੇ।
ਤੱਤੀ ਤਵੀ 'ਤੇ ਬੈਠ ਗਏ, ਗੁਰੂ ਅਰਜਨ ਦੇਵ ਪਿਆਰੇ।

ਭਾਈ ਮੰਝ ਸੇਵਾ ਵਿੱਚ ਲਾਇਆ, ਖੂਹ ਵਿੱਚੋਂ ਵੀ ਕੱਢਿਆ।
ਬਿਧੀ ਚੰਦ ਨੇ ਸੇਵਾ ਕਰਕੇ, ਜਮਾਂ ਦਾ ਫਾਹਾ ਵੱਢਿਆ।

ਰੋਮ ਰੋਮ ਵਿੱਚ ਸਿਮਰਨ ਕਰਦੇ, ਭਾਈ ਬੰਨੋ ਤੋਂ ਵਾਰੇ।
ਤੱਤੀ ਤਵੀ 'ਤੇ ਬੈਠ ਗਏ, ਗੁਰੂ ਅਰਜਨ ਦੇਵ ਪਿਆਰੇ।

ਚੰਦੂ ਦੁਸ਼ਟ ਨੇ ਕੀਤੀ ਚੁਗਲੀ, ਜਹਾਂਗੀਰ ਕੰਨ ਭਰਿਆ।
ਗੁਰੂ ਅਰਜਨ ਨੇ ਲੱਖੂ ਧਾੜਵੀ, ਪੂਰਾ ਸੰਤ ਸੀ ਕਰਿਆ।

2 ਲੱਖ ਜੁਰਮਾਨਾ ਲਾਇਆ ਆਪਣੇ ਦੁਸ਼ਟ ਕਰਾਰੇ।
ਤੱਤੀ ਤਵੀ 'ਤੇ ਬੈਠ ਗਏ, ਗੁਰੂ ਅਰਜਨ ਦੇਵ ਪਿਆਰੇ।

ਗੁਰੂ ਅਰਜਨ ਨੂੰ ਗੱਦੀ ਦੇ ਕੇ, ਚਾਲਾ ਲਾਹੌਰ ਨੂੰ ਪਾਇਆ।
ਪੰਜ ਗੁਰੂ ਸਿੱਖ ਨਾਲ ਗਏ, ਸੀ ਪੂਰਾ ਸਾਥ ਨਿਭਾਇਆ।

ਰਿਸ਼ਤਾ ਲਓ ਜਾਂ ਸ਼ਹੀਦ ਹੋ ਜਾਉ, ਚੰਦੂ ਬੋਲ ਉਚਾਰੇ।
ਤੱਤੀ ਤਵੀ 'ਤੇ ਬੈਠ ਗਏ, ਗੁਰੂ ਅਰਜਨ ਦੇਵ ਪਿਆਰੇ।

ਸਾਈਂ ਦਾਸ ਤੇ ਸਿਧ ਪੁਰਸ਼ਾਂ ਨੇ, ਕੀਤੀ ਆਣ ਅਰਜੋਈ।
ਪਿਰਾਗਾ ਆਖੇ ਇਟ ਨਾਲ ਇਟ ਖੜਕਾ, ਕਰਦਾ ਨਾਸ ਲਕੋਈ।

ਬਲਵਿੰਦਰ ਸਿੰਘ ਸਿਰ ਚਰਨੀ ਰੱਖਕੇ, ਗੁਰ ਬੰਦਨਾ ਵਾਰੇ ਵਾਰੇ।
ਤੱਤੀ ਤਵੀ 'ਤੇ ਬੈਠ ਗਏ, ਗੁਰੂ ਅਰਜਨ ਦੇਵ ਪਿਆਰੇ।

- ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ
ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ।
88728-11128



ਪੰਜਾਬ ਮੇਲ USA

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ

ਤੱਤੀ ਤੱਤੀ ਹਵਾ ਚੱਲੇ, ਤੱਤਾ ਸਭ ਕੁਝ, ਤੱਤੇ ਬੋਲ ਚੰਦੂ ਦੇ,
ਅੱਗ ਵਾਂਗ ਅੱਖਾਂ 'ਚੋਂ ਅੰਗਾਰੇ ਸੁੱਟਦਾ, ਐਸੇ ਰੋਲ ਚੰਦੂ ਦੇ,
ਸੂਰਜ ਨੂੰ ਲਾ ਕੇ ਕਹਿੰਦਾ ਰੱਤ ਪੀਸ ਲਓ, ਪਾਓ ਸੀਸ ਗੁਰੂ ਦੇ,
ਇੱਕ ਇੱਕ ਸ਼ਰਤ ਮਨਾ ਕੇ ਛੱਡਣੀ, ਐਸੀ ਦਿਓ ਚੀਸ ਗੁਰੂ ਦੇ।
ਸ਼ਹਿਰ ਲਾਹੌਰ ਅੱਗ ਵਾਂਗ ਤਪਦਾ, ਸਾਰੇ ਹੀ ਜਹਾਨ ਤੋਂ,
ਤੀਨ ਮਨਵਾਉਣਾ ਇਹ ਦੁਸ਼ਟ ਚਾਹੁੰਦੇ ਸੀ, ਗੁਰੂ ਜੀ ਮਹਾਨ ਤੋਂ,
ਡੁੱਲੇ ਨਾਹੀ ਖ਼ੂਨ, ਕਨੂੰਨ ਜਾਸਾ ਅਪਣਾਓ, ਐਸੀ ਦਿਓ ਸਜ਼ਾ ਜੀ,
ਆਖਦਾ ਹੈ ਚੰਦੂ ਦੀ ਤੜਫ ਦੇਖ ਕੇ, ਮੈਨੂੰ ਆਓ ਮਜਾ ਜੀ।
ਖੁਸਰੋ ਦੀ ਕੀਤੀ ਹੈ ਸਹਾਇਤਾ ਏਸ ਨੇ, ਬਾਗੀ ਸਰਕਾਰ ਦਾ,
ਹੋਰ ਵੀ ਚੁਗਲ ਕਈ ਜਹਾਂਗੀਰ ਤਾਂਈ, ਚੰਦੂ ਹੈ ਉਚਾਰ ਦਾ,
ਰਾਮਦਾਸ ਪੁਰ ਵਿੱਚ ਗੁਰਾਂ ਰੱਖੇ ਨੇ, ਆਖਦਾ ਹੈ ਚੋਰ ਜੀ,
ਮੁੜ ਕੇ ਨਾ ਕਰੇ ਐਸੀ ਈਨ ਮਨਵਾਓ, ਸੱਦ ਕੇ ਲਾਹੌਰ ਜੀ।
ਮੋੜਿਆ ਧੀ ਮੇਰੀ ਦਾ ਹੈ ਸਾਕ ਜੋ, ਬਦਲਾ ਮੈਂ ਲੈਣਾ ਹੈ,
ਵੈਰੀ ਮੇਰੇ ਦਾ ਜੇ ਨਾਂ ਲਿਆ ਬਦਲਾ, ਤਾਂ ਚੰਦੂ ਕੀਨੇ ਕਹਿਣਾ ਹੈ,
ਇੱਕ ਇੱਕ ਗੱਲ ਮੰਨਵਾ ਕੇ ਛੱਡਣੀ, ਕਰਕੇ ਮੈਂ ਕੈਦ ਜੀ,
ਐਸੇ ਦਿਉਂ ਜ਼ਖਮ ਮੈਂ ਗੁੱਝੇ ਉਸ ਨੂੰ, ਨਾ ਠੀਕ ਕਰੇ ਵੈਦ ਜੀ।
ਭੇਜ ਪਰਵਾਨਾ ਗੁਰੂ ਸਾਹਿਬ ਵੱਲੇ, ਸੱਦੇ ਨੇ ਲਾਹੌਰ ਜੀ,
ਪੰਜ ਸਿੰਘ ਗੁਰੂ ਸਾਹਿਬ ਨਾਲ ਆਏ ਨੇ, ਸਿੱਖੀ ਸਰਮੌਰ ਜੀ,
2 ਲੱਖ ਆਖਦੇ ਨੇ ਭਰੋ ਜੁਰਮਾਨਾ, ਜਾਂ ਫਿਰ ਮੰਨੋਂ ਈਨ ਨੂੰ,
ਮੁਸਲਮ ਬਣੋ ਰਾਜ ਭਾਗ ਮਾਣੋਗੇ, ਛੱਡੋ ਧਰਮ ਦੀਨ ਨੂੰ।
ਆਖਦੇ ਨੇ ਗੁਰੂ ਅਸੀਂ ਮੁੱਕ ਜਾਵਾਂਗੇ, ਝੁਕਣਾ ਕਬੂਲ ਨਹੀ,
ਜ਼ੁਲਮ ਦੇ ਅੱਗੇ ਗੋਡੇ ਟੇਕ ਦੇਣਾ, ਸਿੱਖੀ ਤੇ ਅਸੂਲ ਨਹੀਂ,
ਜੂਝਣਾ ਹੈ ਸਦਾ ਹੱਕ ਅਤੇ ਸੱਚ ਲਈ, ਰਹਿੰਦੀ ਜਿੰਦ ਜਾਨ ਜੀ,
ਮੁਸਲਿਮ ਬਣ ਕਿਹੜਾ ਦੱਸੋ ਸੱਚ ਬਈ, ਨਾ ਛੱਡਣਾ ਜਹਾਨ ਜੀ।
ਦੇਗ ਇੱਕ ਭਰ ਪਾਣੀ ਨੂੰ ਉਬਾਲਿਆ, ਚੰਦੂ ਰੀਝ ਨਾਲ ਜੀ,
ਦੇਗ 'ਚ ਬਿਠਾਕੇ ਗੁਰੂ, ਹੇਠਾਂ ਸੇਕ ਵਾਲਦਾ, ਕਰ ਅੱਖਾਂ ਲਾਲ ਜੀ,
ਵਾਹਿਗੁਰੂ ਵਾਹਿਗੁਰੂ ਮੁਖੋਂ ਆਖਦੇ, ਰੱਬ ਦੇ ਪਿਆਰੇ ਨੇ,
ਕੌਣ ਡੁਲਾਉਣ ਵਾਲਾ, ਇਹਨਾਂ ਨੂੰ ਜੱਗ 'ਤੇ, ਚੋਜ ਹੀ ਨਿਆਰੇ ਨੇ।
ਫਿਰ ਇੱਕ ਲੋਹ ਲੈ ਕੇ ਲਾਲ ਕਰ ਲਈ, ਚੰਦੂ ਨਾਲ ਅੱਗ ਦੇ,
ਉਪਰ ਬਿਠਾਓ ਆਖਦਾ ਹੈ ਗੁਰਾਂ ਨੂੰ, ਜੋ ਗੁਰੂ ਸਾਰੇ ਜੱਗ ਦੇ,
ਰੇਤ ਪਾਓ ਸੀਸ ਵਿੱਚ ਅੱਗ ਵਾਂਗ ਮੱਚਦੀ, ਕਰੋ ਭੋਰਾ ਢਿਲ ਨਾ,
ਦੇਖ ਕੇ ਕਹਿਰ ਹੈ ਜੋ ਕੰਬਿਆ ਨਾ ਹੋਵੇ, ਐਸਾ ਕੋਈ ਦਿਲ ਨਾ।
ਤਪਦਾ ਮਹੀਨਾ ਜੇਠ, ਤਪਦਾ ਹੈ ਚੰਦੂ, ਤਪਦੀ ਹੈ ਰੇਤ ਜੀ,
ਅੱਗ ਤੱਤੀ ਤਵੀ, ਮੂਲ ਨਾਲੋਂ ਜ਼ਿਆਦਾ, ਲੋ ਤੱਤੀ ਵੀ ਸਮੇਤ ਜੀ,
ਤੱਤੀ ਸੋਚ, ਤੱਤੀ ਗੱਲ, ਤੱਤੀ ਹੈ ਹਕੂਮਤ, ਤੱਤੇ ਬੋਲ ਆਖਦੇ,
ਇੰਨੇ ਸੇਕ ਵਿੱਚ ਠੰਡੇ ਸੱਚੇ ਪਾਤਸ਼ਾਹ, ਨੇ ਅਡੋਲ ਆਖਦੇ।
ਤੇਰਾ ਕੀਆ ਮੀਠਾ ਲਾਗੈ, ਮੁੱਖੋਂ ਆਖਦੇ ਗੁਰੂ ਵਾਰ ਵਾਰ ਜੀ,
ਚੁੱਕੇ ਨਹੀਓ, ਹੋ ਗਏ ਨੇ ਸ਼ਹੀਦ ਗੁਰੂ ਜੀ, ਝੁਕਾਈ ਸਰਕਾਰ ਜੀ,
ਸ਼ਹੀਦਾਂ ਦੇ ਸਰਤਾਜ ਅਰਜਨ ਦੇਵ ਗੁਰੂ, ਆਖਦੀ ਲੁਕਾਈ ਜੀ,
ਚੁੱਕ ਕੇ ਕਲਮ "ਫਰਵਾਹੀ ਸਤਪਾਲ" ਨੇ ਕਵਿਤਾ ਬਣਾਈ ਜੀ।

-ਗਿਆਨੀ ਸਤਪਾਲ ਸਿੰਘ ਫਰਵਾਹੀ
ਚੌਰ ਬਰਦਾਰ,
ਸੱਚਖੰਡ ਸ੍ਰੀ ਹਰਿਮੰਦਰ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ
98147-32793



ਪੰਜਾਬ ਮੇਲ USA

# PUNJAB MAIL USA

TV Channel, Newspaper, Radio




24 Hours 7 Days

## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**





## FOR SALE & PURCHASE OF ANY KIND OF PROPERTY

RE/MAX



RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**